@Qpatrika @qaumipatrika punjabi instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 24 September 2026

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਵੀਰਵਾਰ 24 ਸਤੰਬਰ 2026, 10 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 321, qpatrika@gmail.com ਫੋਨ : 9971359517 www.qaumipatrika.org

# ਲੜਾਈ ਸਿਰਫ਼ ਮਮਤਾ ਬੈਨਰਜੀ ਦੀ ਨਹੀਂ, ਨਿਰਪੱਖ ਚੋਣਾਂ ਚਾਹੁਣ ਵਾਲੇ ਹਰ ਦਲ ਦੀ ਹੈ : ਰਾਹੁਲ ਗਾਂਧੀ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 23 ਸਤੰਬਰ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਤ੍ਰਿਣਮੂਲ ਕਾਂਗਰਸ ਦੇ ਨਾਂ ਅਤੇ ਚੋਣ ਚਿੰਨ੍ਹ ਦੇ ਇਸਤੇਮਾਲ 'ਤੇ ਰੋਕ ਲਗਾਏ ਜਾਣ ਦਾ ਮੁੱਦਾ ਸਿਰਫ਼ ਪੱਛਮੀ ਬੰਗਾਲ ਦੀ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਲੜਾਈ ਨਹੀਂ ਹੈ ਸਗੋਂ ਇਹ ਹਰ ਉਸ ਸਿਆਸੀ ਦਲ ਅਤੇ ਵੋਟਰ ਦੀ ਹੈ, ਜੋ ਆਜ਼ਾਦ ਅਤੇ ਨਿਰਪੱਖ ਚੋਣਾਂ ਚਾਹੁੰਦਾ ਹੈ। ਉਨ੍ਹਾਂ ਇਹ ਦਾਅਵਾ ਵੀ ਕੀਤਾ,"ਵੋਟ ਚੋਰੀ। ਸਰਕਾਰ ਚੋਰੀ। ਹੁਣ ਪਾਰਟੀ ਚੋਰੀ, ਇਹ ਸਾਡੇ ਲੋਕਤੰਤਰੀ ਪਤਨ ਦੇ ਪ੍ਰਤੀਕ ਬਣ ਗਏ ਹਨ।" ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਇਹ ਲੜਾਈ ਸਿਰਫ਼ ਮਮਤਾ ਬੈਨਰਜੀ ਜੀ ਦੀ ਨਹੀਂ ਹੈ। ਇਹ ਹਰ ਸਿਆਸੀ ਦਲ, ਹਰ ਵੋਟਰ ਦੀ ਲੜਾਈ ਹੈ, ਜੋ ਆਜ਼ਾਦ ਅਤੇ ਨਿਰਪੱਖ ਚੋਣਾਂ ਚਾਹੁੰਦਾ ਹੈ।" ਉਨ੍ਹਾਂ ਦੋਸ਼ ਲਗਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਚੋਣ ਕਮਿਸ਼ਨ ਮਿਲ ਕੇ ਸਿਆਸੀ ਦਲਾਂ ਨੂੰ ਤੋੜਨ ਅਤੇ ਉਨ੍ਹਾਂ ਦੇ ਚੋਣ



ਚਿੰਨ੍ਹ ਖੋਹਣ ਦਾ ਕੰਮ ਕਰ ਰਹੇ ਹਨ। ਕਾਂਗਰਸ ਨੇਤਾ ਨੇ ਕਿਹਾ,"ਪਹਿਲਾਂ ਸ਼ਿਵ ਸੈਨਾ, ਫਿਰ ਰਾਸ਼ਟਰਵਾਦੀ ਕਾਂਗਰਸ ਪਾਰਟੀ ਅਤੇ ਹੁਣ ਤ੍ਰਿਣਮੂਲ ਕਾਂਗਰਸ। ਹਰ ਵਾਰ ਇਕ ਹੀ ਪੈਟਰਨ- ਭਾਜਪਾ ਅਤੇ ਚੋਣ ਕਮਿਸ਼ਨ ਮਿਲ ਕੇ ਇਕ ਪਾਰਟੀ ਨੂੰ ਤੋੜਦੇ ਹਨ। ਫਿਰ ਉਸ ਦਾ ਚੋਣ ਚਿੰਨ੍ਹ ਖੋਹ ਲਿਆ ਜਾਂਦਾ ਹੈ।" ਉਨ੍ਹਾਂ ਕਿਹਾ,"ਜਦੋਂ ਪੂਰੀ ਦੀ ਪੂਰੀ ਪਾਰਟੀ ਚੋਰੀ ਹੋ ਸਕਦੀ ਹੈ ਤਾਂ ਕਰੋੜਾਂ ਭਾਰਤੀਆਂ ਦੇ ਵੋਟ ਚੋਰੀ ਹੋਣਾ ਵੀ ਹੈਰਾਨੀ ਦੀ ਗੱਲ ਨਹੀਂ।" ਉਨ੍ਹਾਂ ਨੇ ਚੋਣ ਕਮਿਸ਼ਨ ਦੀ ਭੂਮਿਕਾ 'ਤੇ ਸਵਾਲ ਚੁੱਕਦੇ ਹੋਏ ਕਿਹਾ,"ਕਮਿਸ਼ਨ ਦੀ ਸੰਵਿਧਾਨਕ ਜ਼ਿੰਮੇਵਾਰੀ ਜਨਾਦੇਸ਼ ਦੀ ਰੱਖਿਆ ਕਰਨਾ ਹੈ ਪਰ ਉਲਟਾ ਉਹ ਉਨ੍ਹਾਂ ਤਾਕਤਾਂ ਦੀ ਮਦਦ ਕਰ ਰਿਹਾ ਹੈ, ਜੋ ਜਨਤਾ ਦੇ ਫੈਸਲੇ ਨੂੰ ਹੀ ਪਲਟ ਦਿੰਦੇ ਹਨ।" ਚੋਣ ਕਮਿਸ਼ਨ ਨੇ ਤ੍ਰਿਣਮੂਲ ਕਾਂਗਰਸ ਦੇ ਦੋਵਾਂ ਧਿਰਾਂ ਨੂੰ ਪੱਛਮੀ ਬੰਗਾਲ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਜ਼ਿਮਨੀ ਚੋਣਾਂ ਦੌਰਾਨ ਪਾਰਟੀ ਦੇ ਨਾਂ ਅਤੇ 'ਜੋੜਾ ਫੁੱਲ' ਚੋਣ ਚਿੰਨ੍ਹ ਦਾ ਇਸਤੇਮਾਲ ਨਾ ਕਰਨ ਦਾ ਵੀਰਵਾਰ ਨੂੰ ਨਿਰਦੇਸ਼ ਦਿੱਤਾ। ਕਮਿਸ਼ਨ ਨੇ ਦੋਵਾਂ ਧਿਰਾਂ ਤੋਂ ਸ਼ੁੱਕਰਵਾਰ ਸਵੇਰ ਤੱਕ ਆਪਣੀ ਪਸੰਦ ਦੇ ਨਾਂ ਅਤੇ ਚੋਣ ਚਿੰਨ੍ਹ ਸੌਂਪਣ ਲਈ ਵੀ ਕਿਹਾ ਹੈ।

## ਜਹਾਜ਼ਾਂ ਦੀ ਟੱਕਰ ਦੇ ਸੰਬੰਧ 'ਚ ਪਾਕਿਸਤਾਨ ਦੇ ਦੋਸ਼ਾਂ ਨੂੰ ਭਾਰਤ ਨੇ ਕੀਤਾ ਖਾਰਜ

ਕੌਮੀ ਪਤ੍ਰਿਕਾ

ਨਵੀਂ ਦਿੱਲੀ 23 ਸਤੰਬਰ। ਭਾਰਤ ਨੇ ਅਰਬ ਸਾਗਰ 'ਚ ਇਕ ਪਾਕਿਸਤਾਨੀ ਜਹਾਜ਼ ਅਤੇ ਭਾਰਤੀ ਜਲ ਸੈਨਾ ਦੇ ਜੰਗੀ ਬੇੜੇ ਵਿਚਾਲੇ ਹੋਈ ਟੱਕਰ ਬਾਰੇ ਇਸਲਾਮਾਬਾਦ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ। ਨਵੀਂ ਦਿੱਲੀ ਨੇ ਬੁੱਧਵਾਰ ਨੂੰ ਪਾਕਿਸਤਾਨ ਦੇ ਦੂਤਘਰ ਇੰਚਾਰਜ ਨੂੰ ਤਲਬ ਕੀਤਾ ਸੀ ਅਤੇ ਪਾਕਿਸਤਾਨੀ ਜਲ ਸੈਨਾ ਦੇ ਜਹਾਜ਼ ਦੇ 'ਅਸਵੀਕਾਰਯੋਗ ਵਿਵਹਾਰ' 'ਤੇ ਸਖ਼ਤ ਵਿਰੋਧ ਦਰਜ ਕਰਵਾਇਆ, ਜਿਸ ਕਾਰਨ ਇਹ ਟੱਕਰ ਹੋਈ। ਭਾਰਤੀ ਪੱਖ ਅਨੁਸਾਰ, ਇਹ ਘਟਨਾ ਮੰਗਲਵਾਰ ਰਾਤ ਨੂੰ ਹੋਈ, ਜਦੋਂ ਪਾਕਿਸਤਾਨੀ ਜਹਾਜ਼ ਉੱਤਰੀ ਅਰਬ ਸਾਗ 'ਚ ਨਿਯਮਿਤ ਨਿਗਰਾਨੀ ਮਿਸ਼ਨ 'ਤੇ ਤਾਇਨਾਤ ਭਾਰਤੀ ਜਲ ਸੈਨਾ ਦੇ ਮੋਹਰੀ ਮੋਰਚੇ ਦੇ ਜੰਗੀ ਜਹਾਜ਼ ਦੇ ਕਰੀਬ ਆ ਗਿਆ। ਪਾਕਿਸਤਾਨ ਦੇ ਵਿਦੇਸ਼ ਮੰਤਰਾਲਾ ਨੇ ਦੋਸ਼ ਲਗਾਇਆ ਸੀ ਕਿ ਇਹ ਘਟਨਾ ਪਾਕਿਸਤਾਨ ਦੇ ਵਿਸ਼ੇਸ਼ ਆਰਥਿਕ ਖੇਤਰ (ਐੱਸਈਜ਼ੈੱਡ) 'ਚ ਭਾਰਤੀ ਜਹਾਜ਼ ਦੀ 'ਬੇਹੱਦ ਉਕਸਾਵੇ ਵਾਲੀ ਅਤੇ ਅਸਵੀਕਾਰਯੋਗ ਕਾਰਵਾਈ' ਤੋਂ ਬਾਅਦ ਹੋਈ। ਵਿਦੇਸ਼ ਮੰਤਰਾਲਾ ਦੇ ਅਰਬ ਸਾਗਰ 'ਚ ਨਿਯਮਿਤ ਤਾਇਨਾਤੀ 'ਤੇ ਸੀ, ਉਦੋਂ ਪਾਕਿਸਤਾਨੀ ਜਲ ਸੈਨਾ ਦੇ ਜਹਾਜ਼ 'ਹੁਨੈਨ' ਨੇ ਸਮੁੰਦਰ 'ਚ 'ਅਸਵੀਕਾਰਯੋਗ ਅਤੇ ਗੈਰ ਪੇਸ਼ੇਵਰ ਤਰੀਕੇ' ਨਾਲ ਵਿਵਹਾਰ



ਬੁਲਾਰੇ ਰਣਧੀਰ ਜਾਇਸਵਾਲ ਨੇ ਆਪਣੀ ਨਿਯਮਿਤ ਪ੍ਰੈੱਸ ਕਾਨਫਰੰਸ 'ਚ ਕਿਹਾ,"ਸਾਡੇ ਜਤਾਏ ਗਏ ਵਿਰੋਧ 'ਤੇ ਅਸੀਂ ਪਾਕਿਸਤਾਨ ਦੀ ਪ੍ਰਤੀਕਿਰਿਆ ਦੇਖੀ ਹੈ। ਇਹ ਉਹੀ ਟਾਲਮਟੋਲ ਵਾਲਾ ਰਵੱਈਆ ਹੈ, ਜਿਸ ਦੀ ਸਾਨੂੰ ਉਮੀਦ ਸੀ। ਅਸੀਂ ਉਸ 'ਚ ਸ਼ਾਮਲ ਦੋਸ਼ਾਂ ਅਤੇ ਇਸ਼ਾਰਿਆਂ ਨੂੰ ਖਾਰਜ ਕਰਦੇ ਹਾਂ।" ਉਨ੍ਹਾਂ ਕਿਹਾ ਕਿ ਭਾਰਤੀ ਜਹਾਜ਼ ਆਈਐੱਨਐੱਸ ਕੋਲਕਾਤਾ ਪੱਛਮੀ ਕੀਤਾ, ਜਿਸ ਦੇ ਨਤੀਜੇ ਵਜੋਂ ਟੱਕਰ ਹੋਈ। ਜਾਇਸਵਾਲ ਨੇ ਕਿਹਾ,ਪੀਐੱਨਐੱਸ ਹੁਨੈਨ ਦੁਆਰਾ ਖਤਰਨਾਕ ਓਵਰਟੇਕਿੰਗ ਕਰਨ ਦਾ ਕਦਮ ਅਪ੍ਰੈਲ 1991 'ਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਫ਼ੌਜ ਅਭਿਆਸ, ਯੁੱਧ ਅਭਿਆਸ ਅਤੇ ਸੈਨਿਕਾਂ ਦੀ ਆਵਾਜਾਈ ਬਾਰੇ ਅਗਾਊਂ ਸੂਚਨਾ ਦੇਣ ਲਈ ਹੋਏ ਸਮਝੌਤੇ ਦੀ ਧਾਰਾ 10 ਦੀ ਗੰਭੀਰ ਉਲੰਘਣਾ ਹੈ।

## ਮਹੂਆ ਮੋਇਤਰਾ ਦਾ ਦੋਸ਼-ਬੰਗਾਲ 'ਚ ਸ਼ਾਹ ਦੇ ਪ੍ਰੋਗਰਾਮਾਂ 'ਚ ਮੁਸਲਿਮ ਅਧਿਕਾਰੀਆਂ ਨਾਲ ਵਿਤਕਰਾ

ਕੋਲਕਾਤਾ 23 ਸਤੰਬਰ। ਤ੍ਰਿਣਮੂਲ ਕਾਂਗਰਸ ਸੰਸਦ ਮੈਂਬਰ ਮਹੂਆ ਮੋਇਤਰਾ ਨੇ ਘੱਟਗਿਣਤੀਆਂ ਨਾਲ ਸਬੰਧਤ ਮੁੱਦਿਆਂ 'ਤੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਰਿਪੋਰਟਰ (ਆਜ਼ਾਦ ਮਾਹਿਰ) ਨਾਲ ਸੰਪਰਕ ਕਰ ਕੇ ਦੋਸ਼ ਲਾਇਆ ਹੈ ਕਿ ਪੱਛਮੀ ਬੰਗਾਲ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦੌਰਿਆਂ ਦੌਰਾਨ ਸੀਨੀਅਰ ਮੁਸਲਿਮ ਆਈ. ਏ. ਐੱਸ. ਅਤੇ ਆਈ. ਪੀ. ਐੱਸ. ਅਧਿਕਾਰੀਆਂ ਨੂੰ ਉਨ੍ਹਾਂ ਦੇ ਧਰਮ ਕਾਰਨ ਅਧਿਕਾਰਤ ਪ੍ਰੋਗਰਾਮਾਂ ਤੋਂ ਬਾਹਰ ਰੱਖਿਆ ਗਿਆ। ਮੋਇਤਰਾ ਨੇ ਯੂ. ਐੱਨ. ਘੱਟਗਿਣਤੀ ਮਾਮਲਿਆਂ ਦੇ ਵਿਸ਼ੇਸ਼ ਦੂਤ ਪ੍ਰੋ. ਨਿਕੋਲਸ ਲੇਵ?ਰੈਟ ਨੂੰ ਪੱਤਰ ਭੇਜਿਆ ਹੈ। ਮੋਇਤਰਾ ਮੁਤਾਬਕ, ਦੂਜੇ ਧਰਮਾਂ ਦੇ ਅਫ਼ਸਰਾਂ ਨੂੰ ਪ੍ਰੋਗਰਾਮਾਂ



'ਚ ਸ਼ਾਮਲ ਹੋਣ ਦਿੱਤਾ ਗਿਆ। ਮਹੂਆ ਨੇ ਯੂ .ਐੱਨ. ਅਧਿਕਾਰੀ ਨੂੰ ਲਿਖਿਆ ਪੱਤਰ ਸੋਸ਼ਲ ਮੀਡੀਆ 'ਐਕਸ' 'ਤੇ ਸ਼ੇਅਰ ਕੀਤਾ ਹੈ ਅਤੇ ਸਰਕਾਰ ਤੋਂ ਜਵਾਬ ਮੰਗਣ ਦੀ ਅਪੀਲ ਕੀਤੀ ਹੈ। ਨਿਕੋਲਸ ਲੇਵ?ਰੈਟ ਨੂੰ ਲਿਖੇ ਪੱਤਰ 'ਚ ਮੋਇਤਰਾ ਨੇ ਦੋਸ਼ ਲਾਇਆ ਕਿ ਜੁਲਾਈ ਅਤੇ ਅਗਸਤ 'ਚ ਸ਼ਾਹ ਦੇ ਦੌਰਿਆਂ ਦੌਰਾਨ 3 ਮੌਕਿਆਂ 'ਤੇ 3 ਸੀਨੀਅਰ ਅਧਿਕਾਰੀਆਂ ਨੂੰ ਜਾਂ ਤਾਂ ਪ੍ਰੋਗਰਾਮ ਸਥਾਨ ਤੋਂ ਜਾਣ ਲਈ ਕਿਹਾ ਗਿਆ ਜਾਂ ਉਨ੍ਹਾਂ ਨੂੰ ਅਧਿਕਾਰਤ ਪ੍ਰੋਗਰਾਮਾਂ ਦੌਰਾਨ ਮੌਜੂਦ ਨਾ ਰਹਿਣ ਲਈ ਕਿਹਾ ਗਿਆ। ਮੋਇਤਰਾ ਨੇ ਪੱਤਰ 'ਚ ਕਿਹਾ, "ਇਨ੍ਹਾਂ ਤਿੰਨੋਂ ਅਧਿਕਾਰੀਆਂ 'ਚ ਇਕ ਗੱਲ ਸਮਾਨ ਹੈ ਅਤੇ ਇਹੋ ਗੱਲ ਉਨ੍ਹਾਂ ਨੂੰ ਉਨ੍ਹਾਂ ਸਹਿਕਰਮੀਆਂ ਤੋਂ ਵੱਖ ਕਰਦੀ ਹੈ ਜਿਨ੍ਹਾਂ ਨੂੰ ਪ੍ਰੋਗਰਾਮ ਦੌਰਾਨ ਮੌਜੂਦ ਰਹਿਣ ਦੀ ਇਜਾਜ਼ਤ ਦਿੱਤੀ ਗਈ ਸੀ-ਅਤੇ ਉਹ ਹੈ ਉਨ੍ਹਾਂ ਦਾ ਧਰਮ।" ਤ੍ਰਿਣਮੂਲ ਸੰਸਦ ਮੈਂਬਰ ਨੇ ਸਿਲੀਗੁੜੀ ਦੇ ਪੁਲਸ ਕਮਿਸ਼ਨਰ ਵਕਾਰ ਰਜ਼ਾ, ਪੱਛਮੀ ਬੰਗਾਲ ਪੁਲਸ ਦੇ ਵਿਸ਼ੇਸ਼ ਕਾਰਜ ਬਲ (ਐੱਸ. ਟੀ. ਐੱਫ.) ਦੇ ਮੁਖੀ ਜਾਵੇਦ ਸ਼ਮੀਮ ਅਤੇ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ. ਏ. ਐੱਸ.) ਦੇ ਸੀਨੀਅਰ ਅਧਿਕਾਰੀ ਖ਼ਲੀਲ ਅਹਿਮਦ ਦਾ ਜ਼ਿਕਰ ਕੀਤਾ।

## ਪਟਨਾ ਸਿਵਲ ਕੋਰਟ ਨੂੰ ਮੁੜ ਮਿਲੀ ਬੰਬ ਦੀ ਧਮਕੀ, ਪੁਲਸ ਨੇ ਤੁਰੰਤ ਖਾਲੀ ਕਰਵਾਈ ਇਮਾਰਤ

ਪਟਨਾ 23 ਸਤੰਬਰ। ਬਿਹਾਰ ਦੀ ਰਾਜਧਾਨੀ ਪਟਨਾ ਸਥਿਤ ਸਿਵਲ ਕੋਰਟ ਨੂੰ ਅੱਜ ਫਿਰ ਤੋਂ ਬੰਬ ਨਾਲ ਉਡਾਣ ਦੀ ਧਮਕੀ ਮਿਲੀ ਹੈ। ਧਮਕੇ ਦੇ ਮਿਲਣ ਤੋਂ ਬਾਅਦ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਇਮਾਰਤ ਨੂੰ ਖਾਲੀ ਕਰਵਾ ਲਿਆ ਗਿਆ। ਪਟਨਾ ਸਿਵਲ ਕੋਰਟ ਦੇ ਰਜਿਸਟਰਾਰ ਨੇ ਜ਼ਿਲ੍ਹਾ ਵਕੀਲਾਂ ਦੀ ਐਸੋਸੀਏਸ਼ਨ ਨੂੰ ਧਮਕੀ ਦੀ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਸੁਰੱਖਿਆ ਕਾਰਨਾਂ ਕਰਕੇ ਅਦਾਲਤੀ ਕੰਪਲੈਕਸ ਨੂੰ ਖਾਲੀ ਕਰਵਾ ਲਿਆ ਗਿਆ। ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਪੂਰੇ ਅਹਾਤੇ ਦੀ ਡੂੰਘਾਈ ਨਾਲ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ ਅਤੇ ਸੁਰੱਖਿਆ ਨੂੰ ਸਖ਼ਤ ਕਰ ਦਿੱਤਾ। ਜ਼ਿਕਰਯੋਗ ਹੈ ਕਿ ਪਟਨਾ ਸਿਵਲ ਕੋਰਟ ਨੂੰ ਪਹਿਲਾਂ ਵੀ ਕਈ ਵਾਰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਮਿਲ ਚੁੱਕੀਆਂ ਹਨ। ਪਹਿਲਾਂ ਵੀ ਅਦਾਲਤੀ ਕੰਪਲੈਕਸ ਵਿੱਚ ਵੱਖ-ਵੱਖ ਥਾਵਾਂ 'ਤੇ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਹਨ, ਜਿਸ ਵਿੱਚ ਜ਼ਿਲ੍ਹਾ ਜੱਜ ਦਾ ਚੈਂਬਰ ਵੀ ਸ਼ਾਮਲ ਹੈ। ਹਾਲਾਂਕਿ, ਇਸ ਵਾਰ ਪੂਰੇ ਸਿਵਲ ਕੋਰਟ ਕੰਪਲੈਕਸ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਪੁਲਸ ਧਮਕੀ ਦੇ ਸਰੋਤ ਦੀ ਜਾਂਚ ਕਰ ਰਹੀ ਹੈ ਅਤੇ ਸ਼ੱਕੀ ਵਸਤੂਆਂ ਲਈ ਇਮਾਰਤਾਂ ਦੀ ਤਲਾਸ਼ੀ ਲੈ ਰਹੀ ਹੈ। ਕੰਮ ਮੁੜ ਸ਼ੁਰੂ ਕਰਨ ਬਾਰੇ ਫੈਸਲਾ ਅਦਾਲਤੀ ਕੰਪਲੈਕਸ ਦੀ ਤਲਾਸ਼ੀ ਪੂਰੀ ਹੋਣ ਅਤੇ ਸੁਰੱਖਿਆ ਜਾਂਚ ਤੋਂ ਬਾਅਦ ਹੀ ਲਿਆ ਜਾਵੇਗਾ।

## ਪਾਸਪੋਰਟ ਨਿਯਮਾਂ 'ਚ ਵੱਡਾ ਬਦਲਾਅ, 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬਦਲੇ ਨਿਯਮ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਬਿਜ਼ਨੈੱਸ ਡੈਸਕ 23 ਸਤੰਬਰ। ਪਾਸਪੋਰਟ ਨਿਯਮਾਂ ਵਿੱਚ ਇੱਕ ਵੱਡਾ ਬਦਲਾਅ ਕੀਤਾ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਬਦਲਾਅ ਦਾ ਐਲਾਨ ਕੀਤਾ ਹੈ। ਬੱਚਿਆਂ ਦੇ ਪਾਸਪੋਰਟਾਂ ਦੀ ਵੈਧਤਾ ਨਿਯਮਾਂ 'ਚ ਬਦਲਾਅ ਕੀਤਾ ਗਿਆ ਹੈ। ਇਸ ਦੇ ਨਾਲ ਹੀ ਵੱਖ-ਵੱਖ ਪਾਸਪੋਰਟ ਨਾਲ ਸਬੰਧਤ ਸੇਵਾਵਾਂ ਲਈ ਇੱਕ ਸੋਧਿਆ ਹੋਇਆ ਫੀਸ ਢਾਂਚਾ ਤੈਅ ਕੀਤਾ ਗਿਆ ਹੈ। 15 ਸਤੰਬਰ ਨੂੰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਤੋਂ ਬਾਅਦ ਪਾਸਪੋਰਟ (ਸੋਧ) ਨਿਯਮ, 2026 ਲਾਗੂ ਹੋ ਗਿਆ ਹੈ। ਇਹਨਾਂ ਮਹੱਤਵਪੂਰਨ ਬਦਲਾਅ ਵਿੱਚੋਂ ਇੱਕ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਜਾਰੀ ਕੀਤੇ ਗਏ ਪਾਸਪੋਰਟਾਂ ਨਾਲ ਸਬੰਧਤ ਹੈ। ਸੋਧੇ ਗਏ ਨਿਯਮਾਂ ਤਹਿਤ, 15 ਸਾਲ



ਤੋਂ ਘੱਟ ਉਮਰ ਦੇ ਬੱਚੇ ਨੂੰ ਜਾਰੀ ਕੀਤੇ ਗਏ 36-ਪੰਨਿਆਂ ਦੇ ਸਟੈਂਡਰਡ ਪਾਸਪੋਰਟ ਦੀ ਵੈਧਤਾ ਜਾਰੀ ਹੋਣ ਦੀ ਮਿਤੀ ਤੋਂ ਪੰਜ ਸਾਲ ਜਾਂ ਬੱਚੇ ਦੇ 18 ਸਾਲ ਦੇ ਹੋਣ ਤੱਕ, ਜੋ ਵੀ ਪਹਿਲਾਂ ਹੋਵੇ, ਹੋਵੇਗੀ। ਨਿਯਮਾਂ ਅਨੁਸਾਰ, ਪਾਸਪੋਰਟ ਨਾਲ ਸਬੰਧਤ ਵੱਖ-ਵੱਖ ਸੇਵਾਵਾਂ ਲਈ ਫੀਸਾਂ ਪਾਸਪੋਰਟ ਨਿਯਮਾਂ, 1980 ਦੇ ਅਨੁਸੂਚੀ 91 ਵਿੱਚ ਦਰਸਾਏ ਗਏ ਦਰਾਂ ਅਨੁਸਾਰ ਹੋਣਗੀਆਂ। ਇਹ ਧਿਆਨ ਦੇਣ ਯੋਗ ਹੈ ਕਿ ਫੀਸਾਂ ਵਿੱਚ ਬਦਲਾਅ ਪਹਿਲਾਂ ਹੀ 1 ਜੁਲਾਈ ਤੋਂ ਲਾਗੂ ਕਰ ਦਿੱਤੇ ਗਏ ਸਨ, ਜਿਸ ਵਿੱਚ ਨਵੇਂ ਪਾਸਪੋਰਟ, ਦੁਬਾਰਾ ਜਾਰੀ ਕਰਨ, ਤਤਕਾਲ ਸੇਵਾਵਾਂ ਅਤੇ ਪਾਸਪੋਰਟ ਬਦਲਣ ਲਈ ਉੱਚ ਖਰਚੇ ਸ਼ਾਮਲ ਸਨ। ਅਧਿਕਾਰਤ ਪਾਸਪੋਰਟ ਸੇਵਾ ਪੋਰਟਲ 'ਤੇ 36-ਪੰਨਿਆਂ ਦੇ ਪਾਸਪੋਰਟ (ਜਨਰਲ) ਦੀ ਕੀਮਤ 2,500 ਰੁਪਏ ਅਤੇ 60-ਪੰਨਿਆਂ ਦੇ ਪਾਸਪੋਰਟ ਦੀ ਕੀਮਤ 3,500 ਰੁਪਏ ਦੇਣੇ ਹੋਣਗੇ। ਜਨਰਲ ਸ਼੍ਰੇਣੀ ਦੇ ਨਾਬਾਲਗਾਂ ਲਈ 36-ਪੰਨਿਆਂ ਦੇ ਪਾਸਪੋਰਟ ਦੀ ਕੀਮਤ 1,750 ਰੁਪਏ ਹੈ। ਉਸੇ ਅਰਜ਼ੀ ਲਈ 2,500 ਰੁਪਏ ਦੀ ਵਾਧੂ ਤਤਕਾਲ ਫੀਸ ਲਈ ਜਾਂਦੀ ਹੈ ਅਤੇ ਪੁਲਿਸ ਕਲੀਅਰੈਂਸ ਸਰਟੀਫਿਕੇਟ ਲਈ 750 ਰੁਪਏ ਦੀ ਫੀਸ ਵੀ ਪੋਰਟਲ 'ਤੇ ਸੂਚੀਬੱਧ ਹੈ।

## ਜੰਤਰ-ਮੰਤਰ 'ਤੇ ਬੈਨ ਕਿਵੇਂ ਲਗਾ ਸਕਦੇ ਹੋ? ਕਰਨੀ ਸੇਨਾ ਦਾ ਪ੍ਰਦਰਸ਼ਨ ਰੱਦ ਕਰਨ 'ਤੇ ਹਾਈ ਕੋਰਟ ਦਾ ਦਿੱਲੀ ਪੁਲਿਸ ਤੋਂ ਸਵਾਲ

ਨਵੀਂ ਦਿੱਲੀ 23 ਸਤੰਬਰ। ਜੰਤਰ-ਮੰਤਰ 'ਤੇ ਰੋਸ-ਪ੍ਰਦਰਸ਼ਨ ਦੀ ਇਜਾਜ਼ਤ ਨਾ ਦੇਣ ਦੇ ਮਾਮਲੇ ਵਿੱਚ ਦਿੱਲੀ ਹਾਈ ਕੋਰਟ ਨੇ ਦਿੱਲੀ ਪੁਲਿਸ ਤੋਂ ਸਵਾਲ ਕੀਤਾ ਕਿ ਪ੍ਰਦਰਸ਼ਨ 'ਤੇ ਪੂਰੀ ਤਰ੍ਹਾਂ ਰੋਕ ਕਿਵੇਂ ਲਗਾਈ ਜਾ ਸਕਦੀ ਹੈ। ਜਸਟਿਸ ਸਵਰਨ ਕਾਂਤਾ ਸ਼ਰਮਾ ਦੇ ਬੈਂਚ ਨੇ ਪੁਲਿਸ ਤੋਂ ਪੁੱਛਿਆ ਕਿ ਅਜਿਹਾ ਹੁਕਮ ਕਿਵੇਂ ਜਾਰੀ ਕੀਤਾ ਜਾ ਸਕਦਾ ਹੈ। ਬੈਂਚ ਨੇ ਕਿਹਾ ਕਿ ਸਿਰਫ਼ ਇਸ ਲਈ ਕਿ ਪੁਲਿਸ ਨੂੰ ਖ਼ਦਸ਼ਾ ਹੈ ਕਿ ਕੁਝ ਲੋਕ ਆਉਣਗੇ, ਪ੍ਰਦਰਸ਼ਨ ਦੀ ਇਜਾਜ਼ਤ ਨਾ ਦੇਣ ਦਾ ਫੈਸਲਾ ਕਿਵੇਂ ਕੀਤਾ ਜਾ ਸਕਦਾ ਹੈ। ਅਦਾਲਤ ਨੇ ਕਿਹਾ ਕਿ ਪਿਛਲੀ ਸੁਣਵਾਈ ਵਿੱਚ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਪੁਲਿਸ ਪ੍ਰਦਰਸ਼ਨ ਦੀ ਇਜਾਜ਼ਤ ਦਿੰਦੇ ਹੋਏ ਪ੍ਰਦਰਸ਼ਨਕਾਰੀਆਂ 'ਤੇ ਪਾਬੰਦੀਆਂ ਜਾਂ ਸ਼ਰਤਾਂ ਲਗਾ ਸਕਦੀ ਹੈ। ਬੈਂਚ ਨੇ ਕਿਹਾ ਕਿ ਪ੍ਰਦਰਸ਼ਨਕਾਰੀ ਜੰਤਰ-ਮੰਤਰ 'ਤੇ ਕੁਝ ਹੀ ਘੰਟਿਆਂ ਲਈ ਰਹਿਣਗੇ ਅਤੇ ਉੱਥੋਂ ਅੱਗੇ ਵੀ ਨਹੀਂ ਵਧਣਗੇ। ਅਜਿਹੇ ਵਿੱਚ ਪੁਲਿਸ ਉਨ੍ਹਾਂ ਨੂੰ ਪ੍ਰਦਰਸ਼ਨ ਕਰਨ ਤੋਂ ਕਿਵੇਂ ਮਨ੍ਹਾ ਕਰ ਸਕਦੀ ਹੈ, ਇਸ 'ਤੇ ਅਦਾਲਤ ਨੇ ਸਵਾਲ ਚੁੱਕਿਆ। ਅਦਾਲਤ ਨੇ ਇਹ ਟਿੱਪਣੀਆਂ ਕਰਨੀ ਸੇਨਾ ਮੁਖੀ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਕੀਤੀਆਂ। ਪਟੀਸ਼ਨ ਵਿੱਚ ਨਵੇਂ ਯੂ.ਜੀ.ਸੀ. ("73) ਨਿਯਮਾਂ ਦੇ ਖ਼?ਲਾਫ਼ ਜੰਤਰ-ਮੰਤਰ 'ਤੇ ਰੋਸ-ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕੀਤੇ ਜਾਣ ਨੂੰ ਚੁਣੌਤੀ ਦਿੱਤੀ ਗਈ ਹੈ।

## ਜੰਮੂ-ਕਸ਼ਮੀਰ 'ਚ ਵੱਡਾ ਐਨਕਾਊਂਟਰ ! ਉਧਮਪੁਰ 'ਚ 2 ਅੱਤਵਾਦੀ ਕੀਤੇ ਢੇਰ, 1 ਸ਼ੱਕੀ ਹਿਰਾਸਤ 'ਚ

ਕੌਮੀ ਪਤ੍ਰਿਕਾ

ਜੰਮੂ 23 ਸਤੰਬਰ। ਜੰਮੂ-ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ ਦੇ ਜੰਗਲੀ ਖੇਤਰ ਵਿੱਚ ਚੱਲ ਰਹੇ ਅੱਤਵਾਦ ਵਿਰੋਧੀ ਅਭਿਆਨ ਦੌਰਾਨ ਪਾਕਿਸਤਾਨ ਦੇ ਜੈਸ਼-ਏ-ਮੁਹੰਮਦ ਨਾਲ ਸਬੰਧਤ ਦੋ ਸ਼ੱਕੀ ਅੱਤਵਾਦੀ ਮਾਰੇ ਗਏ ਤੇ ਇੱਕ ਸ਼ੱਕੀ ਅੱਤਵਾਦੀ ਸਹਾਇਕ ਨੂੰ ਹਿਰਾਸਤ ਵਿੱਚ ਲਿਆ ਗਿਆ। ਲਗਾਤਾਰ ਮੀਂਹ ਦੇ ਬਾਵਜੂਦ ਮਜਲਤਾ ਦੇ ਬ੍ਰਾਟੇਲ ਸੋਨ ਅਤੇ ਖੁੱਬਣ ਖੇਤਰਾਂ ਵਿੱਚ ਫੌਜ, ਪੁਲਸ ਅਤੇ ਕੇਂਦਰੀ ਰਿਜ਼ਰਵ ਪੁਲਿਸ ਫੋਰਸ (ਸੀਆਰਪੀਐਫ) ਦਾ ਸਾਂਝਾ ਅਭਿਆਨ ਜਾਰੀ ਰਿਹਾ। ਫੌਜ ਨੇ ਇਸ ਅਭਿਆਨ ਵਿੱਚ ਦੋ ਅੱਤਵਾਦੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ। ਜੰਮੂ-ਅਧਾਰਤ ਵ?ਹਾਈਟ ਨਾਈਟ ਕੋਰ ਨੇ ✓ 'ਤੇ ਇੱਕ ਪੋਸਟ ਵਿੱਚ ਕਿਹਾ, 16-23 ਸਤੰਬਰ ਦੀ ਵਿਚਕਾਰਲੀ ਰਾਤ ਨੂੰ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਇੱਕ ਸਾਂਝੇ ਅਭਿਆਨ ਨੂੰ ਬ੍ਰਾਟੇਲ, ਊਧਮਪੁਰ ਵਿੱਚ ਅੱਤਵਾਦੀਆਂ ਦੀ ਮੌਜੂਦਗੀ ਬਾਰੇ ਭਰੋਸੇਯੋਗ ਜਾਣਕਾਰੀ ਮਿਲੀ। ਇਸ ਵਿੱਚ ਕਿਹਾ ਗਿਆ ਹੈ, ਮਾੜੇ ਮੌਸਮ, ਮੁਸ਼ਕਲ ਖੇਤਰ ਅਤੇ ਮਾੜੀ ਦ੍ਰਿਸ਼ਟੀ ਦੇ ਬਾਵਜੂਦ, ਵ?ਹਾਈਟ ਨਾਈਟ ਕੋਰ, ਪੁਲਸ ਅਤੇ ਸੀਆਰਪੀਐਫ ਦੇ ਜਵਾਨਾਂ ਨੇ ਅੱਤਵਾਦ ਵਿਰੋਧੀ ਕਾਰਵਾਈ ਸ਼ੁਰੂ ਕੀਤੀ ਅਤੇ ਦੋ ਅੱਤਵਾਦੀਆਂ ਨੂੰ ਮਾਰ ਦਿੱਤਾ।



ਇਹ ਕਾਰਵਾਈ ਅਜੇ ਵੀ ਜਾਰੀ ਹੈ। ਸੁਰੱਖਿਆ ਬਲਾਂ ਨੂੰ ਕਿਸੇ ਵੀ ਹੋਰ ਖਤਰੇ ਦਾ ਪਤਾ ਲਗਾਉਣ ਅਤੇ ਖਤਮ ਕਰਨ ਲਈ ਤਾਇਨਾਤ ਕੀਤਾ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਪੁਲਸ ਅਤੇ ਸੁਰੱਖਿਆ ਬਲ ਪਿਛਲੇ ਹਫ਼ਤੇ ਸੰਘਣੇ ਜੰਗਲ ਵਾਲੇ ਖੇਤਰ ਵਿੱਚ ਅੱਤਵਾਦੀਆਂ ਦੇ ਇੱਕ ਸਮੂਹ ਦੀ ਮੌਜੂਦਗੀ ਦੀ ਸੂਚਨਾ ਮਿਲਣ ਤੋਂ ਬਾਅਦ ਉਨ੍ਹਾਂ ਦੀ ਭਾਲ ਕਰ ਰਹੇ ਸਨ। ਤਾਜ਼ਾ ਜਾਣਕਾਰੀ ਤੋਂ ਬਾਅਦ, ਸੁਰੱਖਿਆ ਬਲਾਂ ਨੇ ਬੁੱਧਵਾਰ ਰਾਤ 9 ਵਜੇ ਦੇ ਕਰੀਬ ਇੱਕ ਖੇਤਰ ਨੂੰ ਘੇਰ ਲਿਆ, ਜਿਸ ਨਾਲ ਗੋਲੀਬਾਰੀ ਸ਼ੁਰੂ ਹੋ ਗਈ। ਅਧਿਕਾਰੀਆਂ ਨੇ ਕਿਹਾ ਕਿ ਕਾਰਵਾਈ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਬਾਅਦ ਗੋਲੀਬਾਰੀ ਅਤੇ ਧਮਾਕੇ ਸੁਣਾਈ ਦਿੱਤੇ। ਜਦੋਂ ਕਿ ਇਲਾਕਾ ਰਾਤ ਭਰ ਕਾਫ਼ੀ ਹੱਦ ਤੱਕ ਸ਼ਾਂਤ ਰਿਹਾ, ਅੱਤਵਾਦੀਆਂ ਨੇ ਭੱਜਣ ਦੀ ਕੋਸ਼ਿਸ਼ ਵਿੱਚ ਵੀਰਵਾਰ ਸਵੇਰੇ ਭਾਰੀ ਗੋਲੀਬਾਰੀ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਸੁਰੱਖਿਆ ਬਲਾਂ ਨੇ ਜਵਾਬੀ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਖੇਤਰ ਵਿੱਚ ਵਾਧੂ ਬਲ ਤਾਇਨਾਤ ਕੀਤੇ ਗਏ ਸਨ, ਅਤੇ ਆਖਰੀ ਰਿਪੋਰਟਾਂ ਆਉਣ ਤੱਕ ਖੋਜ ਮੁਹਿੰਮ ਜਾਰੀ ਸੀ। ਅਧਿਕਾਰੀਆਂ ਨੇ ਕਿਹਾ ਕਿ ਮਾਰੇ ਗਏ ਦੋਵੇਂ ਅੱਤਵਾਦੀ ਪਾਕਿਸਤਾਨੀ ਨਾਗਰਿਕ ਹੋਣ ਦਾ ਸ਼ੱਕ ਹੈ। ਉਨ੍ਹਾਂ ਕਿਹਾ ਕਿ ਮੁਕਾਬਲੇ ਵਾਲੀ ਥਾਂ ਤੋਂ ਵੱਡੀ ਮਾਤਰਾ ਵਿੱਚ ਗੋਲਾ ਬਾਰੂਦ, ਜਿਸ ਵਿੱਚ ਇੱਕ ਅਮਰੀਕੀ-ਬਣਾਇਆ ਐਮ4 ਕਾਰਬਾਈਨ ਅਤੇ ਇੱਕ ਏਕੇ ਅਸਾਲਟ ਰਾਈਫਲ ਸ਼ਾਮਲ ਹੈ, ਬਰਾਮਦ ਕੀਤਾ ਗਿਆ ਹੈ।

## ਜੱਗੀ ਜੌਹਲ ਨੂੰ ਦਿੱਲੀ ਹਾਈ ਕੋਰਟ ਨੇ ਦਿੱਤੀ ਜ਼ਮਾਨਤ, 7 ਮਾਮਲਿਆਂ 'ਚ ਦਰਜ ਸੀ ਕੇਸ

ਨਵੀਂ ਦਿੱਲੀ 23 ਸਤੰਬਰ। ਦਿੱਲੀ ਹਾਈ ਕੋਰਟ ਨੇ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਰ ਉਰਫ਼ ਜੱਗੀ ਜੌਹਲ ਨੂੰ ਗੈਰ-ਕਾਨੂੰਨੀ ਗਤੀਵਿਧੀਆਂ ਰੋਕਥਾਮ ਐਕਟ (ਯੂਏਪੀਏ) ਅਤੇ ਕਤਲ ਨਾਲ ਜੁੜੇ 7 ਵੱਖ-ਵੱਖ ਮਾਮਲਿਆਂ 'ਚ ਰਾਹਤ ਦੇ ਦਿੱਤੀ ਹੈ। ਜੌਹਲ ਨੂੰ ਸਾਲ 2017 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਖ਼?ਲਾਫ਼ ਪੰਜਾਬ 'ਚ ਹੋਏ ਟਾਰਗੇਟ ਕਤਲਾਂ ਨਾਲ ਸੰਬੰਧਤ ਕਈ ਮਾਮਲੇ ਦਰਜ ਹਨ। ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਦੀ ਜਾਂਚ ਵਾਲੇ ਇਨ੍ਹਾਂ ਮਾਮਲਿਆਂ 'ਚ ਜੱਜ ਨਵੀਨ ਚਾਵਲਾ ਅਤੇ ਜੱਜ ਰਵਿੰਦਰ ਡੁਡੇਜਾ ਦੀ ਡਿਵੀਜ਼ਨ ਬੈਂਚ ਨੇ ਫੈਸਲਾ ਸੁਣਾਇਆ। ਹਾਲਾਂਕਿ, ਮਾਮਲੇ ਦਾ ਵਿਸਤ੍ਰਿਤ ਆਦੇਸ਼ ਆਉਣਾ ਅਜੇ ਬਾਕੀ ਹੈ। ਐੱਨਆਈਏ ਦਾ ਦੋਸ਼ ਹੈ ਕਿ ਜੌਹਲ 2016-17 ਦੌਰਾਨ ਪੰਜਾਬ ਦੇ ਲੁਧਿਆਣਾ ਅਤੇ ਜਲੰਧਰ ਜ਼ਿਲ੍ਹਿਆਂ 'ਚ ਹੋਏ ਟਾਰਗੇਟ ਕਤਲਾਂ 'ਚ ਸ਼ਾਮਲ ਸੀ। ਜਾਂਚ ਏਜੰਸੀ ਅਨੁਸਾਰ, ਇਹ ਵਾਰਦਾਤਾਂ ਸੂਬੇ 'ਚ ਕਾਨੂੰਨ ਵਿਵਸਥਾ ਵਿਗਾੜਨ ਦੇ ਮਕਸਦ ਨਾਲ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇਐੱਲਐੱਫ) ਵਲੋਂ ਰਚੀ ਗਈ ਸਾਜਿਸ਼ ਦਾ ਹਿੱਸਾ ਸਨ ਅਤੇ ਜੌਹਲ ਵੀ ਇਸ ਸੰਗਠਨ ਦਾ ਮੈਂਬਰ ਹੈ। ਇਸ ਤੋਂ ਪਹਿਲਾਂ ਸਾਲ 2024 'ਚ ਹਾਈ ਕੋਰਟ ਦੀ ਇਕ ਹੋਰ ਬੈਂਚ ਨੇ ਜੌਹਲ ਖ਼?ਲਾਫ਼ ਦੋਸ਼ਾਂ ਨੂੰ ਪਹਿਲੀ ਨਜ਼ਰ 'ਚ ਸਹੀ ਮੰਨਦੇ ਜ਼ਮਾਨਤ ਪਟੀਸ਼ਨ ਖਾਰਜ ਕਰ ਮਕਸਦ ਨਾਲ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇਐੱਲਐੱਫ) ਵਲੋਂ ਰਚੀ ਗਈ ਸਾਜਿਸ਼ ਦਾ ਹਿੱਸਾ ਸਨ ਅਤੇ ਜੌਹਲ ਵੀ ਇਸ ਸੰਗਠਨ ਦਾ ਦਿੱਤੀਆਂ ਸਨ। ਇਸ ਤੋਂ ਬਾਅਦ ਮਾਮਲਾ ਸੁਪਰੀਮ ਕੋਰਟ ਪਹੁੰਚਿਆ, ਜਿੱਥੋਂ ਹਾਈ ਕੋਰਟ ਨੂੰ ਪਟੀਸ਼ਨਾਂ 'ਤੇ ਨਵੇਂ ਸਿਰੇ ਤੋਂ ਸੁਣਵਾਈ ਕਰਨ ਦੇ ਨਿਰਦੇਸ਼ ਮਿਲੇ ਸਨ। ਸਰਵਉੱਚ ਅਦਾਲਤ ਦੇ ਇਸੇ ਆਦੇਸ਼ ਦੇ ਅਧੀਨ ਹੋਈ ਮੁੜ ਸੁਣਵਾਈ 'ਚ ਹਾਈ ਕੋਰਟ ਨੇ ਜੌਹਲ ਦੀ ਜ਼ਮਾਨਤ ਅਰਜ਼ੀ ਸਵੀਕਾਰ ਕਰ ਲਈ।

## ਤਿਉਹਾਰਾਂ ਤੋਂ ਪਹਿਲਾਂ ਸੋਨੇ-ਚਾਂਦੀ ਦੀਆਂ ਕੀਮਤਾਂ 'ਚ ਭਾਰੀ ਉਛਾਲ

ਕੌਮੀ ਪਤ੍ਰਿਕਾ

ਬਿਜ਼ਨੈੱਸ ਡੈਸਕ 23 ਸਤੰਬਰ। ਰਾਸ਼ਟਰੀ ਰਾਜਧਾਨੀ ਵਿੱਚ ਸ਼ੁੱਕਰਵਾਰ ਨੂੰ ਸੋਨੇ ਦੀਆਂ ਕੀਮਤਾਂ 1,600 ਰੁਪਏ ਵਧ ਕੇ 1.56 ਲੱਖ ਰੁਪਏ ਪ੍ਰਤੀ 10 ਗ੍ਰਾਮ ਹੋ ਗਈਆਂ। ਇਹ ਵਾਧਾ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਨਰਮੀ ਆਉਣ ਕਰਕੇ ਮਹਿੰਗਾਈ ਦੀਆਂ ਚਿੰਤਾਵਾਂ ਘੱਟ ਹੋਣ ਅਤੇ ਹਾਲ ਹੀ ਵਿੱਚ ਹੋਈ ਵਿਕਰੀ ਤੋਂ ਬਾਅਦ ਨਿਵੇਸ਼ਕ ਦੀ ਸਰਾਫਾ ਬਾਜ਼ਾਰ ਵਿੱਚ ਵਾਪਸੀ ਕਾਰਨ ਹੋਇਆ ਹੈ। ਸਥਾਨਕ ਵਪਾਰੀਆਂ ਦੇ ਅਨੁਸਾਰ, 99.9 ਪ੍ਰਤੀਸ਼ਤ ਸ਼ੁੱਧਤਾ ਵਾਲਾ ਸੋਨਾ ਵੀਰਵਾਰ ਦੀ ਬੰਦ ਕੀਮਤ 1.55 ਲੱਖ ਰੁਪਏ ਪ੍ਰਤੀ 10 ਗ੍ਰਾਮ ਦੇ ਮੁਕਾਬਲੇ



ਅੱਜ 1,600 ਰੁਪਏ ਵਧ ਕੇ 1,56,600 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਹੋ ਗਿਆ। ਚਾਂਦੀ ਵਿੱਚ ਵੀ ਤੇਜ਼ੀ ਨਾਲ ਵਾਧਾ ਹੋਇਆ, ਜੋ 5,000 ਰੁਪਏ ਵਧ ਕੇ 2.47 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ (ਸਾਰੇ ਟੈਕਸਾਂ ਸਮੇਤ) ਹੋ ਗਈ। ਪਿਛਲੇ ਵਪਾਰਕ ਸੈਸ਼ਨ ਵਿੱਚ ਇਹ ਧਾਤ 2.42 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ 'ਤੇ ਸਥਿਰ ਬੰਦ ਹੋਈ ਸੀ। ਬ੍ਰੋਕਰੇਜ ਪਲੇਟਫਾਰਮ ਲੈਮਨ ਦੇ ਖੋਜ ਮੁਖੀ ਗੌਰਵ ਗਰਗ ਨੇ ਕਿਹਾ, ਡਾਲਰ ਅਤੇ ਅਮਰੀਕੀ ਟ?ਰੇਜਰੀ ਯੀਲਡ ਦੇ ਕਮਜ਼ੋਰ ਹੋਣ ਕਾਰਨ ਹਾਲ ਹੀ ਵਿੱਚ ਹੋਈ ਵਿਕਰੀ ਤੋਂ ਬਾਅਦ ਸੋਨਾ ਤੇਜ਼ੀ ਨਾਲ ਸੁਧਰਿਆ। ਅਜਿਹਾ ਇਸ ਲਈ ਸੀ ਕਿਉਂਕਿ ਨਿਵੇਸ਼ਕਾਂ ਨੇ ਫੈਡਰਲ ਰਿਜ਼ਰਵ ਦੇ ਵਿਆਜ ਦਰ ਵਾਧੇ ਤੋਂ ਬਾਅਦ ਆਪਣੀਆਂ ਸਥਿਤੀਆਂ ਦਾ ਮੁੜ ਮੁਲਾਂਕਣ ਕੀਤਾ। ਚਾਂਦੀ ਦਾ ਪ੍ਰਦਰਸ਼ਨ ਸੋਨੇ ਤੋਂ ਬਿਹਤਰ ਰਿਹਾ ਜਦੋਂ ਕਿ ਤੇਲ ਦੀਆਂ ਕੀਮਤਾਂ ਲਗਾਤਾਰ ਤੀਜੇ ਸੈਸ਼ਨ ਲਈ ਡਿੱਗ ਗਈਆਂ ਭਾਵ 101 ਡਾਲਰ ਪ੍ਰਤੀ ਬੈਰਲ ਤੱਕ ਡਿੱਗ ਗਈਆਂ। ਸਾਊਦੀ ਅਰਬ ਤੋਂ ਸਪਲਾਈ ਮੁੜ ਸ਼ੁਰੂ ਹੋਣ ਦੀਆਂ ਉਮੀਦਾਂ ਅਤੇ ਵਿਕਲਪਕ ਸ਼ਿਪਿੰਗ ਰੂਟਾਂ ਨੇ ਸਪਲਾਈ ਵਿਘਨ ਦੇ ਡਰ ਨੂੰ ਘਟਾ ਦਿੱਤਾ। ਹਾਲਾਂਕਿ, ਉਨ੍ਹਾਂ ਕਿਹਾ ਕਿ ਪੱਛਮੀ ਏਸ਼ੀਆ ਵਿੱਚ ਤਣਾਅ ਅਜੇ ਵੀ ਇੱਕ ਜੋਖਮ ਬਣਿਆ ਹੋਇਆ ਹੈ।

## ਖਾਂਡੂ ਮਾਮਲੇ ਨੂੰ ਲੈ ਕੇ ਜੈਰਾਮ ਰਮੇਸ਼ ਦਾ ਪ੍ਰਧਾਨ ਮੰਤਰੀ 'ਤੇ ਦੋਸ਼ : 'ਖਾਧਾ, ਖਾਣ ਦਿੱਤਾ ਤੇ ਖੁਆਇਆ ਵੀ'

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ 23 ਸਤੰਬਰ। ਕਾਂਗਰਸ ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਦੇ ਪਰਿਵਾਰ ਨਾਲ ਜੁੜੀਆਂ ਕੰਪਨੀਆਂ ਨੂੰ ਸਰਕਾਰੀ ਠੇਕੇ ਦਿੱਤੇ ਜਾਣ ਨੂੰ ਲੈ ਕੇ ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਵਿੰਨ੍ਹ?ਆ ਅਤੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਖ਼?ਲਾਫ਼ ਗੰਭੀਰ ਸਵਾਲ ਚੁੱਕਣ ਦੇ ਬਾਵਜੂਦ ਉਨ੍ਹਾਂ ਨੂੰ ਅਹੁਦੇ 'ਤੇ ਬਣਾਏ ਰੱਖਿਆ ਗਿਆ ਹੈ। ਪਾਰਟੀ ਦੀ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵਿਅੰਗ ਕੱਸਦੇ ਹੋਏ ਕਿਹਾ ਕਿ ਇਹ 'ਖਾਧਾ ਹੈ, ਖਾਣ ਦਿੱਤਾ ਹੈ ਅਤੇ ਖੁਆਇਆ ਵੀ ਹੈ' ਵਾਲੀ ਰਾਜਨੀਤੀ ਦਾ ਇਕ ਹੋਰ ਉਦਾਹਰਣ ਹੈ। ਰਮੇਸ਼ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਸੁਪਰੀਮ ਕੋਰਟ ਨੇ 6 ਅਪ੍ਰੈਲ 2026 ਨੂੰ ਅਰੁਣਾਚਲ ਪ੍ਰਦੇਸ਼ 'ਚ 2015 ਤੋਂ 2025 ਵਿਚ ਦਿੱਤੇ ਗਏ ਕਰੀਬ 1,270 ਕਰੋੜ ਰੁਪਏ ਦੇ ਸਰਕਾਰੀ ਕੰਮਾਂ ਦੇ ਠੇਕਿਆਂ ਨੂੰ ਲੈ ਕੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੂੰ ਸ਼ੁਰੂਆਤੀ ਜਾਂਚ ਕਰਨ ਦਾ ਨਿਰਦੇਸ਼ ਦਿੱਤਾ ਸੀ। ਕਾਂਗਰਸ ਜਨਰਲ ਸਕੱਤਰ ਨੇ ਦੋਸ਼ ਲਗਾਇਆ ਕਿ ਖਾਂਡੂ ਨੂੰ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਸੀ ਜਾਂ ਉਨ੍ਹਾਂ ਤੋਂ ਅਸਤੀਫ਼ਾ ਲਿਆ ਜਾਣਾ ਚਾਹੀਦਾ ਸੀ ਪਰ ਅਜਿਹਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਖਾਂਡੂ ਅਤੇ ਪ੍ਰਧਾਨ ਮੰਤਰੀ ਨੇ 'ਇਸ ਮਾਮਲੇ ਦਾ ਸਾਹਮਣਾ ਕਰਨ' ਦਾ ਫੈਸਲਾ ਕੀਤਾ। ਰਮੇਸ਼ ਅਨੁਸਾਰ, ਬੀਤੀ 3 ਅਗਸਤ ਨੂੰ ਸੁਪਰੀਮ ਕੋਰਟ ਨੇ ਸੀਬੀਆਈ ਦੀ ਉਸ ਰਿਪੋਰਟ 'ਤੇ ਨੋਟਿਸ ਲਿਆ,



ਜਿਸ 'ਚ ਅਰੁਣਾਚਲ ਪ੍ਰਦੇਸ਼ ਸਰਕਾਰ 'ਤੇ ਜਾਂਚ 'ਚ ਸਹਿਯੋਗ ਨਹੀਂ ਕਰਨ ਅਤੇ ਜ਼ਰੂਰੀ ਰਿਕਾਰਡ ਉਪਲੱਬਧ ਨਹੀਂ ਕਰਵਾਉਣ ਦਾ ਦੋਸ਼ ਲਗਾਇਆ ਗਿਆ ਸੀ। ਇਸ ਤੋਂ ਬਾਅਦ ਕੋਰਟ ਨੇ ਰਾਜ ਦੇ ਮੁੱਖ ਸਕੱਤਰ ਅਤੇ ਪ੍ਰਮੁੱਖ ਸਕੱਤਰ (ਗ੍ਰਹਿ) ਨੂੰ 24 ਅਗਸਤ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਸੀ। ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ 24 ਅਗਸਤ ਨੂੰ ਹੋਈ ਸੁਣਵਾਈ 'ਚ ਰਾਜ ਸਰਕਾਰ ਨੇ ਕੋਰਟ ਨੂੰ ਦੱਸਿਆ ਕਿ ਉਸ ਨੇ ਸੀਬੀਆਈ ਨੂੰ ਮੰਗੇ ਗਏ ਰਿਕਾਰਡ ਅਤੇ ਦਸਤਾਵੇਜ਼ ਉਪਲੱਬਧ ਕਰਵਾਏ ਹਨ। ਕਾਂਗਰਸ ਨੇ ਕਿਹਾ ਕਿ ਮੁੱਖ ਮੰਤਰੀ ਦਾ ਅਹੁਦੇ 'ਤੇ ਬਣੇ ਰਹਿਣਾ 'ਅਸਾਧਾਰਨ ਅਤੇ ਪੂਰੀ ਤਰ੍ਹਾਂ ਅਸਵੀਕਾਰਯੋਗ' ਹੈ। ਰਮੇਸ਼ ਨੇ ਪ੍ਰਧਾਨ ਮੰਤਰੀ 'ਤੇ 'ਪਖੰਡ' ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਇਹ ਮਾਮਲਾ ਕੇਂਦਰ ਸਰਕਾਰ ਦੀ ਦੋਹਰੀ ਨੀਤੀ ਨੂੰ ਉਜਾਗਰ ਕਰਦਾ ਹੈ। ਉਨ੍ਹਾਂ ਕਿਹਾ,"ਇਕ ਪਾਸੇ ਉਦਾਹਰਣ ਹੈ, ਖਾਧਾ ਹੈ, ਖਾਣ ਦਿੱਤਾ ਹੈ ਅਤੇ ਖੁਆਇਆ ਵੀ ਹੈ।"

# ਹਵਾਲਾਤੀਆਂ ਦੀ ਹੱਥਕੜੀ ਦੀ ਚੇਨ ਫ਼ੜੇ ਬਿਨਾਂ ਪਿੱਛੇ ਚੱਲ ਰਹੇ ਮੁਲਾਜ਼ਮ

**ਕੌਮੀ ਪਤ੍ਰਿਕਾ**

ਲੁਧਿਆਣਾ 23 ਸਤੰਬਰ। ਕੈਦੀਆਂ ਅਤੇ ਹਵਾਲਾਤੀਆਂ ਦੀ ਸੁਰੱਖਿਆ ਤੇ ਕਸਟੱਡੀ ਨੂੰ ਲੈ ਕੇ ਪੁਲਸ ਮੁਲਾਜ਼ਮਾਂ ਦੀ ਬੇਹੱਦ ਗ਼ੈਰ-ਜ਼ਿੰਮੇਵਾਰਾਨਾ ਕਾਰਜਸ਼ੈਲੀ ਇਕ ਵਾਰ ਫ਼?ਰ ਸਾਹਮਣੇ ਆਈ ਹੈ। ਅਦਾਲਤ 'ਚ ਪੇਸ਼ੀ ਦੌਰਾਨ ਜਾਂ ਮੈਡੀਕਲ ਜਾਂਚ ਲਈ ਸਿਵਲ ਹਸਪਤਾਲ ਲੈ ਕੇ ਜਾਂਦੇ ਸਮੇਂ ਪੁਲਸ ਕਰਮਚਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਘੋਰ ਲਾਪ੍ਰਵਾਹੀ ਵਰਤ ਰਹੇ ਹਨ। ਹੱਥਕੜੀ ਲੱਗੀ ਹੋਣ ਦੇ ਬਾਵਜੂਦ ਪੁਲਸ ਮੁਲਾਜ਼ਮ ਹਵਾਲਾਤੀਆਂ ਨੂੰ ਬਿਨਾਂ ਫ਼ੜੇ ਜਾਂ ਰੱਸੀ ਫੜੇ ਛੱਡ ਦਿੰਦੇ ਹਨ, ਜਿਸ ਕਾਰਨ ਹਵਾਲਾਤੀ ਅੱਗੇ-ਅੱਗੇ ਬੇਫ਼?ਕਰ ਚੱਲਦੇ ਹਨ ਅਤੇ ਮੁਲਾਜ਼ਮ ਆਰਾਮ ਨਾਲ ਪਿੱਛੇ-ਪਿੱਛੇ ਤੁਰਦੇ ਨਜ਼ਰ ਆਉਂਦੇ ਹਨ। ਅਜਿਹੀ ਲਾਪ੍ਰਵਾਹੀ ਦਾ ਫ਼ਾਇਦਾ ਚੁੱਕ ਕੇ ਜੇਕਰ ਕੋਈ ਸ਼ਾਤਰ ਮੁਲਜ਼ਮ ਫ਼ਰਾਰ ਹੋ ਜਾਵੇ, ਤਾਂ ਬਾਅਦ 'ਚ ਪੁਲਸ ਮੁਲਾਜ਼ਮ ਇਹੋ ਘਿਸਿਆ-ਪਿਟਿਆ ਬਹਾਨਾ ਬਣਾਉਂਦੇ ਹਨ ਕਿ ਮੁਲਜ਼ਮ ਧੱਕਾ ਦੇ ਕੇ ਜਾਂ ਝਕਾਨੀ ਦੇ ਕੇ ਭੱਜ ਨਿਕਲਿਆ। ਦੀ ਟੀਮ ਨੇ ਕੋਰਟ ਕੰਪਲੈਕਸ ਅਤੇ ਹਸਪਤਾਲ ਦੇ ਆਲੇ-ਦੁਆਲੇ ਸੁਰੱਖਿਆ ਪ੍ਰਬੰਧਾਂ



ਦਾ ਜਾਇਜ਼ਾ ਲਿਆ, ਜਿੱਥੇ ਪੁਲਸ ਦੀ ਇਸ ਢਿੱਲੀ ਕਾਰਜਪ੍ਰਣਾਲੀ ਦੀ ਪੋਲ ਖੁੱਲ੍ਹਦੀ ਸਾਫ਼ ਨਜ਼ਰ ਆਈ। ਤਸਵੀਰਾਂ 'ਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਹੱਥਕੜੀ 'ਚ ਜਕੜੇ ਹਵਾਲਾਤੀ ਅੱਗੇ-ਅੱਗੇ ਖੁੱਲ੍ਹੇਆਮ ਚੱਲ ਰਹੇ ਹਨ, ਜਦਕਿ ਉਨ੍ਹਾਂ ਦੀ ਕਸਟੱਡੀ 'ਚ ਤਾਇਨਾਤ ਪੁਲਸ ਕਰਮੀ ਹੱਥਕੜੀ ਦੀ ਰੱਸੀ ਫ਼ੜੇ ਬਿਨਾਂ ਬੇਪ੍ਰਵਾਹ ਹੋ ਕੇ ਉਨ੍ਹਾਂ ਦੇ ਪਿੱਛੇ ਚੱਲ ਰਹੇ ਹਨ। ਅਜਿਹੇ ਹੀ ਇਕ ਹਵਾਲਾਤੀ ਖ਼ੁਦ ਹੀ ਹੱਥਕੜੀ ਹੱਥ 'ਚ ਫ਼ੜ ਕੇ ਚੱਲ ਰਿਹਾ ਹੈ, ਜਦਕਿ ਉਸ ਦੇ ਨਾਲ ਪੁਲਸ ਵਾਲਾ ਤੁਰ ਰਿਹਾ ਹੈ। ਇਸੇ ਤਰ੍ਹਾਂ ਬਾਈਕ 'ਤੇ ਵੀ ਹਵਾਲਾਤੀ ਨੂੰ ਬਿਠਾ ਕੇ ਮੁਲਾਜ਼ਮ ਬਾਈਕ ਚਲਾ ਰਿਹਾ ਹੈ, ਅਜਿਹੇ ਵਿਚ ਜੇਕਰ ਉਹ ਬਾਈਕ ਤੋਂ ਉਤਰ ਕੇ ਭੱਜ ਜਾਵੇ ਤਾਂ ਕੀ ਹੋਵੇਗਾ? ਕੋਰਟ ਕਚਹਿਰੀ ਅਤੇ ਸਿਵਲ ਹਸਪਤਾਲ ਵਰਗੀਆਂ ਬੇਹੱਦ ਭੀੜ-ਭੜੱਕੇ ਵਾਲੀਆਂ ਸੰਵੇਦਨਸ਼ੀਲ ਥਾਵਾਂ 'ਤੇ ਅਜਿਹੀ ਢਿੱਲ ਕਿਸੇ ਵੱਡੇ ਖ਼ਤਰੇ ਨੂੰ ਸੱਦਾ ਦੇਣ ਵਰਗੀ ਹੈ। ਭੀੜ ਦਾ ਫ਼ਾਇਦਾ ਚੁੱਕ ਕੇ ਕੋਈ ਵੀ ਮੁਲਜ਼ਮ ਪਲਕ ਝਪਕਦਿਆਂ ਹੀ ਰਫ਼ੂ-ਚੱਕਰ ਹੋ ਸਕਦਾ ਹੈ। ਇਹ ਕੋਈ ਪਹਿਲਾ ਮਾਮਲਾ ਨਹੀਂ ਹੈ ਜਦੋਂ ਪੁਲਸ ਦੀ ਇਸ ਤਰ੍ਹਾਂ ਦੀ ਸੁਸਤੀ ਸਾਹਮਣੇ ਆਈ ਹੋਵੇ। ਪਹਿਲਾਂ ਵੀ ਲੁਧਿਆਣਾ ਕੋਰਟ ਕੰਪਲੈਕਸ ਅਤੇ ਸਿਵਲ ਹਸਪਤਾਲ ਤੋਂ ਕਈ ਸ਼ਾਤਰ ਕੈਦੀ ਤੇ ਹਵਾਲਾਤੀ ਪੁਲਸ ਕਰਮਚਾਰੀਆਂ ਨੂੰ ਝਕਾਨੀ ਦੇ ਕੇ, ਧੱਕਾ ਮਾਰ ਕੇ ਜਾਂ ਹੱਥਕੜੀ ਛੁਡਾ ਕੇ ਫ਼ਰਾਰ ਹੋ ਚੁੱਕੇ ਹਨ। ਅਜਿਹੀਆਂ ਵਾਰਦਾਤਾਂ ਤੋਂ ਬਾਅਦ ਅਕਸਰ ਵਿਭਾਗੀ ਜਾਂਚ ਅਤੇ ਮੁਅੱਤਲੀ (ਸਸਪੈਂਡ) ਦੀਆਂ ਰਸਮੀ ਕਾਰਵਾਈਆਂ ਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ ਪਰ ਜ਼ਮੀਨੀ ਪੱਧਰ 'ਤੇ ਮੁਲਾਜ਼ਮ ਆਪਣੀਆਂ ਪੁਰਾਣੀਆਂ ਆਦਤਾਂ ਤੋਂ ਕੋਈ ਸਬਕ ਲੈਂਦੇ ਦਿਖਾਈ ਨਹੀਂ ਦੇ ਰਹੇ। ਵੱਡਾ ਸਵਾਲ ਇਹ ਉੱਠਦਾ ਹੈ ਕਿ ਜੇਕਰ ਇਸ ਲਾਪ੍ਰਵਾਹੀ ਦੌਰਾਨ ਕੋਈ ਸੰਗੀਨ ਅਪਰਾਧ ਦਾ ਮੁਲਜ਼ਮ ਫ਼ਰਾਰ ਹੋ ਜਾਂਦਾ ਹੈ, ਤਾਂ ਇਸ ਦੀ ਜ਼ਿੰਮੇਵਾਰੀ ਕਿਸ ਦੀ ਹੋਵੇਗੀ? ਅਕਸਰ ਅਜਿਹੇ ਮਾਮਲਿਆਂ 'ਚ ਮੁਲਾਜ਼ਮ ਖ਼ੁਦ ਦਾ ਬਚਾਅ ਕਰਨ ਲਈ ਰਿਪੋਰਟ ਵਿਚ ਲਿਖ ਦਿੰਦੇ ਹਨ ਕਿ ਮੁਲਜ਼ਮ ਧੱਕਾ ਦੇ ਕੇ ਭੱਜ ਗਿਆ, ਜਦਕਿ ਅਸਲਿਅਤ ਇਹ ਹੈ ਕਿ ਨਿਯਮਾਂ ਮੁਤਾਬਕ ਹਵਾਲਾਤੀ ਨੂੰ ਮਜ਼ਬੂਤੀ ਨਾਲ ਫ਼ੜ ਕੇ ਲੈ ਜਾਣ ਦੀ ਬੁਨਿਆਦੀ ਜ਼ਿੰਮੇਵਾਰੀ ਵੀ ਨਹੀਂ ਨਿਭਾਈ ਜਾ ਰਹੀ।

# ਨਾਬਾਲਗ ਧੀ ਨਾਲ ਛੇੜਛਾੜ ਕਰਨ ਵਾਲਾ ਮਤਰੇਆ ਪਿਓ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਲੁਧਿਆਣਾ 23 ਸਤੰਬਰ। ਮਹਾਨਗਰ ਦੇ ਸਾਹਨੇਵਾਲ ਖੇਤਰ ਦੇ ਅਧੀਨ ਪੈਂਦੀ ਰਾਮਗੜ੍ਹ ਰੋਡ ਸਥਿਤ ਇੱਕ ਕਾਲੋਨੀ 'ਚ ਰਿਸ਼ਤਿਆਂ ਨੂੰ ਤਾਰ-ਤਾਰ ਕਰਨ ਵਾਲਾ ਇੱਕ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਕਲਯੁਗੀ ਮਤਰੇਏ ਪਿਤਾ ਵੱਲੋਂ ਆਪਣੀ ਹੀ 17 ਸਾਲਾ ਨਾਬਾਲਗ ਧੀ ਨੂੰ ਹਵਸ ਦਾ ਸ਼ਿਕਾਰ ਬਣਾਉਣ ਦੀ ਨੀਅਤ ਨਾਲ ਛੇੜਛਾੜ ਅਤੇ ਅਸ਼ਲੀਲ ਹਰਕਤਾਂ ਕਰਨ ਦੀ ਕੋਸ਼ਿਸ਼ ਕੀਤੀ ਗਈ। ਪੀੜਤ ਕੁੜੀ ਦੀ ਸ਼ਿਕਾਇਤ 'ਤੇ ਸਾਹਨੇਵਾਲ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮ ਮਤਰੇਏ ਪਿਤਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਕੁੜੀ ਦੀ ਮਾਂ ਨੇ ਕਰੀਬ 14-15 ਸਾਲ ਪਹਿਲਾਂ ਮੁਲਜ਼ਮ ਅਰਵਿੰਦ ਸਿੰਘ ਨਾਲ ਦੂਜਾ ਵਿਆਹ ਕੀਤਾ ਸੀ। ਮੁਲਜ਼ਮ ਅਰਵਿੰਦ ਸਿੰਘ ਮੂਲ ਰੂਪ 'ਚ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਗੋਰਖਪੁਰ ਦੇ ਪਿੰਡ ਖਜਨੀ ਦਾ ਰਹਿਣ ਵਾਲਾ ਹੈ ਅਤੇ ਪੇਸ਼ੇ ਤੋਂ ਡਰਾਈਵਰ ਹੈ । ਪਰਿਵਾਰ ਵਿੱਚ ਤਿੰਨ ਬੱਚੇ (ਇੱਕ ਲੜਕਾ ਅਤੇ ਦੋ ਲੜਕੀਆਂ) ਹਨ, ਜਿਨ੍ਹਾਂ ਵਿੱਚੋਂ ਪੀੜਤਾ ਸਭ ਤੋਂ ਵੱਡੀ ਹੈ ਅਤੇ ਉਹ 10ਵੀਂ ਜਮਾਤ ਵਿੱਚ ਪੜ੍ਹਦੀ ਹੈ। ਪੀੜਤਾ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨਾਂ ਵਿੱਚ ਦੱਸਿਆ ਕਿ ਲੰਘੀ 25 ਅਗਸਤ ਦੀ ਰਾਤ ਨੂੰ ਉਹ ਆਪਣੇ ਕਮਰੇ ਵਿੱਚ ਸੌਂ ਰਹੀ ਸੀ, ਜਦੋਂ ਕਿ ਉਸਦੀ ਮਾਂ ਨਾਲ ਲੱਗਦੇ ਦੂਜੇ ਕਮਰੇ ਵਿੱਚ ਸੁੱਤੀ ਹੋਈ ਸੀ। ਰਾਤ ਦੇ ਹਨ੍ਹੇਰੇ ਦਾ ਫਾਇਦਾ ਉਠਾਉਂਦੇ ਹੋਏ ਮੁਲਜ਼ਮ ਅਰਵਿੰਦ ਸਿੰਘ ਚੁੱਪਚਾਪ ਪੀੜਤਾ ਦੇ ਕਮਰੇ ਵਿੱਚ ਦਾਖ਼ਲ ਹੋ ਗਿਆ। ਮੁਲਜ਼ਮ ਨੇਨਾਬਾਲਗ ਨਾਲ ਜਬਰਦਸਤੀ ਗਲਤ ਤੇ ਅਸ਼ਲੀਲ ਹਰਕਤਾਂ ਕੀਤੀਆਂ।। ਘਬਰਾਈ ਅਤੇ ਸਹਿਮੀ ਹੋਈ ਕੁੜੀ ਨੇ ਕਿਸੇ ਤਰ੍ਹਾਂ ਹਿੰਮਤ ਜੁਟਾਈ ਅਤੇ ਮੁਲਜ਼ਮ ਦੇ ਚੁੰਗਲ ਵਿੱਚੋਂ ਬਚ ਕੇ ਨਾਲ ਦੇ ਕਮਰੇ ਵਿੱਚ ਜਾ ਕੇ ਆਪਣੀ ਮਾਂ ਨੂੰ ਰੋਂਦੇ ਹੋਏ ਸਾਰੀ ਆਪਬੀਤੀ ਸੁਣਾਈ। ਪੁਲਸ ਵੱਲੋਂ ਮਾਮਲਾ ਦਰਜ ਇਸ ਵਾਰਦਾਤ ਤੋਂ ਬਾਅਦ ਪੀੜਤਾ ਅਤੇ ਉਸਦੀ ਮਾਂ ਨੇ ਥਾਣੇ ਪਹੁੰਚ ਕੇ ਪੁਲਸ ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾਈ। ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਰਣਧੀਰ ਸਿੰਘ ਨੇ ਦੱਸਿਆ ਕਿ ਪੀੜਤਾ ਦੇ ਬਿਆਨਾਂ ਦੇ ਆਧਾਰ 'ਤੇ ਪੁਲਸ ਨੇ ਤੁਰੰਤ ਐਕਸ਼ਨ ਲੈਂਦੇ ਹੋਏ ਮੁਲਜ਼ਮ ਅਰਵਿੰਦ ਸਿੰਘ ਖ਼?ਲਾਫ਼ ਐੱਫ.ਆਈ.ਆਰ. ਦਰਜ ਕਰ ਲਈ ਹੈ। ਪੁਲਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਸਹੁਰੇ ਪਰਿਵਾਰ ਤੋਂ ਦੁਖ਼ੀ ਵਿਆਹੁਤਾ ਨੇ ਕੀਤੀ ਖ਼ੁਦਕੁਸ਼ੀ

ਫਿਰੋਜ਼ਪੁਰ 23 ਸਤੰਬਰ। ਫਿਰੋਜ਼ਪੁਰ ਵਿਖੇ ਇਕ ਵਿਆਹੁਤਾ ਵੱਲੋਂ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਤੋਂ ਦੁਖ਼ੀ ਹੋ ਕੇ ਫ਼ਾਹਾ ਲਗਾ ਕੇ ਖ਼ੁਦਕੁਸ਼ੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕਾ ਦੀ ਪਛਾਣ ਅਮਨਦੀਪ ਕੌਰ ਪਤਨੀ ਬਲਵੰਤ ਸਿੰਘ ਵਾਸੀ ਪਿੰਡ ਗਿੱਲ, ਜ਼ਿਲ੍ਹਾ ਫ਼ਿਰੋਜ਼ਪੁਰ ਵਜੋਂ ਹੋਈ ਹੈ। ਇਸ ਸਬੰਧ 'ਚ ਥਾਣਾ ਘੱਲਖੁਰਦ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਿਵਾਰ ਦੇ ਤਿੰਨ ਮੈਂਬਰਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ 'ਚ ਮ੍ਰਿਤਕਾ ਦੀ ਮਾਂ ਸੰਦੀਪ ਕੌਰ ਪਤਨੀ ਸਵ. ਗੁਰਿੰਦਰ ਸਿੰਘ ਵਾਸੀ ਕਰਮਿੱਤੀ ਰੋਡ ਤਲਵੰਡੀ ਭਾਈ, ਜ਼ਿਲ੍ਹਾ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਸ ਦੀ ਧੀ ਅਮਨਦੀਪ ਕੌਰ ਬਲਵੰਤ ਸਿੰਘ ਪੁੱਤਰ ਮੰਦਰ ਸਿੰਘ ਵਾਸੀਅ ਫਿਰੋਜ਼ਪੁਰ ਨਾਲ ਵਿਆਹੀ ਹੋਈ ਸੀ। ਸੰਦੀਪ ਕੌਰ ਨੇ ਦੱਸਿਆ ਕਿ ਉਸ ਦੀ ਧੀ ਅਮਨਦੀਪ ਕੌਰ ਦਾ ਪਤੀ, ਸੱਸ ਅਤੇ ਸਹੁਰਾ ਲਗਾਤਾਰ ਉਸ ਨੂੰ ਤੰਗ-ਪਰੇਸ਼ਾਨ ਕਰਦੇ ਸਨ। ਸਹੁਰੇ ਪਰਿਵਾਰ ਦੀ ਕਥਿਤ ਧੱਕੇਸ਼ਾਹੀ ਅਤੇ ਤਸ਼ੱਦਦ ਤੋਂ ਤੰਗ ਆ ਕੇ ਉਸ ਨੇ ਖ਼ੁਦਕੁਸ਼ੀ ਕਰ ਲਈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਦਰਸ਼ਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਵਿਆਹੁਤਾ ਦੇ ਪਤੀ, ਸੱਸ ਅਤੇ ਸਹੁਰੇ ਖ਼?ਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਡੇਰਾਬੱਸੀ 'ਚ ਮਾਂ-ਧੀ ਦੀ ਕੁੱਟਮਾਰ, ਸਾਰੀ ਘਟਨਾ CCTV 'ਚ ਕੈਦ

ਡੇਰਾਬੱਸੀ 23 ਸਤੰਬਰ। ਮੁਬਾਰਕਪੁਰ ਪਿੰਡ 'ਚ ਇੱਕ ਔਰਤ ਨਾਲ ਕਥਿਤ ਤੌਰ 'ਤੇ ਹਮਲੇ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਖਮੀ ਔਰਤ ਹਰਪ੍ਰੀਤ ਕੌਰ ਨੂੰ



ਇਲਾਜ ਲਈ ਡੇਰਾਬੱਸੀ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਉਸਦੀ ਧੀ ਹਰਵਿੰਦਰ ਕੌਰ ਨੂੰ ਵੀ ਘਟਨਾ ਦੌਰਾਨ ਸੱਟਾਂ ਲੱਗੀਆਂ ਪਰ ਉਹ ਹਸਪਤਾਲ 'ਚ ਦਾਖ਼ਲ ਨਹੀਂ ਹੈ। ਪੀੜਤ ਪਰਿਵਾਰ ਨੇ ਕੁੱਝ ਲੋਕਾਂ 'ਤੇ ਗਲੀ ਵਿੱਚ ਉਸ ਨਾਲ ਕੁੱਟਮਾਰ ਕਰਨ, ਉਸਦੇ ਕੱਪੜੇ ਪਾੜਨ ਅਤੇ ਗਾਲੀ-ਗਲੋਚ ਕਰਨ ਦਾ ਦੋਸ਼ ਲਗਾਇਆ ਹੈ। ਘਟਨਾ ਦੀ ਸੀ. ਸੀ. ਟੀ. ਵੀ. ਫੁਟੇਜ ਵੀ ਸਾਹਮਣੇ ਆਈ ਹੈ ਅਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਹਰਪ੍ਰੀਤ ਕੌਰ ਅਤੇ ਉਸਦੀ ਧੀ ਹਰਵਿੰਦਰ ਕੌਰ, ਜੋ ਹਸਪਤਾਲ 'ਚ ਜੇਰੇ ਇਲਾਜ ਨੇ ਦੱਸਿਆ ਕਿ ਕੁੱਝ ਦਿਨ ਪਹਿਲਾਂ ਗਲੀ 'ਚ ਔਰਤਾਂ ਵਿਚਕਾਰ ਮਾਮੂਲੀ ਗੱਲ ਨੂੰ ਲੈ ਕੇ ਝਗੜਾ ਅਤੇ ਝਗੜਾ ਹੋ ਗਿਆ ਸੀ। ਹਾਲਾਂਕਿ, ਬਾਅਦ ਵਿੱਚ ਮਾਮਲਾ ਸੁਲਝਾ ਲਿਆ ਗਿਆ ਸੀ। ਪੀੜਤ ਧਿਰ ਦਾ ਦੋਸ਼ ਹੈ ਕਿ ਇਸ ਦੇ ਬਾਵਜੂਦ, ਇੱਕ ਦਿਨ ਪਹਿਲਾਂ, ਦੂਜੇ ਪੱਖ ਦੇ ਕੁਝ ਮੈਂਬਰ, ਜਿਨ੍ਹਾਂ ਵਿੱਚ ਮਰਦ ਵੀ ਸ਼ਾਮਲ ਸਨ, ਗਲੀ ਵਿੱਚ ਉਨ੍ਹਾਂ ਕੋਲ ਪਹੁੰਚੇ ਅਤੇ ਕਥਿਤ ਤੌਰ 'ਤੇ ਉਨ੍ਹਾਂ ਨਾਲ ਕੁੱਟਮਾਰ ਕੀਤੀ। ਹਰਪ੍ਰੀਤ ਕੌਰ ਦੇ ਅਨੁਸਾਰ ਮੁਲਜ਼ਮਾਂ ਨੇ ਉਸ 'ਤੇ ਹਮਲਾ ਕੀਤਾ ਅਤੇ ਉਸਦੇ ਕੱਪੜੇ ਵੀ ਪਾੜ ਦਿੱਤੇ। ਉਸਨੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਉਸ ਖ਼?ਲਾਫ਼ ਅਪਸ਼ਬਦ ਵੀ ਵਰਤੇ। ਹਰਵਿੰਦਰ ਕੌਰ ਨੇ ਕਿਹਾ ਕਿ ਘਟਨਾ ਦੌਰਾਨ ਉਸ ਨੂੰ ਵੀ ਸੱਟਾਂ ਲੱਗੀਆਂ ਹਨ। ਹਾਲਾਂਕਿ, ਉਸਦੀ ਹਾਲਤ ਅਜਿਹੀ ਨਹੀਂ ਹੈ ਕਿ ਉਸ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਉਣ ਦੀ ਲੋੜ ਪਵੇ। ਹਰਪ੍ਰੀਤ ਕੌਰ ਨੂੰ ਸੱਟਾਂ ਲੱਗਣ ਤੋਂ ਬਾਅਦ ਇਲਾਜ ਲਈ ਡੇਰਾਬੱਸੀ ਦੇ ਸਿਵਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਇਹ ਹਮਲਾ ਗਲੀ ਵਿੱਚ ਲੱਗੇ ਇੱਕ ਸੀ. ਸੀ. ਟੀ. ਵੀ. ਕੈਮਰੇ ਵਿੱਚ ਕੈਦ ਹੋ ਗਿਆ ਹੈ। ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਘੁੰਮ ਰਿਹਾ ਹੈ, ਜਿਸ ਵਿੱਚ ਕਈ ਲੋਕਾਂ ਵਿਚਕਾਰ ਝਗੜਾ ਦਿਖਾਈ ਦੇ ਰਿਹਾ ਹੈ। ਹਾਲਾਂਕਿ, ਵਾਇਰਲ ਵੀਡੀਓ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਗਈ ਹੈ। ਪੀੜਤ ਪੱਖ ਨੇ ਮੰਗ ਕੀਤੀ ਹੈ ਕਿ ਪੁਲਿਸ ਮਾਮਲੇ ਦੀ ਨਿਰਪੱਖ ਜਾਂਚ ਕਰੇ ਅਤੇ ਦੋਸ਼ੀਆਂ ਖ਼?ਲਾਫ਼ ਕਾਰਵਾਈ ਕਰੇ। ਇਸ ਬਾਰੇ ਮੁਬਾਰਿਕਪੁਰ ਚੌਂਕੀ ਇੰਚਾਰਜ ਕੁਲਵੰਤ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸੀ. ਸੀ ਟੀ. ਵੀ. ਫੁਟੇਜ ਅਤੇ ਪੀੜਤ ਔਰਤ ਦੇ ਬਿਆਨਾਂ ਦੇ ਆਧਾਰ 'ਤੇ ਘਟਨਾ ਦੇ ਹਾਲਾਤਾਂ ਦਾ ਪਤਾ ਲਗਾ ਰਹੀ ਹੈ। ਮਾਮਲੇ 'ਚ ਅੱਗੇ ਦੀ ਕਾਰਵਾਈ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਸਪੱਸ਼ਟ ਹੋਵੇਗੀ।

# ਲਾਡੀਆਂ ਖੁਰਦ ਕੱਟ 'ਤੇ ਚਾਲਕ ਨੂੰ ਬਾਹਰ ਸੁੱਟ ਕੇ ਖੋਹੀ ਆਈ-10 ਕਾਰ, ਗਿਰੋਹ ਦੇ 3 ਮੈਂਬਰ ਕਾਬੂ

**ਕੌਮੀ ਪਤ੍ਰਿਕਾ**

ਲੁਧਿਆਣਾ 23 ਸਤੰਬਰ। ਮਹਾਨਗਰ ਦੇ ਚੂਹੜਪੁਰ ਇਲਾਕੇ ਦੇ ਕੋਲ ਦੋ ਮੋਟਰਸਾਈਕਲਾਂ 'ਤੇ ਸਵਾਰ ਇੱਕ ਔਰਤ ਸਮੇਤ ਪੰਜ ਸ਼ਾਤਰ ਬਦਮਾਸ਼ਾਂ ਵੱਲੋਂ ਹਥਿਆਰਾਂ ਅਤੇ ਜ਼ਬਰਦਸਤੀ ਧੱਕੇ ਦੇ ਜ਼ੋਰ 'ਤੇ ਇੱਕ ਕਾਰ ਚਾਲਕ ਨੂੰ ਹੇਠਾਂ ਸੁੱਟ ਕੇ ਉਸ ਦੀ ਆਈ-10 ਕਾਰ ਖੋਹਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਵਾਰਦਾਤ ਤੋਂ ਤੁਰੰਤ ਬਾਅਦ ਸਰਗਰਮ ਹੋਈ ਪੁਲਸ ਟੀਮ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ ਇਸ ਗਿਰੋਹ ਦੇ ਤਿੰਨ ਸ਼ਾਤਰ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਖੋਹੀ ਗਈ ਆਈ-10 ਕਾਰ ਅਤੇ ਪੀੜਤ ਨੌਜਵਾਨ ਦਾ ਮੋਬਾਇਲ ਫ਼ੋਨ ਬਰਾਮਦ ਕਰ ਲਿਆ ਹੈ, ਜਦੋਂ ਕਿ ਵਾਰਦਾਤ 'ਚ ਸ਼ਾਮਲ ਇੱਕ ਔਰਤ ਸਮੇਤ ਦੋ ਹੋਰ ਸਾਥੀ ਫ਼ਰਾਰ ਦੱਸੇ ਜਾ ਰਹੇ ਹਨ। ਪੁਲਸ ਨੂੰ ਦਿੱਤੇ ਆਪਣੇ ਬਿਆਨਾਂ 'ਚ ਪੀੜਤ ਕੁਨਾਲ ਨੇ ਦੱਸਿਆ ਕਿ ਬੀਤੀ 26 ਅਗਸਤ ਨੂੰ ਉਹ ਆਪਣੀ ਆਈ-10 ਕਾਰ 'ਚ ਸਵਾਰ ਹੋ ਕੇ ਆਪਣੀ ਰਿਸ਼ਤੇਦਾਰੀ 'ਚ ਬਟਾਲਾ ਆਪਣੀ ਭੂਆ ਦੇ ਘਰ ਜਾ ਰਿਹਾ ਸੀ। ਜਦੋਂ ਉਹ ਚੂਹੜਪੁਰ ਪਿੰਡ ਦੇ ਕੋਲ ਲਾਡੀਆਂ ਖੁਰਦ ਕੱਟ 'ਤੇ ਪਹੁੰਚਿਆ ਤਾਂ ਦੋ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਆਏ ਲਗਭਗ ਪੰਜ ਲੋਕਾਂ ਨੇ (ਜਿਨ੍ਹਾਂ ਵਿੱਚ ਇੱਕ ਮਹਿਲਾ ਵੀ ਸ਼ਾਮਲ ਸੀ) ਅਚਾਨਕ ਆਪਣੀਆਂ ਬਾਈਕਾਂ ਉਸ ਦੀ ਕਾਰ ਦੇ ਅੱਗੇ ਲਗਾ ਦਿੱਤੀਆਂ ਅਤੇ ਜ਼ਬਰਦਸਤੀ ਗੱਡੀ ਨੂੰ ਰੁਕਵਾ ਲਿਆ। ਇਸ ਤੋਂ ਬਾਅਦ ਦੋ ਬਦਮਾਸ਼ਾਂ ਨੇ ਤੇਜ਼ੀ ਨਾਲ ਕਾਰ ਦੀ ਖਿੜਕੀ ਖੋਲ੍ਹੀ ਅਤੇ ਕੁਨਾਲ ਨੂੰ ਧੱਕੇ ਮਾਰਦੇ ਹੋਏ ਜ਼ਬਰਦਸਤੀ ਗੱਡੀ ਵਿੱਚੋਂ ਬਾਹਰ ਸੜਕ 'ਤੇ ਸੁੱਟ ਦਿੱਤਾ। ਮੁਲਜ਼ਮ ਪੀੜਤ ਦੀ ਕਾਰ ਅਤੇ ਉਸ ਦਾ ਮੋਬਾਇਲ ਫ਼ੋਨ ਖੋਹ ਕੇ ਮੌਕੇ ਤੋਂ ਫ਼ਰਾਰ ਹੋ ਗਏ। ਵਾਰਦਾਤ ਦੀ



ਸੂਚਨਾ ਮਿਲਦਿਆਂ ਹੀ ਥਾਣਾ ਹੈਬੋਵਾਲ ਦੀ ਪੁਲਸ ਨੇ ਇਲਾਕੇ 'ਚ ਨਾਕਾਬੰਦੀ ਕਰਕੇ ਮਾਮਲੇ ਦੀ ਡੂੰਘਾਈ ਨਾਲ ਜਾਂਚ ਸ਼ੁਰੂ ਕਰ ਦਿੱਤੀ ਸੀ। ਜਾਂਚ ਦੌਰਾਨ ਪੁਲਸ ਟੀਮ ਨੇ ਯੋਜਨਾਬੱਧ ਤਰੀਕੇ ਨਾਲ ਜਾਲ ਵਿਛਾ ਕੇ ਇਸ ਲੁਟੇਰੇ ਗਿਰੋਹ ਦੇ ਤਿੰਨ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਫੜ੍ਹੇ ਗਏ ਮੁਲਜ਼ਮਾਂ ਦੀ ਪਛਾਣ ਪਾਰਸ, ਰਵੀ ਅਤੇ ਬਲਰਾਮ ਵਜੋਂ ਹੋਈ ਹੈ, ਜਦੋਂ ਕਿ ਵਾਰਦਾਤ 'ਚ ਸ਼ਾਮਲ ਬਾਕੀ ਦੋ ਮੁਲਜ਼ਮ ਕਾਰਤਿਕ ਅਤੇ ਕਿਰਨਦੀਪ ਕੌਰ ਅਜੇ ਵੀ ਪੁਲਸ ਦੀ ਗ੍ਰਿਫ਼ਤਾਰੀ ਤੋਂ ਬਾਹਰ ਹਨ, ਜਿਨ੍ਹਾਂ ਦੀ ਗ੍ਰਿਫ਼ਤਾਰੀ ਲਈ ਪੁਲਸ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਫੜ੍ਹੇ ਗਏ ਮੁਲਜ਼ਮਾਂ ਦੀ ਨਿਸ਼ਾਨਦੇਹੀ 'ਤੇ ਖੋਹੀ ਗਈ ਚਿੱਟੇ ਰੰਗ ਦੀ ਆਈ-10 ਕਾਰ ਅਤੇ ਮੋਬਾਇਲ ਫ਼ੋਨ ਸੁਰੱਖਿਅਤ ਬਰਾਮਦ ਕਰ ਲਏ ਗਏ ਹਨ। ਪੁਲਸ ਮੁਤਾਬਕ ਮੁੱਢਲੀ ਜਾਂਚ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਵਾਰਦਾਤ ਕਿਸੇ ਪਰਿਵਾਰਕ ਰੰਜਿਸ਼ ਦੇ ਚੱਲਦਿਆਂ ਅੰਜਾਮ ਦਿੱਤੀ ਗਈ ਹੈ, ਫਿਲਹਾਲ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

## ਪੰਜਾਬ ਦੇ ਕੈਬਨਿਟ ਮੰਤਰੀ ਦੇ ਭਾਣਜੇ ਘਰ ED ਦੀ ਰੇਡ

ਲੁਧਿਆਣਾ 23 ਸਤੰਬਰ। ਇਨਫੋਰਸਮੈਂਟ ਡਾਇਰਕਟੋਰੇਟ ਨੇ ਲੁਧਿਆਣਾ ਵਿਚ ਛਾਪੇਮਾਰੀ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਜਿਸ ਵਿਅਕਤੀ ਦੇ ਘਰ ਇਹ ਰੇਡ ਮਾਰੀ ਗਈ ਹੈ, ਉਹ ਪੰਜਾਬ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਦਾ ਭਾਣਜਾ ਹੈ। ਇਹ ਰੇਡ ਮੰਗਲਵਾਰ ਤੋਂ ਗ੍ਰੇਟਰ ਮੋਹਾਲੀ ਏਰੀਆ ਡਿਵਲਪਮੈਂਟ ਅਥਾਰਟ ਵਿਚ ਚੱਲ ਰਹੀ ਰੇਡ ਦਾ ਹਿੱਸਾ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਵਿਚ ਗਮਾਡਾ ਦੇ ਸਾਬਕਾ ਚੀਫ਼ ਐਡਮੀਨਿਸਟ?ਰੇਟਰ ਤੇ ਸੀਨੀਅਰ ਅਫ਼ਸਰ ਰਾਜੀਵ ਗੁਪਤਾ ਦੇ ਘਰ ਵੀ ਛਾਪੇਮਾਰੀ ਜਾਰੀ ਹੈ। ED ਵੱਲੋਂ ਮੰਗਲਵਾਰ ਸਵੇਰ ਤੋਂ ਦਿੱਲੀ, ਮੋਹਾਲੀ, ਚੰਡੀਗੜ੍ਹ, ਪੰਚਕੂਲਾ ਤੇ ਲੁਧਿਆਣਾ ਵਿਚ 26 ਥਾਵਾਂ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਮੋਹਾਲੀ ਸਥਿਤ ਪੁੱਡਾ ਭਵਨ ਵਿਚ ਈ. ਡੀ. ਦੀਆਂ ਟੀਮਾਂ ਪੂਰੀ ਰਾਤ ਰਿਕਾਰਡ ਫ਼ਰੋਲਦੀਆਂ ਰਹੀਆਂ। ਇਸ ਤੋਂ ਇਲਾਵਾ ਹੈੱਡਕੁਆਰਟਰ ਦੇ ਕੁਝ ਹਿੱਸਿਆਂ ਨੂੰ ਸੀਲ ਵੀ ਕੀਤਾ ਗਿਆ ਹੈ। ਦੂਜੇ ਪਾਸੇ ਆਮ ਆਦਮੀ ਪਾਰਟੀ ਦਾ ਦੋਸ਼ ਹੈ ਕਿ ਕੇਂਦਰੀ ਏਜੰਸੀਆਂ ਦੀਆਂ ਕਾਰਵਾਈਆਂ ਜ਼ਰੀਏ ਪੰਜਾਬ ਸਰਕਾਰ ਦੇ ਅਫ਼ਸਰਾਂ 'ਤੇ ਦਬਾਅ ਬਣਾਇਆ ਜਾ ਰਿਹਾ ਹੈ ਤੇ ਗਮਾਡਾ ਦੇ ਕੰਮਕਾਰ ਵਿਚ ਅੜਿੱਕਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਜ਼ੀਰਕਪੁਰ 'ਚ ਫਲਾਈਓਵਰ ਤੋਂ ਹੇਠਾਂ ਡਿੱਗਿਆ ਨੌਜਵਾਨ

ਜ਼ੀਰਕਪੁਰ 23 ਸਤੰਬਰ। ਇੱਥੇ ਜ਼ੀਰਕਪੁਰ ਫਲਾਈਓਵਰ 'ਤੇ ਮੰਗਲਵਾਰ ਦੇਰ ਸ਼ਾਮ ਇੱਕ ਮੋਟਰਸਾਈਕਲ ਸਵਾਰ ਦੇ ਸ਼ੱਕੀ ਹਾਲਾਤ 'ਚ ਫਲਾਈਓਵਰ ਤੋਂ ਹੇਠਾਂ ਡਿੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਹੇਠਾਂ ਡਿੱਗਣ ਕਾਰਨ ਮੋਟਰਸਾਈਕਲ ਸਵਾਰ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ। ਸੂਚਨਾ ਮਿਲਣ 'ਤੇ ਜ਼ੀਰਕਪੁਰ ਪੁਲਸ ਮੌਕੇ 'ਤੇ ਪਹੁੰਚੀ ਅਤੇ ਜ਼ਖ਼ਮੀ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਘਟਨਾ ਦੇਰ ਸ਼ਾਮ ਕਰੀਬ ਅੱਠ ਤੋਂ ਸਾਢੇ ਅੱਠ ਵਜੇ ਦੇ ਵਿਚਕਾਰ ਵਾਪਰੀ। ਮੋਟਰਸਾਈਕਲ ਸਵਾਰ ਚੰਡੀਗੜ੍ਹ ਵੱਲੋਂ ਡੇਰਾਬੱਸੀ ਦੀ ਦਿਸ਼ਾ ਵੱਲ ਜਾ ਰਿਹਾ ਸੀ। ਜਦੋਂ ਉਹ ਕੋਹਿਨੂਰ ਢਾਬੇ ਨੇੜੇ ਫਲਾਈਓਵਰ 'ਤੇ ਪਹੁੰਚਿਆ ਤਾਂ ਸ਼ੱਕੀ ਹਾਲਾਤ 'ਚ ਅਚਾਨਕ ਫਲਾਈਓਵਰ ਤੋਂ ਹੇਠਾਂ ਜਾ ਡਿੱਗਿਆ। ਉਚਾਈ ਤੋਂ ਡਿੱਗਣ ਕਾਰਨ ਉਸ ਨੂੰ ਗੰਭੀਰ ਸੱਟਾਂ ਲੱਗੀਆਂ। ਪੜਤਾਲੀਆ ਅਫ਼ਸਰ ਲਾਭ ਸਿੰਘ ਨੇ ਦੱਸਿਆ ਕਿ ਜ਼ਖ਼ਮੀ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ ਹੈ, ਜਿੱਥੇ ਉਸ ਦੀ ਮੌਤ ਹੋ ਗਈ। ਫਿਲਹਾਲ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਉਹ ਕਿਹੜੇ ਹਾਲਾਤ 'ਚ ਫਲਾਈਓਵਰ ਤੋਂ ਹੇਠਾਂ ਡਿੱਗਿਆ। ਪੁਲਸ ਵਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਮਾਮਲੇ ਦੀ ਅਸਲ ਤਸਵੀਰ ਜਾਂਚ ਤੋਂ ਬਾਅਦ ਹੀ ਸਾਹਮਣੇ ਆ ਸਕੇਗੀ।

## ਲੰਬਿਤ ਮਾਮਲਿਆਂ ਦੇ ਨਿਪਟਾਰੇ ਲਈ 123 ਸਤੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ

ਚੰਡੀਗੜ੍ਹ 23 ਸਤੰਬਰ। ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਹੇਠ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਵੱਲੋਂ ਯੂ. ਟੀ. ਚੰਡੀਗੜ੍ਹ 'ਚ 123 ਸਤੰਬਰ ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ। ਲੋਕ ਅਦਾਲਤ ਦਾ ਮੁੱਖ ਮਕਸਦ ਜ਼ਿਲ੍ਹਾ ਅਦਾਲਤਾਂ ਤੇ ਵੱਖ-ਵੱਖ ਟ੍ਰਿਬਿਊਨਲਾਂ 'ਚ ਲੰਬੇ ਸਮੇਂ ਤੋਂ ਲਟਕ ਰਹੇ ਮਾਮਲਿਆਂ ਦਾ ਧਿਰਾਂ ਦੀ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਵਾਉਣਾ ਹੈ। ਯੂ. ਟੀ. ਚੰਡੀਗੜ੍ਹ ਦੀਆਂ ਅਦਾਲਤਾਂ 'ਚ ਲੰਬਿਤ ਆਪਣੇ ਕੇਸਾਂ ਦਾ ਸਮਝੌਤੇ ਰਾਹੀਂ ਹੱਲ




ਕੱਢਣ ਦੇ ਇੱਛੁਕ ਵਿਅਕਤੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਦਫ਼ਤਰ ਪਹੁੰਚ ਕਰ ਸਕਦੇ ਹਨ। ਲੋਕ ਆਪਣੇ ਕੇਸਾਂ ਦੇ ਸੁਹਿਰਦ ਤੇ ਜਲਦ ਸਮਾਧਾਨ ਲਈ ਇਨ੍ਹਾਂ ਨੂੰ ਕੌਮੀ ਲੋਕ ਅਦਾਲਤ 'ਚ ਸੂਚੀਬੱਧ ਕਰਵਾਉਣ ਦੀ ਬੇਨਤੀ ਦੇ ਸਕਦੇ ਹਨ। ਇਸ ਕੌਮੀ ਲੋਕ ਅਦਾਲਤ ਦੌਰਾਨ ਕਈ ਅਹਿਮ ਮਾਮਲਿਆਂ ਦੀ ਸੁਣਵਾਈ ਹੋਵੇਗੀ, ਜਿਨ੍ਹਾਂ 'ਚ ਆਪਸੀ ਸਹਿਮਤੀ ਵਾਲੇ ਅਪਰਾਧਿਕ ਮਾਮਲੇ, ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ ਦੀ ਧਾਰਾ 138 ਤਹਿਤ ਦਰਜ ਕੇਸ, ਪੈਸੇ ਦੀ ਵਸੂਲੀ ਅਤੇ ਮੋਟਰ ਦੁਰਘਟਨਾ ਦਾਅਵਿਆਂ ਦੇ ਮਾਮਲੇ ਪ੍ਰਮੁੱਖ ਹਨ। ਇਸ ਦੇ ਨਾਲ ਹੀ ਕਿਰਤ ਵਿਵਾਦ, ਬਿਜਲੀ-ਪਾਣੀ ਦੇ ਬਿਲਾਂ ਸਮੇਤ ਜਨਤਕ ਸੇਵਾਵਾਂ ਦੇ ਝਗੜੇ, ਵਿਆਹੁਤਾ ਤੇ ਪਰਿਵਾਰਕ ਵਿਵਾਦ, ਕਿਰਾਏ ਤੇ ਖ਼ਪਤਕਾਰ ਸੁਰੱਖਿਆ ਨਾਲ ਜੁੜੇ ਮਾਮਲਿਆਂ ਨੂੰ ਵੀ ਵਿਚਾਰਿਆ ਜਾਵੇਗਾ।

## ਅੰਮ੍ਰਿਤਸਰ 'ਚ ਦਿਲ ਕੰਬਾਊ ਘਟਨਾ: ਗਲੀ 'ਚ ਘੁੰਮਣ 'ਤੇ ਨੌਜਵਾਨ ਦੀ ਬੇਰਹਿਮੀ ਨਾਲ ਕੁੱਟਮਾਰ ਕਰਕੇ ਹੱਤਿਆ

ਅੰਮ੍ਰਿਤਸਰ 23 ਸਤੰਬਰ। ਥਾਣਾ ਅਜਨਾਲਾ ਦੇ ਅਧੀਨ ਪੈਂਦੇ ਸੈਦਪੁਰ ਖੁਰਦ ਇਲਾਕੇ 'ਚ ਗੁਆਂਢੀਆਂ ਨੇ ਹਰਪ੍ਰੀਤ ਸਿੰਘ ਨਾਮ ਦੇ ਨੌਜਵਾਨ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ। ਦੋਸ਼ ਹੈ ਕਿ ਹਰਪ੍ਰੀਤ ਸਿੰਘ ਸ਼ਨੀਵਾਰ ਰਾਤ ਇੱਕ ਵਜੇ ਪਹਿਲਾਂ ਆਪਣੇ ਘਰ ਦੀ ਛੱਤ ਅਤੇ ਫਿਰ ਗਲੀ ਵਿੱਚ ਘੁੰਮ ਰਿਹਾ ਸੀ। ਦੋਸ਼ੀਆਂ ਨੂੰ ਸ਼ੱਕ ਹੋਣ ਲੱਗਾ ਸੀ ਕਿ ਹਰਪ੍ਰੀਤ ਸਿੰਘ ਕਿਸੇ ਲੜਕੀ ਦੇ ਕਾਰਨ ਗਲੀ ਵਿੱਚ ਚੱਕਰ ਕੱਟ ਰਹਾ ਹੈ। ਇਸ ਤੋਂ ਬਾਅਦ ਜਿਵੇਂ ਹੀ ਮੁਲਜ਼ਮਾਂ ਨੇ ਹਰਪ੍ਰੀਤ ਸਿੰਘ ਨੂੰ ਰਾਤ 1 ਵਜੇ ਗਲੀ ਵਿੱਚ ਤੁਰਦੇ ਦੇਖਿਆ, ਉਨ੍ਹਾਂ ਨੇ ਉਸ 'ਤੇ ਹਮਲਾ ਕਰ ਦਿੱਤਾ। ਪੁਲਿਸ ਨੇ ਕਸ਼ਮੀਰ ਸਿੰਘ ਦੀ ਸ਼ਿਕਾਇਤ 'ਤੇ ਉਸਦੇ ਗੁਆਂਢੀ ਸੁਖਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਮੰਗਤ ਰਾਮ ਦੀ ਪਤਨੀ ਨਾਨਕੀ, ਪੱਪੂ ਅਤੇ ਗੁਰਨਾਮ ਸਿੰਘ ਖ਼?ਲਾਫ਼ ਹੱਤਿਆ ਦਾ ਕੇਸ ਦਰਜ ਕਰ ਲਿਆ ਹੈ। ਪੀੜਤ ਨੇ ਦੱਸਿਆ ਕਿ ਉਕਤ ਦੋਸ਼ੀ ਪਹਿਲਾਂ ਵੀ ਉਨ੍ਹਾਂ ਦੇ ਪਰਿਵਾਰ ਨਾਲ ਰੰਜਿਸ਼ ਰੱਖਦੇ ਸਨ। ਹਰਪ੍ਰੀਤ ਸਿੰਘ ਮਿਹਨਤ ਕਰਕੇ ਪਿਤਾ ਨਾਲ ਘਰ ਚਲਾਉਣ 'ਚ ਸਹਿਯੋਗ ਕਰਦਾ ਸੀ ਪਰ ਦੋਸ਼ੀਆਂ ਨੇ ਸ਼ਨੀਵਾਰ ਦੀ ਰਾਤ ਹਥਿਆਰਾਂ ਨਾਲ ਹਮਲਾ ਕਰਕੇ ਉਸਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ।

# ਪਟਿਆਲਾ 'ਚ ਕਰੰਟ ਲੱਗਣ ਕਾਰਨ ਨੌਜਵਾਨ ਦੀ ਮੌਤ, ਭਿਆਨਕ ਮੰਜ਼ਰ ਦੇਖਣ ਵਾਲਿਆਂ ਦਾ ਨਿਕਲਿਆ ਤ੍ਰਾਹ

**ਕੌਮੀ ਪਤ੍ਰਿਕਾ**

ਪਟਿਆਲਾ 23 ਸਤੰਬਰ। ਪਟਿਆਲਾ ਤੋਂ ਦਿਲ ਦਹਿਲਾਉਣ ਵਾਲੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਗੋਪਾਲ ਕਾਲੋਨੀ 'ਚ 11 ਕਿੱਲੋਵਾਟ ਦੀਆਂ ਬਿਜਲੀ ਦੀਆਂ ਤਾਰਾਂ 'ਤੇ ਕੰਮ ਕਰ ਰਹੇ ਇੱਕ ਨੌਜਵਾਨ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ। ਇਸ ਹਾਦਸੇ ਦੀ ਇੱਕ ਖ਼ੌਫ਼ਨਾਕ ਵੀਡੀਓ ਵੀ ਸਾਹਮਣੇ ਆਈ ਹੈ, ਜਿਸ 'ਚ ਨੌਜਵਾਨ ਬਿਜਲੀ ਦੀਆਂ ਤਾਰਾਂ ਨਾਲ ਲਟਕਦਾ ਹੋਇਆ ਨਜ਼ਰ ਆ ਰਿਹਾ ਹੈ। ਮ੍ਰਿਤਕ ਨੌਜਵਾਨ ਦੀ ਪਛਾਣ ਰਾਹੁਲ ਕੁਮਾਰ ਵਜੋਂ ਹੋਈ ਹੈ, ਜੋ ਸਲੇਮਪੁਰ ਖਾਦਰ, ਜ਼ਿਲ੍ਹਾ ਬਿਜਨੌਰ, ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਸੀ। ਜਾਣਕਾਰੀ ਮੁਤਾਬਕ ਰਾਹੁਲ ਪਿਛਲੇ ਕਰੀਬ ਤਿੰਨ ਮਹੀਨਿਆਂ ਤੋਂ ਪਟਿਆਲਾ 'ਚ ਕੰਮ ਕਰ ਰਿਹਾ ਸੀ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੇ ਗੰਭੀਰ ਇਲਜ਼ਾਮ ਲਗਾਉਂਦਿਆਂ ਕਿਹਾ



ਕਿ ਜਿਸ ਕੰਪਨੀ 'ਚ ਰਾਹੁਲ ਕੰਮ ਕਰਦਾ ਸੀ, ਉੱਥੇ ਉਸ ਨੂੰ ਲੋੜੀਂਦੇ ਸੁਰੱਖਿਆ ਉਪਕਰਣ ਮੁਹੱਈਆ ਨਹੀਂ ਕਰਵਾਏ ਗਏ। ਪਰਿਵਾਰ ਦਾ ਦੋਸ਼ ਹੈ ਕਿ ਠੇਕੇਦਾਰ ਦੀ ਕਥਿਤ ਅਣਗਹਿਲੀ ਕਾਰਨ ਹੀ ਰਾਹੁਲ ਨੂੰ ਆਪਣੀ ਜਾਨ ਗੁਆਉਣੀ ਪਈ। ਦੱਸਿਆ ਜਾ ਰਿਹਾ ਹੈ ਕਿ ਰਾਹੁਲ ਆਪਣੇ ਪਿੱਛੇ ਤਿੰਨ ਬੱਚਿਆਂ ਨੂੰ ਛੱਡ ਗਿਆ ਹੈ। ਪਟਿਆਲਾ ਦੇ ਸਰਕਾਰੀ ਰਜਿੰਦਰਾ ਹਸਪਤਾਲ 'ਚ ਮ੍ਰਿਤਕ ਨੌਜਵਾਨ ਦਾ ਪੋਸਟਮਾਰਟਮ ਕਰਵਾਇਆ ਗਿਆ। ਉੱਧਰ, ਠੇਕੇਦਾਰ ਰੌਣਕ ਨੇ ਆਪਣੇ 'ਤੇ ਲੱਗੇ ਸਾਰੇ ਇਲਜ਼ਾਮਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਠੇਕੇਦਾਰ ਦਾ ਕਹਿਣਾ ਹੈ ਕਿ ਇਸ ਹਾਦਸੇ 'ਚ ਉਸ ਦੀ ਕੋਈ ਗਲਤੀ ਨਹੀਂ ਹੈ ਅਤੇ ਨੌਜਵਾਨ ਦੀ ਮੌਤ ਜਨਰੇਟਰ ਦੇ ਕਰੰਟ ਕਾਰਨ ਹੋਈ ਹੈ। ਇਸ ਪੂਰੇ ਮਾਮਲੇ ਨੂੰ ਲੈ ਕੇ ਥਾਣਾ ਕੋਤਵਾਲੀ ਦੇ ਐੱਸ. ਐੱਚ. ਓ.ਗੁਰਪ੍ਰੀਤ ਸਿੰਘ ਹਾਂਡਾ ਨੇ ਦੱਸਿਆ ਕਿ ਰਜਿੰਦਰਾ ਹਸਪਤਾਲ ਵੱਲੋਂ ਪੁਲਸ ਨੂੰ ਇਸ ਮਾਮਲੇ ਸਬੰਧੀ ਰੁੱਕਾ ਮਿਲਿਆ ਸੀ। ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਹੁਣ ਇਸ ਮਾਮਲੇ ਵਿੱਚ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜੇਕਰ ਨੌਜਵਾਨ 11 ਕਿੱਲੋਵਾਟ ਦੀਆਂ ਤਾਰਾਂ 'ਤੇ ਕੰਮ ਕਰ ਰਿਹਾ ਸੀ

## ਫੋਨ ਹੈਕ ਕਰਕੇ 11.48 ਲੱਖ ਰੁਪਏ ਉਡਾਏ

ਬਠਿੰਡਾ 23 ਸਤੰਬਰ। ਸਾਈਬਰ ਅਪਰਾਧੀਆਂ ਨੇ ਇੱਕ ਵਿਅਕਤੀ ਦਾ ਫੋਨ ਹੈਕ ਕਰਕੇ ਉਸਦੇ ਖ਼ਾਤੇ ਵਿੱਚੋਂ 11.84 ਲੱਖ ਰੁਪਏ ਤੋਂ ਵੱਧ ਉਡਾ ਲਏ। ਮੱਲਵਾਲਾ ਦੇ ਰਹਿਣ ਵਾਲੇ ਗੁਰਮੀਤ ਸਿੰਘ ਨੇ ਮੋਹਾਲੀ ਸਾਈਬਰ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸਨੇ ਫਿਰ ਕੇਸ ਬਠਿੰਡਾ ਸਾਈਬਰ ਸੈੱਲ ਨੂੰ ਤਬਦੀਲ ਕਰ ਦਿੱਤਾ। ਗੁਰਮੀਤ ਸਿੰਘ ਨੇ ਦੱਸਿਆ ਕਿ ਅਣਪਛਾਤੇ ਵਿਅਕਤੀਆਂ ਨੇ ਉਸਦਾ ਫੋਨ ਹੈਕ ਕਰ ਲਿਆ ਸੀ। ਬਾਅਦ ਵਿਚ ਉਨ੍ਹਾਂ ਨੇ ਆਨਲਾਈਨ ਭੁਗਤਾਨਾਂ ਰਾਹੀਂ ਉਸਦੇ ਖਾਤੇ ਵਿੱਚੋਂ 11,84,709 ਰੁਪਏ ਕੱਢਵਾ ਲਏ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ ਅਤੇ ਹੋਰ ਜਾਂਚ ਕਰ ਰਹੀ ਹੈ।

**ਪੀ. ਓ. ਸਟਾਫ ਨੇ 2 ਭਗੌੜਿਆਂ ਨੂੰ ਕੀਤਾ ਗ੍ਰਿਫਤਾਰ**

ਪਟਿਆਲਾ 23 ਸਤੰਬਰ। ਪੀ. ਓ. ਸਟਾਫ ਨੇ ਇੰਚਾਰਜ ਏ. ਐੱਸ. ਆਈ. ਜਸਪਾਲ ਸਿੰਘ ਦੀ ਅਗਵਾਈ ਹੇਠ 2 ਭਗੌੜਿਆਂ ਨੂੰ ਗ੍ਰਿਫਤਾਰ ਕੀਤਾ ਹੈ। ਪਹਿਲੇ ਕੇਸ 'ਚ ਲਖਵਿੰਦਰ ਸਿੰਘ ਉਰਫ ਲੱਖਾ ਪੁੱਤਰ ਮੇਲਾ ਸਿੰਘ ਵਾਸੀ ਪਿੰਡ ਦੇਧਣਾ ਥਾਣਾ ਘੱਗਾ ਨੂੰ ਗ੍ਰਿਫਤਾਰ ਕੀਤਾ ਹੈ। ਉਸ ਖਿਲਾਫ ਥਾਣਾ ਸਦਰ ਸਮਾਣਾ ਵਿਖੇ ਕੇਸ ਦਰਜ ਹੈ। ਅਦਾਲਤ ਨੇ ਲਖਵਿੰਦਰ ਸਿੰਘ ਨੂੰ 13 ਅਕਤੂਬਰ 2026 ਨੂੰ ਪੀ. ਓ. ਕਰਾਰ ਦਿੱਤਾ ਸੀ। ਦੂਜੇ ਕੇਸ 'ਚ ਲੱਖੋ ਪਤਨੀ ਜਗਸੀਰ ਸਿੰਘ ਵਾਸੀ ਪਿੰਡ ਸਾਧੋਹੇੜੀ ਤਹਿਸੀਲ ਨਾਭਾ, ਜ਼ਿਲਾ ਪਟਿਆਲਾ ਨੂੰ ਗ੍ਰਿਫਤਾਰ ਕੀਤਾ ਹੈ। ਉਸ ਖਿਲਾਫ ਥਾਣਾ ਕੋਤਵਾਲੀ ਪਟਿਆਲਾ ਵਿਖੇ 138 ਐੱਨ. ਆਈ. ਐਕਟ ਤਹਿਤ ਕੇਸ ਦਰਜ ਹੈ। ਅਦਾਲਤ ਨੇ ਲੱਖੋ ਨੂੰ 6 ਜੂਨ 2026 ਨੂੰ ਪੀ. ਓ. ਕਰਾਰ ਦਿੱਤਾ ਸੀ। ਉਕਤ ਭਗੌੜਿਆਂ ਨੂੰ ਗ੍ਰਿਫਤਾਰ ਕਰਨ 'ਚ ਏ. ਐੱਸ. ਆਈ. ਬਲਵਿੰਦਰ ਸਿੰਘ, ਏ. ਐੱਸ. ਆਈ. ਕ੍ਰਿਸ਼ਨ ਬੱਬਰ ਅਤੇ ਮਾਹਿਲਾ ਸਿਪਾਹੀ ਸੁਖਵਿੰਦਰ ਕੌਰ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ।

# ਪ੍ਰੇਮਿਕਾ ਤੇ ਉਸ ਦੇ ਪਰਿਵਾਰ ਦੀ ਬਲੈਕਮੇਲਿੰਗ ਤੋਂ ਦੁਖੀ ਮੁੰਡੇ ਨੇ ਕੀਤੀ ਖ਼ੁਦਕੁਸ਼ੀ

**ਕੌਮੀ ਪਤ੍ਰਿਕਾ**

ਮੋਗਾ 23 ਸਤੰਬਰ। ਮੋਗਾ ਜ਼ਿਲੇ ਦੇ ਪਿੰਡ ਡਾਲਾ ਵਾਸੀ ਬੇਅੰਤ ਸਿੰਘ ਵੱਲੋਂ ਆਪਣੀ ਕਥਿਤ ਪ੍ਰੇਮਿਕਾ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਵੱਲੋਂ ਕੀਤੀ ਜਾ ਰਹੀ ਬਲੈਕਮੇਲਿੰਗ ਤੋਂ ਤੰਗ ਆ ਕੇ ਆਪਣੇ ਘਰ ਵਿਚ ਫਾਹਾ ਲੈ ਕੇ ਖੁਦਕੁਸ਼ੀ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਥਾਣਾ ਮਹਿਣਾ ਪੁਲਸ ਵੱਲੋਂ ਮ੍ਰਿਤਕ ਦੇ ਪਿਤਾ ਅਮਨਪ੍ਰੀਤ ਸਿੰਘ ਵਾਸੀ ਪਿੰਡ ਡਾਲਾ ਦੀ ਸ਼ਿਕਾਇਤ 'ਤੇ ਸਾਦੀਆ ਅਤੇ ਉਸ ਦੀ ਮਾਤਾ ਫੂਲਾ ਦੇਵੀ ਦੋਵੇਂ ਵਾਸੀ ਪਿੰਡ ਡਾਲਾ ਖ਼ਿਲਾਫ਼ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਥਾਣਾ ਮਹਿਣਾ ਦੇ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦਾ ਪਿਤਾ ਅਮਨਪ੍ਰੀਤ ਸਿੰਘ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਉਸ ਦਾ ਪੁੱਤਰ ਬੇਅੰਤ ਸਿੰਘ 12ਵੀਂ ਜਮਾਤ ਤੋਂ ਬਾਅਦ ਉਸ ਦੇ ਨਾਲ ਹੀ ਖੇਤੀਬਾੜੀ ਦਾ ਕੰਮ ਕਰਦਾ ਸੀ। ਉਸ ਦੇ ਪੁੱਤਰ ਦੇ ਸਾਦੀਆ ਨਾਮਕ ਲੜਕੀ ਨਾਲ ਕਰੀਬ ਡੇਢ ਸਾਲ ਤੋਂ ਕਥਿਤ ਪ੍ਰੇਮ ਸਬੰਧ ਸਨ। ਸ਼ਿਕਾਇਤਕਰਤਾ ਅਨੁਸਾਰ ਉਸ ਦੇ ਪੁੱਤਰ ਨੂੰ ਕਥਿਤ ਪ੍ਰੇਮਿਕਾ ਸਾਦੀਆ ਅਤੇ ਉਸ ਦੀ ਮਾਤਾ ਫੂਲਾ ਦੇਵੀ ਉਰਫ਼ ਸਮਸੁਨ ਵੱਲੋਂ ਬਲੈਕਮੇਲ ਕਰ ਕੇ ਪੈਸੇ ਉਗਰਾਹੇ ਜਾਂਦੇ ਸਨ ਅਤੇ ਪੈਸੇ ਦੇਣ ਲਈ ਮਜਬੂਰ ਕੀਤਾ ਜਾਂਦਾ ਸੀ। ਉਹ ਕਥਿਤ ਤੌਰ 'ਤੇ ਧਮਕਾਉਂਦੇ ਸਨ ਕਿ ਜੇ ਪੈਸੇ ਨਾ ਦਿੱਤੇ ਤਾਂ ਉਸ ਨੂੰ ਬਦਨਾਮ ਕਰ ਦਿੱਤਾ ਜਾਵੇਗਾ। ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਜਦੋਂ ਉਸ ਦੇ ਪੁੱਤਰ ਨੇ ਉਸ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਤਾਂ ਉਹ ਪਿੰਡ ਦੇ ਮੋਹਤਬਰ ਵਿਅਕਤੀਆਂ ਨੂੰ ਨਾਲ ਲੈ ਕੇ ਉਕਤ ਲੜਕੀ ਦੇ ਘਰ ਗਿਆ ਅਤੇ ਉਨ੍ਹਾਂ ਨੂੰ ਉਸ ਦੇ ਪੁੱਤਰ ਨੂੰ



ਤੰਗ-ਪ੍ਰੇਸ਼ਾਨ ਨਾ ਕਰਨ ਲਈ ਕਿਹਾ ਪਰ ਕਥਿਤ ਤੌਰ 'ਤੇ ਉਨ੍ਹਾਂ ਨੇ ਕੋਈ ਗੱਲ ਨਹੀਂ ਮੰਨੀ ਅਤੇ ਉਸੇ ਸ਼ਾਮ ਵੀ ਉਸ ਦੇ ਪੁੱਤਰ ਨੂੰ ਧਮਕੀਆਂ ਦਿੱਤੀਆਂ ਕਿ ਜੇ ਪੈਸੇ ਨਾ ਮਿਲੇ ਤਾਂ ਉਸ ਦੀ ਬਦਨਾਮੀ ਕੀਤੀ ਜਾਵੇਗੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਇਸ ਗੱਲ ਨੂੰ ਲੈ ਕੇ ਉਸ ਦਾ ਪੁੱਤਰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋ ਗਿਆ ਅਤੇ ਕਥਿਤ ਬਲੈਕਮੇਲਿੰਗ ਤੇ ਧਮਕੀਆਂ ਤੋਂ ਤੰਗ ਆ ਕੇ ਉਸ ਨੇ ਘਰ ਵਿਚ ਪੱਖੇ ਨਾਲ ਫਾਹਾ ਲੈ ਲਿਆ। ਜਦੋਂ ਪਰਿਵਾਰਕ ਮੈਂਬਰਾਂ ਨੇ ਕਮਰੇ ਵਿਚੋਂ ਆਵਾਜ਼ ਸੁਣੀ ਤਾਂ ਉਹ ਤੁਰੰਤ ਉੱਥੇ ਪਹੁੰਚੇ ਅਤੇ ਬੇਅੰਤ ਸਿੰਘ ਨੂੰ ਹੇਠਾਂ ਉਤਾਰ ਕੇ ਹੋਰ ਲੋਕਾਂ ਦੀ ਮਦਦ ਨਾਲ ਸਿਵਲ ਹਸਪਤਾਲ ਮੋਗਾ ਲੈ ਗਏ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਸ਼ਿਕਾਇਤ ਦੇ ਆਧਾਰ 'ਤੇ ਥਾਣਾ ਮਹਿਣਾ ਪੁਲਸ ਵੱਲੋਂ ਸਾਦੀਆ ਅਤੇ ਉਸ ਦੀ ਮਾਤਾ ਫੂਲਾ ਦੇਵੀ ਖ਼ਿਲਾਫ਼ ਮਾਮਲਾ ਦਰਜ ਕਰ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਲਾਸ਼ ਦਾ ਸਿਵਲ ਹਸਪਤਾਲ ਮੋਗਾ ਵਿਖੇ ਪੋਸਟਮਾਰਟਮ ਕਰਵਾਉਣ ਉਪਰੰਤ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਥਿਤ ਦੋਸ਼ੀਆਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਜਿਊਲਰੀ ਦੀ ਦੁਕਾਨ 'ਚ ਗਾਹਕ ਬਣ ਕੇ ਆਏ 2 ਸ਼ਾਤਰਾਂ ਨੇ ਚੋਰੀ ਕੀਤੀ ਚਾਂਦੀ ਦੀ ਚੇਨ

ਕੌਮੀ ਪਤ੍ਰਿਕਾ

ਲੁਧਿਆਣਾ 23 ਸਤੰਬਰ। ਬਾਬਾ ਥਾਨ ਸਿੰਘ ਚੌਕ ਸਥਿਤ ਇੱਕ ਮਸ਼ਹੂਰ ਜਿਊਲਰੀ ਦੀ ਦੁਕਾਨ 'ਚ ਗਾਹਕ ਬਣ ਕੇ ਆਏ ਦੋ ਸ਼ਾਤਰ ਨੌਜਵਾਨਾਂ ਵੱਲੋਂ ਬੜੀ ਸਫ਼ਾਈ ਨਾਲ ਚਾਂਦੀ ਦੀ ਚੇਨ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮੁਲਜ਼ਮ ਨੌਜਵਾਨ ਦੁਕਾਨਦਾਰ ਨੂੰ ਗੱਲਾਂ 'ਚ ਉਲਝਾ ਕੇ ਚੇਨ ਆਪਣੀ ਮੁੱਠੀ 'ਚ ਦਬਾ ਕੇ ਫ਼ਰਾਰ ਹੋ ਗਏ। ਇਹ ਪੂਰੀ ਘਟਨਾ ਦੁਕਾਨ ਦੇ ਅੰਦਰ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ 'ਚ ਕੈਦ ਹੋ ਗਈ ਹੈ। ਸੂਚਨਾ ਮਿਲਣ ਤੋਂ ਬਾਅਦ ਥਾਣਾ ਡਵੀਜ਼ਨ ਨੰਬਰ-3 ਦੀ ਪੁਲਸ ਨੇ ਫੁਟੇਜ ਨੂੰ ਕਬਜ਼ੇ 'ਚ ਲੈ ਕੇ ਮੁਲਜ਼ਮਾਂ ਨੂੰ ਫੜਨ ਲਈ ਜਾਲ ਵਿਛਾ ਦਿੱਤਾ ਹੈ। ਦੁਕਾਨ ਦੇ ਮਾਲਕ ਦਲਜੀਤ ਸਿੰਘ ਨੇ ਦੱਸਿਆ ਕਿ ਬੀਤੀ 27 ਅਗਸਤ ਦੀ ਸ਼ਾਮ ਕਰੀਬ 6:30 ਵਜੇ ਦੋ ਨੌਜਵਾਨ ਉਨ੍ਹਾਂ ਦੀ ਦੁਕਾਨ 'ਅੰਮ੍ਰਿਤੀ ਜਵੈਲਰਜ਼' 'ਤੇ ਪਹੁੰਚੇ। ਨੌਜਵਾਨਾਂ ਦੇ ਕਹਿਣ 'ਤੇ ਦੁਕਾਨਦਾਰ ਨੇ ਉਨ੍ਹਾਂ ਦੇ ਅੱਗੇ ਦੇਖਣ ਲਈ ਚਾਂਦੀ ਦੀਆਂ 8 ਚੇਨਾਂ ਕੱਢ ਕੇ ਰੱਖ ਦਿੱਤੀਆਂ। ਦੋਵੇਂ ਕਾਫ਼ੀ ਦੇਰ ਤੱਕ ਵੱਖ-ਵੱਖ ਡਿਜ਼ਾਈਨ ਦੇਖਦੇ ਰਹੇ ਅਤੇ ਫਿਰ 'ਪਸੰਦ ਨਹੀਂ ਆਇਆ' ਕਹਿ ਕੇ ਦੁਕਾਨ ਤੋਂ ਬਾਹਰ ਚਲੇ ਗਏ। ਉਨ੍ਹਾਂ ਦੇ ਜਾਣ ਤੋਂ ਤੁਰੰਤ ਬਾਅਦ ਜਦੋਂ ਦੁਕਾਨਦਾਰ ਨੇ ਸਮਾਨ ਸਮੇਟਦੇ ਹੋਏ ਗਿਣਤੀ ਕੀਤੀ ਤਾਂ ਟਰੇਅ ਵਿੱਚੋਂ ਇੱਕ ਚਾਂਦੀ ਦੀ ਚੇਨ ਗਾਇਬ ਸੀ। ਸ਼ੱਕ ਹੋਣ 'ਤੇ ਜਦੋਂ ਦੁਕਾਨਦਾਰ ਨੇ ਤੁਰੰਤ ਆਪਣੀ ਦੁਕਾਨ ਦੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ ਖੰਗਾਲੀ ਤਾਂ ਦੋਵਾਂ ਸ਼ਾਤਰਾਂ ਦੀ ਪੂਰੀ ਕਰਤੂਤ ਸਾਹਮਣੇ ਆ ਗਈ। ਫੁਟੇਜ 'ਚ ਸਾਫ਼ ਦਿਖਾਈ ਦੇ ਰਿਹਾ ਹੈ ਕਿ ਲਾਲ ਰੰਗ ਦੀ ਸ਼ਰਟ ਪਾਏ ਇੱਕ ਨੌਜਵਾਨ ਨੇ ਦੁਕਾਨਦਾਰ ਤੋਂ ਨਜ਼ਰਾਂ ਬਚਾ ਕੇ ਬਹੁਤ ਤੇਜ਼ੀ ਨਾਲ ਇੱਕ ਚੇਨ ਚੁੱਕੀ ਅਤੇ ਆਪਣੀ ਮੁੱਠੀ 'ਚ ਬੰਦ ਕਰ ਲਈ। ਫੁਟੇਜ ਵਿੱਚ ਇਹ ਵੀ ਸਾਫ਼ ਨਜ਼ਰ ਆ ਰਿਹਾ ਹੈ ਕਿ ਚੇਨ ਚੋਰੀ ਕਰਨ ਵਾਲੇ ਨੌਜਵਾਨ ਦੇ ਹੱਥ 'ਤੇ ਇੱਕ ਖ਼ਾਸ ਟੈਟੂ ਬਣਿਆ ਹੋਇਆ ਹੈ। ਇਸ ਤੋਂ ਬਾਅਦ ਦੋਵੇਂ ਬਿਨਾਂ ਕੁੱਝ ਖ਼ਰੀਦੇ ਆਰਾਮ ਨਾਲ ਦੁਕਾਨ ਤੋਂ ਨਿਕਲ ਗਏ। ਵਾਰਦਾਤ ਦਾ ਪਤਾ ਚੱਲਦਿਆਂ ਹੀ ਪੀੜਤ ਦੁਕਾਨਦਾਰ ਨੇ ਤੁਰੰਤ ਪੁਲਸ ਕੰਟਰੋਲ ਰੂਮ 'ਤੇ ਸੂਚਨਾ ਦਿੱਤੀ। ਸੂਚਨਾ ਮਿਲਦੇ ਹੀ ਜਾਂਚ ਅਧਿਕਾਰੀ ਏ. ਐੱਸ. ਆਈ. ਜੋਗਿੰਦਰ ਸਿੰਘ ਪੁਲਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਏ. ਐੱਸ. ਆਈ. ਜੋਗਿੰਦਰ ਸਿੰਘ ਨੇ ਦੱਸਿਆ ਕਿ ਦੁਕਾਨ ਦੀ ਸੀ. ਸੀ. ਟੀ. ਵੀ. ਫੁਟੇਜ ਨੂੰ ਕਬਜ਼ੇ ਵਿੱਚ ਲੈ ਲਿਆ ਗਿਆ ਹੈ। ਫੁਟੇਜ ਵਿੱਚ ਦਿਖ ਰਹੇ ਹੁਲੀਏ ਅਤੇ ਹੱਥ ਦੇ ਟੈਟੂ ਦੇ ਆਧਾਰ 'ਤੇ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰਕੇ ਚੋਰੀ ਕੀਤੀ ਗਈ ਚਾਂਦੀ ਦੀ ਚੇਨ ਬਰਾਮਦ ਕਰ ਲਈ ਜਾਵੇਗੀ।



## ਪੰਜਾਬ: 5,00,000 ਰੁਪਏ ਦੀ ਲਾਟਰੀ ਵਾਲਾ ਬੈਗ ਹੀ ਹੋ ਗਿਆ 'ਗਾਇਬ'!

ਫਿਰੋਜ਼ਪੁਰ 23 ਸਤੰਬਰ। ਫ਼ਿਰੋਜ਼ਪੁਰ ਕੈਂਟ ਦੇ ਪਾਇਲਟ ਚੌਕ 'ਤੇ ਸਥਿਤ 'ਕੁੱਕੂ ਲਾਟਰੀ ਸਟਾਲ' ਤੋਂ ਕਰੀਬ 5 ਲੱਖ ਰੁਪਏ ਦੀਆਂ ਲਾਟਰੀਆਂ ਵਾਲਾ ਬੈਗ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਵਾਰਦਾਤ ਸਵੇਰੇ ਕਰੀਬ 8 ਵਜੇ ਵਾਪਰੀ। ਸਟਾਲ ਸੰਚਾਲਕ ਚਰਨਜੀਤ ਸਿੰਘ, ਜੋ ਕਿ ਪਿਛਲੇ 50 ਸਾਲਾਂ ਤੋਂ ਲਾਟਰੀ ਸਟਾਲ ਚਲਾ ਰਹੇ ਹਨ, ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਸਵੇਰੇ ਆਪਣੇ ਸਟਾਲ 'ਤੇ ਪਹੁੰਚੇ ਸਨ। ਉਨ੍ਹਾਂ ਨੇ ਆਪਣਾ ਬੈਗ ਕਾਊਂਟਰ ਦੇ ਹੇਠਾਂ ਰੱਖਿਆ ਅਤੇ ਸਟਾਲ 'ਤੇ ਲਾਈਟ ਲਗਾਉਣ ਲਈ 5 ਮਿੰਟ ਲਈ ਪਿੱਛੇ ਗਏ। ਜਦੋਂ ਉਹ ਵਾਪਸ ਆਏ ਤਾਂ ਕਾਊਂਟਰ ਹੇਠੋਂ ਬੈਗ ਗਾਇਬ ਸੀ। ਬੈਗ ਵਿਚ 1 ਹਜ਼ਾਰ ਰੁਪਏ ਤੱਕ ਦੀਆਂ ਵੱਖ-ਵੱਖ ਲਾਟਰੀਆਂ ਸਨ, ਜਿਨ੍ਹਾਂ ਦੀ ਕੁੱਲ ਕੀਮਤ ਕਰੀਬ 5 ਲੱਖ ਰੁਪਏ ਦੱਸੀ ਜਾ ਰਹੀ ਹੈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਸ ਟੀਮ ਮੌਕੇ 'ਤੇ ਪਹੁੰਚੀ ਅਤੇ ਆਸ-ਪਾਸ ਦੇ ਖੇਤਰ ਤੋਂ ਜਾਣਕਾਰੀ ਇਕੱਠੀ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਭਾਰਤ-ਪਾਕਿ ਸਰਹੱਦ ਨੇੜਿਓਂ ਚੀਨੀ ਡਰੋਨ ਬਰਾਮਦ

ਫਿਰੋਜ਼ਪੁਰ 23 ਸਤੰਬਰ। ਫ਼ਿਰੋਜ਼ਪੁਰ ਭਾਰਤ-ਪਾਕਿਸਤਾਨ ਸਰਹੱਦ ਨੇੜੇ ਥਾਣਾ ਮਮਦੋਟ ਦੇ ਇਲਾਕੇ 'ਚੋਂ ਸਰਹੱਦੀ ਸੁਰੱਖਿਆ ਬਲ ਅਤੇ ਪੁਲਸ ਦੀ ਸਾਂਝੀ ਕਾਰਵਾਈ ਦੌਰਾਨ ਇਕ ਚੀਨੀ ਡਰੋਨ ਬਰਾਮਦ ਹੋਇਆ ਹੈ। ਥਾਣਾ ਮਮਦੋਟ ਦੀ ਪੁਲਸ ਨੇ ਅਣਪਛਾਤੇ ਵਿਅਕਤੀ ਖ਼?ਲਾਫ਼ 26, 27, 28, 30 ਭਾਰਤੀ ਵਾਯੂਯਾਨ ਅਧਿਨਿਯਮ 2024 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਜਤਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ 158 ਬਟਾਲੀਅਨ ਬੀਐੱਸਐੱਫ ਦੀ ਬੀ.ਓ.ਪੀ. ਜੋਗਿੰਦਰ ਦੇ ਅਧਿਕਾਰੀਆਂ ਵੱਲੋਂ ਭੇਜੀ ਸੂਚਨਾ ਤੋਂ ਬਾਅਦ ਪਿੰਡ ਰਾਓ ਕੇ ਹਿਠਾੜ ਦੇ ਰਹਿਣ ਵਾਲੇ ਹਰਬੰਸ ਸਿੰਘ ਪੁੱਤਰ ਮੋਤਾ ਸਿੰਘ ਦੇ ਖੇਤਾਂ 'ਚੋਂ 1 'ਮੇਡ ਇਨ ਚਾਈਨਾ' ਡਰੋਨ ਬਰਾਮਦ ਕੀਤਾ ਗਿਆ।

## ਚੰਡੀਗੜ੍ਹ 'ਚ ਟੈਕਸੀ ਡਰਾਈਵਰ ਦਾ ਕਤਲ, ਸੜਕ ਕਿਨਾਰਿਓਂ ਮਿਲੀ ਲਾਸ਼

ਚੰਡੀਗੜ੍ਹ 23 ਸਤੰਬਰ। ਚੰਡੀਗੜ੍ਹ 'ਚ ਇਕ ਟੈਕਸੀ ਡਰਾਈਵਰ ਦਾ ਕਤਲ ਕੀਤੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਸੈਕਟਰ-38 ਦੀ ਸੜਕ 'ਤੇ ਸ਼ਨੀਵਾਰ ਸਵੇਰੇ ਉਸ ਦੀ ਲਾਸ਼ ਬਰਾਮਦ ਕੀਤੀ ਗਈ ਹੈ। ਟੈਕਸੀ ਡਰਾਈਵਰ ਦੇ ਸਰੀਰ 'ਤੇ ਚਾਕੂ ਨਾਲ ਕੀਤੇ ਵਾਰ ਦੇ ਨਿਸ਼ਾਨ ਮਿਲੇ ਹਨ। ਫਿਲਹਾਲ ਪੁਲਸ ਨੇ ਮੌਕੇ 'ਤੇ ਪੁੱਜ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਮੁਤਾਬਕ ਮ੍ਰਿਤਕ ਦੀ ਪਛਾਣ ਵਿਜੇ ਕੁਮਾਰ ਵਾਸੀ ਕੁਰਾਲੀ, ਮੋਹਾਲੀ ਵਜੋਂ ਕੀਤੀ ਗਈ ਹੈ। ਉਹ ਵਿਆਹੁਤਾ ਸੀ ਅਤੇ ਉਸ ਦੇ 2 ਬੱਚੇ ਸਨ। ਵਿਜੇ ਕੁਮਾਰ ਕਿਰਾਏ 'ਤੇ ਟੈਕਸੀ ਚਲਾਉਂਦਾ ਸੀ, ਜੋ ਕਿ ਪਿੰਡ ਲੋਹਾ ਵਾਸੀ ਪਰਦੀਪ ਦੀ ਦੱਸੀ ਜਾ ਰਹੀ ਹੈ। ਪਰਦੀਪ ਟੈਕਸੀ ਚਲਾਉਣ ਬਦਲੇ ਵਿਜੇ ਕੁਮਾਰ ਨੂੰ ਰੋਜ਼ਾਨਾ 700 ਰੁਪਏ ਦਿੰਦਾ ਸੀ। ਪੁਲਸ ਮੁਤਾਬਕ ਵਿਜੇ ਸ਼ੁੱਕਰਵਾਰ ਸਵੇਰੇ ਕਰੀਬ 10.30 ਵਜੇ ਖਰੜ ਤੋਂ ਟੈਕਸੀ ਲੈ ਕੇ ਨਿਕਲਿਆ ਸੀ। ਇਸ ਤੋਂ ਬਾਅਦ ਉਹ ਕਿੱਥੇ ਗਿਆ ਅਤੇ ਉਸ ਨਾਲ ਕੌਣ ਸੀ, ਇਸ ਦੀ ਜਾਣਕਾਰੀ ਜੁਟਾਈ ਜਾ ਰਹੀ ਹੈ। ਸ਼ੁੱਕਰਵਾਰ ਰਾਤ ਕਰੀਬ 12.20 ਵਜੇ ਸੈਕਟਰ-56 ਤੋਂ ਇਕ ਟੈਕਸੀ ਬਰਾਮਦ ਹੋਈ। ਟੈਕਸੀ ਸੜਕ ਕਿਨਾਰੇ ਖੜ੍ਹੀ ਮਿਲੀ ਪਰ ਆਸ-ਪਾਸ ਕੋਈ ਵਿਅਕਤੀ ਨਹੀਂ ਸੀ। ਪੁਲਸ ਨੇ ਟੈਕਸੀ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਟੈਕਸੀ ਦੇ ਡਰਾਈਵਰ ਬਾਰੇ ਕੋਈ ਜਾਣਕਾਰੀ ਨਾ ਮਿਲਣ 'ਤੇ ਪੁਲਸ ਨੇ ਉਸ ਦੀ ਭਾਲ ਸ਼ੁਰੂ ਕੀਤੀ। ਸ਼ਨੀਵਾਰ ਸਵੇਰੇ ਉਸ ਦੀ ਲਾਸ਼ ਸੈਕਟਰ-38 ਨੇੜਿਓਂ ਮਿਲੀ। ਪੁਲਸ ਨੇ ਲਾਸ਼ ਨੂੰ ਸੈਕਟਰ-16 ਹਸਪਤਾਲ ਦੀ ਮੋਰਚਰੀ 'ਚ ਰਖਵਾ ਦਿੱਤਾ ਹੈ ਅਤੇ ਪਰਿਵਾਰ ਵਾਲਿਆਂ ਨੂੰ ਸੂਚਨਾ ਦੇ ਦਿੱਤੀ ਗਈ ਹੈ। ਪੁਲਸ ਟੈਕਸੀ, ਸੀ. ਸੀ. ਟੀ. ਵੀ. ਫੁਟੇਜ ਅਤੇ ਮ੍ਰਿਤਕ ਦੇ ਸੰਪਰਕ 'ਚ ਰਹੇ ਲੋਕਾਂ ਦੀ ਜਾਣਕਾਰੀ ਜੁਟਾ ਰਹੀ ਹੈ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.



### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.



### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ



ਮੌਤ ਦਾ ਸਭ ਤੋਂ ਵੱਡਾ ਭੇਦ ਇਹ ਹੈ ਕਿ ਮਨੁੱਖ ਨੂੰ ਨਾ ਇਸ ਦੇ ਸਮੇਂ ਦਾ ਤੇ ਨਾ ਹੀ ਢੰਗ ਤਰੀਕੇ ਦਾ ਕੋਈ ਗਿਆਨ ਹੁੰਦਾ ਹੈ। ਇਹ ਅਚਾਨਕ ਹੀ ਸਭ ਕੁਝ ਵਾਪਰਦਾ ਹੈ ਤੇ ਮਨੁੱਖ ਹੈਰਾਨ ਪਰੇਸ਼ਾਨ ਹੋ ਜਾਂਦਾ ਹੈ। ਮੌਤ ਕਿਸੇ ਤਰ੍ਹਾਂ ਵੀ ਆਵੇ ਹਮੇਸ਼ਾ ਹੀ ਸਭ ਲਈ ਦੁਖਦਾਈ ਹੁੰਦੀ ਹੈ...



• ਗੁਰਬਿੰਦਰ ਸਿੰਘ ਮਾਣਕ
98153-56086

ਸਦੀਆਂ ਤੋਂ ਮੌਤ ਮਨੁੱਖ ਲਈ ਰਹੱਸ ਬਣੀ ਹੋਈ ਹੈ। ਕਈ ਵਾਰ ਤਾਂ ਇਸ ਤਰ੍ਹਾਂ ਜਾਪਦਾ ਹੈ ਕਿ ਮੌਤ ਦੀ ਥਾਹ ਪਾ ਸਕਣਾ ਮਨੁੱਖੀ ਬੁੱਧੀ ਦੇ ਵੱਸ ਵਿਚ ਨਹੀਂ ਹੈ। ਜ਼ਿੰਦਗੀ ਦੇ ਹਰ ਖੇਤਰ ਵਿਚ ਵਿਕਾਸ ਦੀਆਂ ਉੱਚੀਆਂ ਮੰਜ਼ਿਲਾਂ ਛੂਹਣ ਵਾਲੀ ਮਨੁੱਖ ਦੀ ਸੂਝ, ਮੌਤ ਅੱਗੇ ਬੇਵੱਸ ਅਤੇ ਲਾਚਾਰ ਹੋ ਜਾਂਦੀ ਹੈ। ਮੌਤ ਦੇ ਤਾਂਡਵ ਅੱਗੇ ਕਹਿੰਦੇ ਕਹਾਉਂਦੇ ਵੀ ਆਪਣੀ ਹਾਰ ਮੰਨਣ ਲਈ ਮਜਬੂਰ ਹੋ ਜਾਂਦੇ ਹਨ। ਹਾਲਾਂਕਿ ਇਹ ਵਿਗਿਆਨਕ ਸਚਾਈ ਹੈ ਕਿ ਜਿਹੜਾ ਜੀਵ ਇਸ ਧਰਤੀ 'ਤੇ ਪੈਦਾ ਹਇਆ ਹੈ, ਉਸ ਨੇ ਇਕ ਨਾ ਇਕ ਦਿਨ ਉਸ ਰਾਹ ਤੁਰ ਜਾਣਾ ਹੈ, ਜਿੱਥੋਂ ਗਿਆ ਕਦੇ ਕੋਈ ਵਾਪਸ ਨਹੀਂ ਪਰਤਿਆ।

ਮੌਤ ਬਾਰੇ ਸਚਾਈ ਬਿਆਨ ਕਰਦਿਆਂ ਕਿੱਸਾਕਾਰ ਹਾਸ਼ਮ ਨੇ ਲਿਖਿਆ ਹੈ,'ਹਾਸ਼ਮ ਬੈਠ ਗਈਆਂ ਲੱਖ ਡਾਰਾਂ, ਇਹ ਜਗਤ ਮੁਸਾਫਰਖਾਨਾ'। ਸਦੀਆਂ ਤੋਂ ਇਹ ਜਹਾਨ ਇਸੇ ਤੋਰ ਤੁਰਦਾ ਆ ਰਿਹਾ ਹੈ। ਮਰਨ ਵਾਲੇ ਨਾਲ ਜਿੰਨਾ-ਜਿੰਨਾ ਕਿਸੇ ਦਾ ਨੇੜ ਹੋਵੇ, ਓਨੀ-ਓਨੀ ਦਰਦ ਦੀ ਸ਼ਿੱਦਤ ਗਹਿਰੀ ਹੁੰਦੀ ਹੈ। ਉਂਜ ਤਾਂ ਮਨੁੱਖ ਮੌਤ ਨੂੰ ਕਿਸੇ ਉਮਰ ਵਿਚ ਵੀ ਸਵੀਕਾਰ ਨਹੀਂ ਕਰਦਾ, ਕਿਉਂਕਿ ਵਿਅਕਤੀ ਦੀ ਘਾਟ ਨੂੰ ਕਿਸੇ ਤਰ੍ਹਾਂ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਜ਼ਿੰਦਗੀ ਦੇ ਸਾਰੇ ਰੰਗ ਮਾਣ ਕੇ ਬੁੱਢੇ ਮਾਂ ਬਾਪ ਵੀ ਤੁਰ ਜਾਣ ਤਾਂ ਕਈ ਚਿਰ ਘਰ ਖ਼ਾਲੀ-ਖ਼ਾਲੀ ਨਜ਼ਰ ਆਉਂਦਾ ਰਹਿੰਦਾ ਹੈ। ਘਰ ਦੇ ਜੀਆਂ ਨੂੰ ਅਕਸਰ ਹੀ ਉਨ੍ਹਾਂ ਦੇ ਭੁਲੇਖੇ ਪੈਂਦੇ ਰਹਿੰਦੇ ਹਨ। ਅਸਲ ਵਿਚ ਮਨੁੱਖ ਲਈ ਇਹ ਪ੍ਰਵਾਨ ਕਰਨਾ ਹੀ ਔਖਾ ਹੋ ਜਾਂਦਾ ਹੈ ਕਿ ਜ਼ਿੰਦਗੀ ਦੇ ਕਾਰ ਵਿਹਾਰ ਵਿਚ ਰੁੱਝਿਆ, ਖੁਸ਼ੀਆਂ-ਖੇੜੇ ਮਾਣਦਾ, ਮਨ ਵਿਚ ਨਵੀਆਂ ਆਸਾਂ ਤੇ ਉਮੰਗਾਂ ਦੇ ਸੁਪਨੇ ਸਜੋਈ ਬੈਠਾ ਕੋਈ ਵਿਅਕਤੀ, ਮੌਤ ਦੇ ਜ਼ਾਲਮ ਪੰਜੇ ਨੇ ਅਚਿੰਤੇ ਹੀ ਦਬੋਚ ਲਿਆ ਹੈ। ਸਹਿਜੇ-ਸਹਿਜੇ ਦੁਨੀਆ ਜਹਾਨ ਵੱਲ ਦੇਖ ਕੇ ਮਨੁੱਖ ਸਦਮੇ ਵਿੱਚੋਂ ਬਾਹਰ ਆ ਜਾਂਦਾ ਹੈ। ਕਈ ਮੌਤਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਨ੍ਹਾਂ ਕਾਰਨ ਮਨੁੱਖ ਅੰਦਰੋਂ-ਅੰਦਰੀ ਖੁਰਦਾ ਰਹਿੰਦਾ ਹੈ ਤੇ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ।

ਮੌਤ ਦਾ ਸਭ ਤੋਂ ਵੱਡਾ ਭੇਦ ਇਹ ਹੈ ਕਿ ਮਨੁੱਖ ਨੂੰ ਨਾ ਮੌਤ ਦੇ ਸਮੇਂ ਦਾ ਤੇ ਨਾ ਹੀ ਮੌਤ ਦੇ ਢੰਗ ਤਰੀਕੇ ਦਾ ਕੋਈ ਗਿਆਨ ਹੁੰਦਾ ਹੈ। ਇਹ ਅਚਾਨਕ ਹੀ ਸਭ ਕੁਝ ਵਾਪਰਦਾ ਹੈ ਤੇ ਮਨੁੱਖ ਹੈਰਾਨ ਪਰੇਸ਼ਾਨ ਹੋ ਜਾਂਦਾ ਹੈ। ਕਿਸੇ ਤਰ੍ਹਾਂ ਵੀ ਆਵੇ ਮੌਤ ਹਮੇਸ਼ਾ ਹੀ ਦੁਖਦਾਈ ਹੁੰਦੀ ਹੈ। ਜੰਗ ਵਿਚ ਬਹਾਦਰੀ ਨਾਲ ਜੂਝਦਿਆਂ ਜਾਂ ਅਤਿਵਾਦੀਆਂ ਦਾ ਮੁਕਾਬਲਾ ਕਰਦਿਆਂ ਸ਼ਹੀਦ ਹੋਏ ਕਿਸੇ ਫ਼ੌਜੀ ਜਵਾਨ ਦੀ ਲਾਸ਼ ਜਦੋਂ ਅਚਾਨਕ ਘਰ ਪਹੁੰਚਦੀ ਹੈ ਤਾਂ ਘਰ ਵਿਚ ਦਰਦ ਦਾ ਕੁਹਰਾਮ ਮਚ ਉੱਠਦਾ ਹੈ। ਲਾਸ਼ ਬਣ ਕੇ ਆਏ ਪੁੱਤ ਨੂੰ ਦੇਖ ਕੇ ਬੁੱਢੇ ਮਾਂ ਬਾਪ ਦੀਆਂ ਅੱਖਾਂ ਪਥਰਾ ਜਾਂਦੀਆਂ ਹਨ। ਪਤਨੀ ਤੇ ਬੱਚੇ ਤਾਂ ਫ਼ੌਜੀ ਦੇ ਛੁੱਟੀ ਆਉਣ ਦੀ ਆਸ ਵਿਚ ਦਿਨ ਗਿਣਦੇ ਸਨ ਪਰ ਅਚਾਨਕ ਉਨ੍ਹਾਂ 'ਤੇ ਦੁੱਖਾਂ ਦਾ ਪਹਾੜ ਡਿਗ ਪੈਂਦਾ ਹੈ, ਜਿਸ ਨੂੰ ਸ਼ਬਦਾਂ 'ਚ ਬਿਆਨ ਕਰਨਾ ਬਹੁਤ ਔਖਾ ਹੈ। ਅੱਤਵਾਦ ਦੇ ਦੈਂਤ ਨੇ ਪਿਛਲੇ ਕੁਝ ਸਾਲਾਂ ਵਿਚ ਪਤਾ ਨਹੀਂ ਕਿੰਨੇ ਘਰਾਂ ਵਿਚ ਸੱਥਰ ਵਿਛਾਏ ਹਨ।

ਪੰਜਾਬ ਵਿਚ ਨਸ਼ਿਆਂ ਦਾ ਅੱਤਵਾਦ ਵੀ ਗਹਿਰੀ ਚਿੰਤਾ ਦਾ ਵਿਸ਼ਾ ਬਣਿਆ ਹਇਆ ਹੈ। ਪਿਛਲੇ ਕਈ ਸਾਲਾਂ ਤੋਂ ਸ਼ਰਾਬ, ਸਮੈਕ, ਹੈਰੋਇਨ, ਚਿੱਟਾ ਤੇ ਅਨੇਕਾਂ ਹੋਰ ਮੈਡੀਕਲ ਨਸ਼ੇ ਪੰਜਾਬ ਦੀ ਜਵਾਨੀ ਦਾ ਘੌਅ ਬਣੇ ਹੋਏ ਹਨ। ਨਸ਼ਿਆਂ ਦੀ ਇਸ ਕਾਲੀ ਹਨੇਰੀ ਨੇ ਅਨੇਕਾਂ ਘਰਾਂ ਦੇ ਚਿਰਾਗ਼ ਬੁਝਾ ਦਿੱਤੇ ਹਨ। ਘਰ-ਘਰ ਸੱਥਰ ਵਿਛੇ ਹੋਏ ਹਨ। ਬੁੱਢੇ ਬਾਪ ਹਰ ਰੋਜ਼ ਅਰਥੀਆਂ ਨੂੰ ਮੋਢਾ ਦੇਣ ਦਾ ਸੰਤਾਪ ਭੋਗ ਰਹੇ ਹਨ।

ਪੰਜਾਬ ਵਿਚ ਹਰ ਰੋਜ਼ ਸੜਕ ਹਾਦਸਿਆਂ ਵਿਚ ਹੁੰਦੀਆਂ ਮੌਤਾਂ ਘਰਾਂ ਵਿਚ ਕੀਰਨਿਆਂ ਦੇ ਸੱਥਰ ਵਿਛਾ ਰਹੀਆਂ ਹਨ। ਕਈ ਵਾਰ ਤਾਂ ਸਾਰੇ ਦਾ ਸਾਰਾ ਪਰਿਵਾਰ ਹੀ ਅਣਗਹਿਲੀ ਤੇ ਤੇਜ਼ ਰਫ਼ਤਾਰੀ ਦਾ ਸ਼ਿਕਾਰ ਹੋ ਕੇ ਸੜਕਾਂ 'ਤੇ ਹੋ ਰਹੀ ਖ਼ੂਨੀ-ਖੇਡ ਦਾ ਹਿੱਸਾ ਬਣ ਜਾਂਦਾ ਹੈ। ਕਦੇ-ਕਦੇ ਤਾਂ ਪਿੱਛੇ ਕੋਈ ਰੋਣ ਵਾਲਾ ਵੀ ਨਹੀਂ ਬਚਦਾ। ਸਕੂਲੀ ਬੱਸਾਂ ਦੇ ਹਾਦਸਿਆਂ ਵਿਚ ਫੁੱਲਾਂ ਜਿਹੇ ਮਸੂਮ ਬੱਚਿਆਂ ਦਾ ਵਿਛੋੜਾ ਤਾਂ ਹਰ ਕਿਸੇ ਲਈ ਦਰਦ ਦੀ ਇੰਤਹਾ ਹੁੰਦਾ ਹੈ। ਸਵੇਰੇ ਚਾਅ ਨਾਲ ਤਿਆਰ ਕਰਕੇ ਸਕੂਲ ਦੀ ਬੱਸ ਵਿਚ ਚੜ੍ਹਾਏ ਆਪਣੇ ਲਾਡਲਿਆਂ ਬਾਰੇ ਅਜਿਹੀ ਮਨਹੂਸ ਖ਼ਬਰ ਸੁਣ ਕੇ ਮਾਪਿਆਂ ਦਾ ਕਲੇਜਾ ਪਾਟ ਜਾਂਦਾ ਹੈ। ਕਿੰਨਾ ਔਖਾ ਹੈ ਅਜਿਹੀ ਮੌਤ ਨੂੰ ਸਹਿਣਾ। ਜਿਨ੍ਹਾਂ ਦੇ ਇਕਲੌਤੇ ਪੁੱਤਰ ਤੁਰ ਜਾਂਦੇ ਹਨ ਉਨ੍ਹਾਂ ਦੇ ਦਰਦ ਦੀ ਸ਼ਿੱਦਤ ਨੂੰ ਕੇਵਲ ਮਹਿਸੂਸ ਹੀ ਕੀਤਾ ਜਾ ਸਕਦਾ ਹੈ। ਕਹਿਣਾ ਤਾਂ ਬੜਾ ਸੌਖਾ ਹੈ ਕਿ ਮੌਤ ਅੱਗੇ ਕੋਈ ਜ਼ੋਰ ਨਹੀਂ ਪਰ ਜਿਸ ਘਰ ਦੀਆਂ ਸਭ ਆਸਾਂ, ਸੱਧਰਾਂ ਤੇ ਸੁਪਨੇ ਮਿੱਟੀ ਵਿਚ ਮਿਲ ਗਏ ਹੋਣ, ਉੱਥੇ ਮਾਪੇ ਕਿਹੜੀ ਆਸ ਨਾਲ ਜ਼ਿੰਦਗੀ ਦੇ ਦਿਨ ਕੱਟਣਗੇ। ਬਹੁਤ ਕਠਿਨ ਹੁੰਦਾ ਹੈ ਮਾਪਿਆਂ ਲਈ ਆਪਣੇ ਪਿਆਰੇ ਮਸੂਮਾਂ ਦੀਆਂ ਤੋਤਲੀਆਂ ਤੇ ਨਿਰਛੱਲ ਯਾਦਾਂ ਨੂੰ ਭੁਲਾ ਸਕਣਾ। ਸੜਕ ਹਾਦਸਿਆਂ ਵਿਚ ਨੌਜਵਾਨ ਗੱਭਰੂਆਂ ਦੀਆਂ ਮੌਤਾਂ ਹਰ ਪੜ੍ਹਨ ਸੁਣਨ ਵਾਲੇ ਦੇ ਮਨ ਨੂੰ ਪੀੜੋ-ਪੀੜ ਕਰ ਦਿੰਦੀਆਂ ਹਨ। ਜਦੋਂ ਮਾਪਿਆਂ ਦੀ ਇਕੋ ਇਕ ਆਸ ਇਕਲੌਤਾ ਪੁੱਤਰ ਧੀ, ਜੋਬਨ ਰੁੱਤੇ ਹੀ, ਉਨ੍ਹਾਂ ਦੇ ਹੱਥਾਂ 'ਚ ਚਲਾ ਜਾਵੇ ਤਾਂ ਇਸ ਦਰਦ ਨੂੰ ਸ਼ਬਦਾਂ 'ਚ ਬਿਆਨ ਨਹੀਂ ਕੀਤਾ ਜਾ ਸਕਦਾ।

ਸਾਰਾ ਦੋਸ਼ ਰੱਬ ਦੇ ਸਿਰ ਹੀ ਮੜ੍ਹ ਦਿੱਤਾ ਜਾਂਦਾ ਹੈ, ਹਾਲਾਂਕਿ ਬਹੁਤੇ ਹਾਦਸੇ ਮਨੁੱਖੀ ਗ਼ਲਤੀ ਤੇ ਅਨੁਸ਼ਾਸਨਹੀਣਤਾ ਕਰਕੇ ਹੀ ਵਾਪਰਦੇ ਹਨ। ਜਦੋਂ ਕੋਈ ਬਾਪ ਆਪਣੇ ਨੌਜਵਾਨ ਬੱਚਿਆਂ ਨੂੰ ਅਗਨੀ ਦਿਖਾਉਂਦਾ ਹੈ ਤਾਂ ਇਕ ਵਾਰ ਤਾਂ ਧਰਤੀ ਦਾ ਕਲੇਜਾ ਪਾਟ ਜਾਂਦਾ ਹੈ। ਅਜਿਹੇ ਸਮੇਂ ਕੋਈ ਹੌਸਲਾ, ਤਸੱਲੀ ਜਾਂ ਸਬਰ ਦੀ ਨਸੀਹਤ ਵੀ ਕਾਟ ਨਹੀਂ ਕਰਦੀ। ਜਿਸ ਦੀ ਦੁਨੀਆ ਹੀ ਉੱਜੜ ਜਾਵੇ ਉਹ ਸਬਰ ਵੀ ਕਰੇ ਤਾਂ ਕਿਸ ਗੱਲ ਦਾ। ਖ਼ੁਸ਼ੀਆਂ ਤੇ ਰੰਗਾਂ ਵਿਚ ਵਸਦੀ ਜਦੋਂ ਕਿਸੇ ਮੁਟਿਆਰ ਨੂੰ ਚਿੱਟੀ ਚੁੰਨੀ ਦੀ ਮੁਥਾਜ ਹੋਣਾ ਪੈਂਦਾ ਹੈ ਤਾਂ ਉਸ ਦੀ ਜ਼ਿੰਦਗੀ ਹਨੇਰੀ ਹੋ ਜਾਂਦੀ ਹੈ ਤੇ ਜ਼ਿੰਦਗੀ ਦੇ ਸਭ ਰੰਗ ਫਿੱਕੇ ਪੈ ਜਾਂਦੇ ਹਨ। ਜੇ ਕਿਸੇ ਛੋਟੇ ਬੱਚੇ ਦੀ ਮਾਂ ਤੁਰ ਜਾਵੇ ਤਾਂ ਬੱਚੇ ਦੀ ਦੁਨੀਆਂ ਵਿਰਾਨ ਹੋ ਜਾਂਦੀ ਹੈ। ਹੋਰ ਰਿਸ਼ਤੇ ਜਿੰਨੇ ਮਰਜ਼ੀ ਹੋਣ ਪਰ ਮਾਂ-ਰੂਪੀ ਮਮਤਾ ਲਈ ਉਹ ਹਮੇਸ਼ਾ ਤਰਸਦਾ ਰਹਿੰਦਾ ਹੈ। ਉਹਦੀ ਜ਼ਿੰਦਗੀ ਵਿਚ ਇਕ ਖ਼ਲਾਅ ਪੈਦਾ ਹੋ ਜਾਂਦਾ ਹੈ।

ਅਜੋਕੇ ਮਨੁੱਖ ਨੇ ਜੀਵਨ ਦੇ ਹਰ ਖੇਤਰ ਵਿਚ ਵਿਕਾਸ ਦੀਆਂ ਮੰਜ਼ਿਲਾਂ ਤੈਅ ਕੀਤੀਆਂ ਹਨ। ਅਨੇਕਾਂ ਬਿਮਾਰੀਆਂ ਤੋਂ ਮੈਡੀਕਲ ਵਿਗਿਆਨ ਦੀ ਬਦੌਲਤ, ਮਨੁੱਖ ਨੇ ਨਜਾਤ ਪਾਈ ਹੈ ਪਰ ਵਿਕਾਸ ਦੀ ਅੰਨ੍ਹੀ ਦੌੜ ਅਤੇ ਕੁਦਰਤ ਦੇ ਵਰਤਾਰੇ ਨੂੰ ਮਲੀਆ ਮੇਟ ਕਰਨ ਦੇ ਸਿੱਟੇ ਵਜੋਂ, ਅਜੋਕੀ ਜੀਵਨ-ਜਾਚ ਨੂੰ ਅਨੇਕਾਂ ਸੰਕਟਾਂ ਅਤੇ ਭਿਆਨਕ ਬਿਮਾਰੀਆਂ ਨੇ ਪੂਰੀ ਤਰ੍ਹਾਂ ਆਪਣੀ ਜਕੜ ਵਿਚ ਲੈ ਲਿਆ ਹੈ। ਹਵਾ, ਪਾਣੀ ਤੇ ਧਰਤੀ ਨੂੰ ਪਲੀਤ ਕਰਕੇ ਮਨੁੱਖ ਆਪਣੀ ਮੌਤ ਆਪ ਸਹੇੜ ਰਿਹਾ ਹੈ। ਭਾਰਤ ਸਮੇਤ ਬਹੁਤੇ ਦੇਸ਼ ਖ਼ਤਰਨਾਕ ਹਥਿਆਰ ਤੇ ਅਸਲਾ ਬਰੂਦ ਬਣਾ ਕੇ, ਇਕ ਪਾਸੇ ਧਨ ਦੀ ਬਰਬਾਦੀ ਕਰ ਰਹੇ ਹਨ ਤੇ ਦੂਜੇ ਪਾਸੇ ਆਪਣੇ ਹੱਥੀਂ ਮੌਤ ਦਾ ਸਾਮਾਨ ਬਣਾ ਕੇ, ਅਮਨ ਦੀਆਂ ਟਾਹਰਾਂ ਮਾਰਦੇ ਹਨ। ਮਾਰੂ ਹਥਿਆਰਾਂ 'ਤੇ ਖ਼ਰਚਿਆ ਜਾ ਰਿਹਾ ਇਹ ਸਰਮਾਇਆ ਜੇ ਸਾਰੇ ਦੇਸ਼ ਮਾਨਵਤਾ ਦੀ ਬਿਹਤਰੀ ਲਈ ਖ਼ਰਚਣ ਤਾਂ ਸੰਸਾਰ ਵਿੱਚੋਂ ਗ਼ਰੀਬੀ ਵਰਗੀਆਂ ਕਈ ਅਲਾਮਤਾਂ ਦੂਰ ਹੋ ਸਕਦੀਆਂ ਹਨ। ਪੂਰੇ ਸੰਸਾਰ ਨੂੰ ਅੱਤਵਾਦ ਨੇ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਧਰਮ ਦੇ ਨਾਂ 'ਤੇ ਮਸੂਮ ਲੋਕਾਂ ਨੂੰ ਅਚਾਨਕ ਮੌਤ ਦੇ ਘਾਟ ਉਤਾਰ ਦੇਣ ਨਾਲ ਕਿਹੜਾ 'ਰੱਬ' ਹੈ ਜਿਹੜਾ ਖ਼ੁਸ਼ ਹੁੰਦਾ ਹੈ?

ਕੁਦਰਤ ਦਾ ਵਰਤਾਰਾ ਵੀ ਅਜੀਬ ਹੈ। ਪੰਜਾਬ ਸਮੇਤ ਪੂਰੇ ਦੇਸ਼ ਵਿਚ ਕਿਸਾਨ ਖ਼ੁਦਕੁਸ਼ੀਆਂ ਦੀਆਂ ਦਿਲਾਂ ਨੂੰ ਵਲੂੰਧਰਨ ਵਾਲੀਆਂ ਘਟਨਾਵਾਂ ਹਰ ਰੋਜ਼ ਵਾਪਰ ਰਹੀਆਂ ਹਨ। ਦੂਜਿਆਂ ਦੀ ਭੁੱਖ ਮਿਟਾਉਣ ਵਾਲਾ 'ਅੰਨਦਾਤਾ' ਇਸ ਕਦਰ ਮੁਸੀਬਤਾਂ ਦੇ ਭੰਵਰ ਵਿਚ ਭਟਕ ਰਿਹਾ ਹੈ ਕਿ ਮੌਤ ਰੂਪੀ ਫੰਦੇ ਵਿੱਚੋਂ ਹੀ ਇਸ ਦੁਸ਼ਵਾਰ ਜੀਵਨ ਦਾ ਅੰਤ ਭਾਲਣ ਲਈ ਮਜਬੂਰ ਹੋ ਰਿਹਾ ਹੈ। ਸਾਰੇ ਧਰਮ ਜੀਵਨ ਨੂੰ ਨਾਸ਼ਵਾਨ ਦੱਸਦੇ ਹਨ ਤੇ ਰੱਬੀ ਭਾਣੇ ਵਿਚ ਰਹਿ ਕੇ, ਮੌਤ ਨੂੰ ਪ੍ਰਵਾਨ ਕਰਨ ਦਾ ਹੋਕਾ ਦਿੰਦੇ ਹਨ। ਪੰਜਾਬੀ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਨੇ ਪਤਾ ਨਹੀਂ ਕਿਹੜੇ ਆਵੇਸ਼ ਵਿਚ ਇਹ ਸਤਰਾਂ ਲਿਖੀਆਂ ਹੋਣਗੀਆਂ : 'ਜੋਬਨ ਰੁੱਤੇ ਜੋ ਵੀ ਮਰਦਾ, ਫੁੱਲ ਬਣੇ ਜਾਂ ਤਾਰਾ।' ਇਹ ਤਾਂ ਪਤਾ ਨਹੀਂ ਜ਼ਿੰਦਗੀ ਦੀ ਜੋਬਨ ਰੁੱਤੇ ਤੁਰ ਜਾਣ ਵਾਲਿਆਂ ਦੇ ਪੂਰਾਂ ਦੇ ਪੂਰ ਫੁੱਲ ਬਣਦੇ ਹਨ ਜਾਂ ਤਾਰੇ ਪਰ ਇਹ ਗੱਲ ਪੱਕੀ ਹੈ ਕਿ ਜੋਬਨ ਰੁੱਤੇ ਤੁਰ ਜਾਣ ਵਾਲੇ ਆਪਣੇ ਘਰਾਂ ਦੀਆਂ ਖ਼ੁਸ਼ੀਆਂ, ਚਾਵਾਂ ਸੱਧਰਾਂ, ਆਸਾਂ ਉਮੰਗਾਂ ਤੇ ਬਹਾਰਾਂ ਨੂੰ ਸਦਾ-ਸਦਾ ਲਈ ਪਤਝੜ ਦੀ ਵਿਰਾਨੀ ਦੇ ਆਲਮ ਵਿਚ ਛੱਡ ਜਾਂਦੇ ਹਨ। ਮੌਤ-ਰੂਪੀ ਤਾਂਡਵ ਅੱਗੇ ਮਨੁੱਖ ਬੇਵਸ ਤੇ ਲਾਚਾਰ ਹੋ ਜਾਂਦਾ ਹੈ।

ਇਹ ਸਹੀ ਹੈ ਕਿ ਮੈਡੀਕਲ ਸਾਇੰਸ ਦੀ ਤਰੱਕੀ ਨੇ ਬਹੁਤ ਸਾਰੀਆਂ ਜਾਨ-ਲੇਵਾ ਬਿਮਾਰੀਆਂ ਨੂੰ ਰੋਕਣ ਵਿਚ ਸਫਲਤਾ ਹਾਸਲ ਕੀਤੀ ਹੈ। ਮਨੁੱਖ ਦੀ ਉਮਰ ਨੂੰ ਹੋਰ ਲੰਮੇਰਾ ਕਰਨ ਦੀ ਦਿਸ਼ਾ ਵਿਚ ਵੀ ਵਿਗਿਆਨਕ ਖੋਜਾਂ ਜਾਰੀ ਹਨ। ਇਸ ਸਭ ਕੁਝ ਦੇ ਬਾਵਜੂਦ ਮਨੁੱਖ ਮੌਤ ਦੇ ਰਹੱਸ ਨੂੰ ਸਮਝਣ ਤੋਂ ਅਜੇ ਦੂਰ ਹੈ। ਇਹ ਗੱਲ ਵੀ ਸਮਝ ਤੋਂ ਬਾਹਰ ਹੈ ਕਿ ਕਿਸੇ ਧਾਰਮਿਕ ਸਥਾਨ 'ਤੇ ਪਾਠ-ਪੂਜਾ ਕਰਨ ਵਾਲੇ ਸ਼ਰਧਾਲੂਆਂ ਨੂੰ ਵੀ, ਕਿਸੇ ਬੰਬ ਧਮਾਕੇ ਜਾਂ ਬੰਦੂਕ ਦੀਆਂ ਗੋਲੀਆਂ ਤੋਂ, ਰੱਬਰੂਪੀ ਕਹੀ ਜਾਂਦੀ ਕੋਈ 'ਅਗੰਮੀ ਸ਼ਕਤੀ' ਬਚਾਉਣ ਤੋਂ ਕਿਉਂ ਅਸਮਰੱਥ ਰਹਿੰਦੀ ਹੈ? ਬਾਬਾ ਫ਼ਰੀਦ ਨੇ ਇਕ ਸਲੋਕ ਵਿਚ ਅਚਾਨਕ ਆ ਦਬੋਚਦੀ ਮੌਤ ਦੀ ਸਥਿਤੀ ਨੂੰ ਇੰਜ ਬਿਆਨ ਕੀਤਾ ਹੈ :

*ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ।*
*ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ।*
*ਬਾਜ ਪਏ ਤਿਸੁ ਰਬ ਦੇ ਕੇਲਾ ਵਿਸਰੀਆ।*
*ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆ।* •

---

ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਉਹ ਕੁਦਰਤ ਤੋਂ ਦੂਰ ਹੁੰਦਾ ਜਾ ਰਿਹਾ ਹੈ ਜਦਕਿ ਜੀਣ ਦੀ ਸਭ ਤੋਂ ਵੱਡੀ ਅਦਾ, ਸਾਨੂੰ ਕੁਦਰਤ ਸਿਖਾਉਂਦੀ ਹੈ। ਕੁਦਰਤ ਸਿਰਫ਼ ਦੇਣਾ ਜਾਣਦੀ ਹੈ ਤੇ ਬਦਲੇ 'ਚ ਸਿਰਫ਼ ਪਿਆਰ ਅਤੇ ਅਪਣੱਤ ਦੀ ਮੰਗ ਕਰਦੀ ਹੈ...

# ਜਿਊਣਾ ਵੀ ਇਕ ਅਦਾ ਹੈ





• ਮੋਨਿਕਾ ਕਟਾਰੀਆ
99145-37506

ਕੁਦਰਤ ਨੇ ਮਨੁੱਖ ਨੂੰ ਬਹੁਤ ਹੀ ਬਿਹਤਰੀਨ ਜਜ਼ਬਾਤ ਅਤੇ ਅਦਾਵਾਂ ਨਾਲ ਨਿਵਾਜਿਆ ਹੈ। ਜਿਨ੍ਹਾਂ ਰਾਹੀਂ ਉਹ ਆਪਣੇ ਦੁੱਖ-ਸੁੱਖ ਨੂੰ ਮਹਿਸੂਸ ਕਰਦਾ ਹੈ ਅਤੇ ਦੂਸਰਿਆਂ ਨਾਲ ਸਾਂਝੇ ਕਰਦਾ ਹੈ। ਜਜ਼ਬਾਤ ਹਰ ਇਕ ਕੋਲ ਹੁੰਦੇ ਹਨ ਪ੍ਰੰਤੂ ਉਨ੍ਹਾਂ ਨੂੰ ਵਿਅਕਤ ਕਰਨ ਦਾ ਤਰੀਕਾ, ਹਰ ਕਿਸੇ ਦਾ ਆਪਣਾ ਹੁੰਦਾ ਹੈ। ਕਈਆਂ ਦਾ ਆਪਣੇ ਜਜ਼ਬਾਤ ਉੱਪਰ ਕੰਟਰੋਲ ਨਹੀਂ ਹੁੰਦਾ ਅਤੇ ਕਈ ਉਨ੍ਹਾਂ ਨੂੰ ਲਕਾਉਣਾ ਬਾਖ਼ੂਬੀ ਜਾਣਦੇ ਹਨ। ਇਨ੍ਹਾਂ ਦਾ ਹੀ ਇਕ ਹਿੱਸਾ ਹੈ ਅਦਾ। ਅਦਾ, ਜਿਸਦੇ ਸ਼ਾਬਦਿਕ ਅਰਥ ਹਨ-ਢੰਗ, ਤਰੀਕਾ, ਨਖਰਾ। ਹਰ ਮਨੁੱਖ ਦਾ ਹਰ ਚੀਜ਼ ਨੂੰ ਦੇਖਣ, ਸਮਝਣ ਦਾ ਆਪਣਾ ਢੰਗ ਹੁੰਦਾ ਹੈ। ਉਸ ਦੀਆਂ ਪਿਆਰ ਕਰਨ, ਕਿਸੇ ਰੁੱਸੇ ਨੂੰ ਮਨਾਉਣ ਤੇ ਰਿਝਾਉਣ ਦੀ ਆਪਣੀਆਂ ਅਦਾਵਾਂ ਹੁੰਦੀਆਂ ਹਨ ਜੋ ਉਸ ਨੂੰ ਦੂਸਰਿਆਂ ਤੋਂ ਅਲੱਗ ਬਣਾਉਂਦੀਆਂ ਹਨ। ਅਕਬਰ ਇਲਾਹਾਬਾਦੀ ਅਦਾ ਨੂੰ ਖ਼ੂਬਸੂਰਤੀ ਦੇ ਮੰਦਰ ਵਿਚ ਇਉ ਪੇਸ਼ ਕਰਦੇ ਹਨ :

*ਕਿਸ ਕਿਸ ਅਦਾ ਸੇ ਤੂਨੇ ਜਲਵਾ ਦਿਖਾ ਕੇ ਮਾਰਾ*
*ਅਜ਼ਾਦ ਹੋ ਚੁੱਕੇ ਥੇ, ਬੰਦਾ ਬਨਾ ਕੇ ਮਾਰਾ*
*ਅੱਵਲ ਬਨਾ ਕੇ ਪੁਤਲਾ, ਪੁਤਲੇ ਮੇਂ ਜਾਨ ਡਾਲੀ*
*ਫਿਰ ਉਸਕੋ ਖ਼ੁਦ ਕਜ਼ਾ ਕੀ ਸੂਰਤ ਮੇਂ ਆ ਕੇ ਮਾਰਾ।*

ਜਿਵੇਂ ਇਸ਼ਕ ਕਰਨਾ, ਰੁੱਸਣਾ, ਮਨਾਉਣਾ ਸਾਰੀਆਂ ਅਦਾਵਾਂ ਨੂੰ ਅਸੀਂ ਬਾਖ਼ੂਬੀ ਨਿਭਾਉਣਾ ਜਾਣਦੇ ਹਾਂ। ਇਨ੍ਹਾਂ ਤੋਂ ਇਲਾਵਾ ਇਕ ਅਦਾ ਹੋਰ ਵੀ ਹੈ, ਜਿਸ ਨੂੰ ਅਸੀਂ ਜਾਣਦੇ ਤਾਂ ਬਹੁਤ ਚੰਗੀ ਤਰ੍ਹਾਂ ਹਾਂ ਪਰ ਉਸ ਨੂੰ ਮਾਣਨਾ ਭੁੱਲ ਬੈਠੇ ਹਾਂ। ਇਹ ਹੈ-ਜਿਊਣ ਦੀ ਅਦਾ।

ਅੱਜ ਦੇ ਦੌਰ ਵਿਚ ਮਨੁੱਖ ਸਿਰਫ਼ ਦੌੜ ਰਿਹਾ ਹੈ। ਕਦੀ ਸਫਲਤਾ ਪਿੱਛੇ, ਕਦੇ ਦੂਸਰਿਆਂ ਪਿੱਛੇ ਤੇ ਕਦੀ ਆਪਣੀਆਂ ਲਾਲਸਾਵਾਂ ਪਿੱਛੇ। ਇਹ ਸਭ ਦੇ ਚੱਲਦੇ, ਉਹ ਜ਼ਿੰਦਗੀ ਗੁਜ਼ਾਰ ਤਾਂ ਰਿਹਾ ਹੈ ਪਰ ਜਿਊ ਨਹੀਂ ਰਿਹਾ। ਉਹ ਸਿਰਫ਼ ਇਸ ਜੱਦੋ-ਜਹਿਦ ਵਿਚ ਹੈ ਕਿ ਮੇਰਾ ਸਟੇਟਸ, ਮੇਰਾ ਰੁਤਬਾ ਬਣਿਆ ਰਹੇ, ਇਸਨੂੰ ਕੋਈ ਖੋਹ ਨਾ ਲਵੇ। ਅਸੀਂ ਆਪਣੇ-ਆਪ ਨੂੰ ਇੰਨਾ ਕੁ ਵਿਅਸਤ ਕਰ ਲਿਆ ਹੈ ਕਿ ਸਾਡੇ ਕੋਲ ਕਿਸੇ ਦੂਸਰੇ ਲਈ ਸਮਾਂ ਹੈ ਹੀ ਨਹੀਂ। ਸਾਡੇ ਰਿਸ਼ਤੇ-ਨਾਤੇ ਫੋਨ ਸੁਨੇਹਿਆਂ ਤਕ ਸੀਮਤ ਹੋ ਕੇ ਰਹਿ ਗਏ ਹਨ। ਸਾਡਾ ਹਾਸਾ-ਇਕ ਬਨਾਵਟੀ ਜਿਹੀ ਮੁਸਕਾਨ ਬਣ ਕੇ ਰਹਿ ਗਿਆ ਹੈ। ਅਸੀਂ ਆਪਣੇ ਆਪ ਨੂੰ ਅਜਿਹੀ ਮਸ਼ੀਨ ਬਣਾ ਰਹੇ ਹਾਂ ਜਿਸ ਵਿਚ ਜਜ਼ਬਾਤ ਤਾਂ ਬਹੁਤ ਹਨ ਪਰ ਹੁਣ ਉਨ੍ਹਾਂ ਨੂੰ ਦੌਲਤ-ਸ਼ੋਹਰਤ ਦਾ ਘੁਣ ਲੱਗ ਚੁੱਕਾ। ਜੇ ਇਹ ਸਭ ਇਸ ਤਰ੍ਹਾਂ ਹੀ ਚਲਦਾ ਰਿਹਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਸ਼ੀਨਾਂ, ਇਨਸਾਨ ਨੂੰ ਚਲਾਉਣਗੀਆਂ।

ਅੱਜ ਦੇ ਮਨੁੱਖ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਉਹ ਕੁਦਰਤ ਤੋਂ ਬਹੁਤ ਦੂਰ ਹੁੰਦਾ ਜਾ ਰਿਹਾ ਹੈ। ਜਦਕਿ ਜੀਣ ਦੀ ਸਭ ਤੋਂ ਵੱਡੀ ਅਦਾ, ਸਾਨੂੰ ਕੁਦਰਤ ਸਿਖਾਉਂਦੀ ਹੈ। ਕੁਦਰਤ ਸਿਰਫ਼ ਦੇਣਾ ਜਾਣਦੀ ਹੈ ਅਤੇ ਬਦਲੇ ਵਿਚ ਸਾਡੇ ਕੋਲੋਂ ਸਿਰਫ਼, ਪਿਆਰ ਅਤੇ ਅਪਣੱਤ ਦੀ ਮੰਗ ਕਰਦੀ ਹੈ। ਕੁਦਰਤ ਸਾਨੂੰ ਸਿਖਾਉਂਦੀ ਹੈ ਕਿ ਬਿਨਾਂ ਸਵਾਰਥ ਦੇ ਦੂਸਰਿਆਂ ਲਈ ਜਿਊਣਾ ਚਾਹੀਦਾ ਹੈ। ਇਕੱਲੇ ਆਪਣੇ ਲਈ ਸੋਚਣ, ਜਿਊਣ ਵਿਚ ਉਹ ਆਨੰਦ ਨਹੀਂ, ਜੋ ਦੂਸਰਿਆਂ ਦੀ ਖ਼ੁਸ਼ੀ ਦੀ ਵਜ੍ਹਾ ਬਣਨ ਵਿਚ ਹੁੰਦਾ ਹੈ। ਸਾਨੂੰ ਜ਼ਿੰਦਗੀ ਦੇ ਹਰ ਪਹਿਲੂ ਨੂੰ ਸਕਾਰਾਤਮਕ ਦ੍ਰਿਸ਼ਟੀ ਤੋਂ ਵਾਚਣਾ ਚਾਹੀਦਾ ਹੈ। ਕਿਉਂਕਿ ਅਸੀਂ ਜਿਹੋ-ਜਿਹਾ ਸੋਚਦੇ ਹਾਂ, ਉਹੋ ਜਿਹੇ ਹੀ ਹੋ ਜਾਂਦੇ ਹਾਂ ਅਤੇ ਸਾਡੇ ਨਾਲ ਉਸੇ ਤਰ੍ਹਾਂ ਦੀਆਂ ਘਟਨਾਵਾਂ ਵਾਪਰਦੀਆਂ ਹਨ। ਇਸ ਲਈ ਹਮੇਸ਼ਾ ਦੂਸਰਿਆਂ ਦਾ ਚੰਗਾ ਸੋਚੋ, ਤੁਹਾਡੇ ਨਾਲ ਕਦੇ ਵੀ ਬੁਰਾ ਨਹੀਂ ਹੋਵੇਗਾ। ਸਾਨੂੰ ਆਪਣੇ ਮਨ ਅੰਦਰ ਮੁਸੀਬਤਾਂ ਦਾ ਹੱਸ ਕੇ ਮੁਕਾਬਲਾ ਕਰਨ ਦੀ ਅਦਾ ਉਜਾਗਰ ਕਰਨ ਦੀ ਲੋੜ ਹੈ। ਸਾਡਾ ਖ਼ੁਸ਼ਨੁਮਾ ਸੁਭਾਅ ਹੀ ਸਾਡੇ ਮਿੱਥੇ ਹੋਏ ਮਨੋਰਥ ਤਕ ਪਹੁੰਚਣ ਵਿਚ ਸਹਾਇਕ ਹੁੰਦਾ ਹੈ। ਆਪਣੇ ਮਨੋਰਥ, ਉਦੇਸ਼ ਨੂੰ ਹਮੇਸ਼ਾ ਕੇਂਦਰ ਬਿੰਦੂ 'ਤੇ ਰੱਖੋ, ਉਸ ਤੋਂ ਕਦੇ ਵੀ ਭਟਕੋ ਨਾ।

**ਅੱਜ ਦੇ ਦੌਰ ਵਿਚ ਮਨੁੱਖ ਸਿਰਫ਼ ਦੌੜ ਰਿਹਾ ਹੈ। ਕਦੀ ਸਫਲਤਾ ਪਿੱਛੇ, ਕਦੇ ਦੂਸਰਿਆਂ ਪਿੱਛੇ ਤੇ ਕਦੀ ਆਪਣੀਆਂ ਲਾਲਸਾਵਾਂ ਪਿੱਛੇ। ਇਹ ਸਭ ਦੇ ਚੱਲਦੇ, ਉਹ ਜ਼ਿੰਦਗੀ ਗੁਜ਼ਾਰ ਤਾਂ ਰਿਹਾ ਹੈ ਪਰ ਜਿਊ ਨਹੀਂ ਰਿਹਾ। ਜ਼ਿੰਦਗੀ ਨੂੰ ਮਾਣਨਾ ਉਸ ਦੇ ਨਸੀਬ 'ਚ ਨਹੀਂ।**



*ਜ਼ਿੰਦਗੀ ਚਾਹੇ ਕਿੰਨੇ ਵੀ ਜ਼ੁਲਮ ਕਰਦੀ ਰਹੇ,*
*ਜਿਊਣ ਦਾ ਮਕਸਦ ਨਹੀਂ ਭੁੱਲੀਦਾ*
*ਹੀਰਿਆਂ ਦੀ ਤਾਲਾਸ਼ 'ਚ ਨਿਕਲੇ ਹੋਈਏ ਤਾਂ,*
*ਪੱਥਰਾਂ 'ਤੇ ਨਹੀਂ ਡੁੱਲ੍ਹੀਦਾ।*

ਅਸੀਂ ਆਪਣੇ ਦ੍ਰਿੜ ਨਿਸ਼ਚੇ ਅਤੇ ਮਿਹਨਤ ਨਾਲ ਹਰ ਮੈਦਾਨ ਫ਼ਤਹਿ ਕਰ ਸਕਦੇ ਹਾਂ। ਜ਼ਿੰਦਗੀ ਨੂੰ ਜੇ ਸੱਚ-ਮੁੱਚ ਹੀ ਖ਼ੁਸ਼ਨੁਮਾ ਬਣਾਉਣਾ ਚਾਹੁੰਦੇ ਹੋ ਤਾਂ 'ਵਰਤਮਾਨ' ਵਿਚ ਜਿਊਣਾ ਸਿੱਖੋ। ਬੀਤ ਚੁੱਕੇ (ਭੂਤਕਾਲ) ਜਾਂ ਆਉਣ ਵਾਲੇ (ਭਵਿੱਖ) ਬਾਰੇ ਸੋਚ ਕੇ ਆਪਣਾ ਅੱਜ ਖ਼ਰਾਬ ਨਾ ਕਰੋ।

ਆਪਣੇ ਅੱਜ ਨੂੰ ਮਾਣੋ, ਕਿਉਂਕਿ ਸਾਡਾ ਕੱਲ, ਸਾਡਾ ਅੱਜ ਤੈਅ ਕਰਦਾ ਹੈ। ਜੇ ਅੱਜ ਨੂੰ ਬਿਹਤਰੀਨ ਬਣਾਵਾਂਗੇ, ਆਉਣ ਵਾਲਾ ਕੱਲ੍ਹ ਦੋਵੇਂ ਬਾਹਵਾਂ ਪਾਸਾਰ ਕੇ ਸਾਡਾ ਸਵਾਗਤ ਕਰੇਗਾ। ਕਦੇ ਵੀ ਜ਼ਿੰਦਗੀ ਵਿਚ ਹਾਰ ਨਾ ਮੰਨੋ ਅਤੇ ਆਪਣੇ ਵਲੋਂ ਹਰ ਸੰਭਵ, ਅਸੰਭਵ ਕੋਸ਼ਿਸ਼ ਕਰੋ ਸਫਲਤਾ ਜ਼ਰੂਰ ਤੁਹਾਡੇ ਕਦਮ ਚੁੰਮੇਗੀ।

ਆਪਣੇ ਪਿਤਾ ਜੀ ਦੀ ਮੌਤ ਦਾ ਭਿਆਨਕ ਮੰਜ਼ਰ ਮੈਂ ਬਹੁਤ ਛੋਟੀ ਉਮਰੇ ਵੇਖਿਆ। ਉਸ ਵੇਲੇ ਮੈਨੂੰ ਆਪਣੀ ਜ਼ਿੰਦਗੀ ਖ਼ਤਮ ਹੋ ਚੁੱਕੀ ਜਾਪਦੀ ਸੀ ਪਰ ਕਹਿੰਦੇ ਨੇ ਕਿ ਜੋ ਦੁੱਖ ਦਿੰਦਾ ਹੈ, ਉਹ ਉਸਨੂੰ ਸਹਿਣ ਕਰਨ ਦਾ ਹੌਸਲਾ ਪਹਿਲਾਂ ਬਖ਼ਸ਼ ਦਿੰਦਾ ਹੈ। ਮੈਂ ਇਹ ਨਹੀਂ ਕਹਿ ਰਹੀ ਅਸੀਂ ਉਨ੍ਹਾਂ ਨੂੰ ਭੁੱਲ ਜਾਂਦੇ ਹਾਂ ਬਲਕਿ ਅਸੀਂ ਉਨ੍ਹਾਂ ਦੀ ਖ਼ਾਤਰ, ਉਨ੍ਹਾਂ ਦੇ ਸੁਪਨਿਆਂ ਦੀ ਖ਼ਾਤਰ ਨਵੇਂ ਸਿਰਿਉਂ ਜੀਣਾ ਸ਼ੁਰੂ ਕਰਦੇ ਹਾਂ। ਜੋ ਚਲੇ ਜਾਂਦੇ ਹਨ ਉਨ੍ਹਾਂ ਦੀ ਕਮੀ ਕੋਈ ਪੂਰੀ ਨਹੀਂ ਕਰ ਸਕਦਾ ਪਰ ਜੇ ਅਸੀਂ ਜ਼ਰਾ ਧਿਆਨ ਨਾਲ ਵੇਖੀਏ ਤਾਂ ਬਹੁਤ ਸਾਰੀਆਂ ਸੰਭਾਵਨਾਵਾਂ ਸਾਡੇ ਆਸ-ਪਾਸ ਹੀ ਮੌਜੂਦ ਹੁੰਦੀਆਂ ਹਨ ਜੋ ਜਿਊਣ ਦਾ ਨਵਾਂ ਮਕਸਦ ਬਖ਼ਸ਼ਦੀਆਂ ਹਨ। ਉਹ ਸ਼ਬਦ ਕਿਤਾਬਾਂ ਵੀ ਨਹੀਂ ਸਿਖਾ ਸਕਦੀਆਂ ਜੋ ਤੁਹਾਨੂੰ ਤੁਹਾਡਾ ਬੁਰਾ ਵਕਤ ਅਤੇ ਜ਼ਿੰਦਗੀ ਸਿਖਾਉਂਦੀ ਹੈ। ਕਦੇ ਵੀ ਆਪਣੇ ਜੀਵਨ ਵਿਚ ਖੜੋਤ ਨਾ ਆਉਣ ਦਿਉ। ਮੇਰਾ ਮੰਨਣਾ ਹੈ ਕਿ ਸਾਨੂੰ ਇਸ ਤਰ੍ਹਾਂ ਜਿਊਣਾ ਚਾਹੀਦਾ ਹੈ ਕਿ ਸਾਡਾ ਜੀਵਨ ਦੂਸਰਿਆਂ ਲਈ ਮਾਰਗ ਦਰਸ਼ਨ ਬਣ ਸਕੇ। ਇਨ੍ਹਾਂ ਸਾਰਿਆਂ ਨੁਕਤਿਆਂ ਬਾਰੇ ਮੈਂ ਆਪਣੇ ਨਿੱਜੀ ਜੀਵਨ ਅਨੁਭਵ ਤੋਂ ਸਿੱਖਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ

*ਮਨ ਤੂੰ ਜੋਤਿ ਸਰੂਪੁ ਹੈ,*
*ਆਪਣਾ ਮੂਲੁ ਪਛਾਣ*

ਸੱਚ-ਮੁੱਚ ਹੀ ਸਾਡੇ ਮਨ ਵਿਚ ਉਸ ਪਰਮਾਤਮਾ ਦੀ ਜੋਤ ਜਗ ਰਹੀ ਹੈ, ਇਸ ਨੂੰ ਇੰਝ ਜਗਦੇ ਰੱਖਣ ਲਈ ਸਾਨੂੰ ਆਪਣਾ ਜੀਵਨ, ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਦੂਸਰਿਆਂ ਦੇ ਭਲੇ ਲਈ ਲਗਾਉਣਾ ਚਾਹੀਦਾ ਹੈ, ਅਜਿਹੀ ਅਦਾ ਨਾਲ ਜ਼ਿੰਦਗੀ ਜੀਓ ਕਿ ਤੁਹਾਡੀ ਜ਼ਿੰਦਗੀ ਦੂਸਰਿਆਂ ਲਈ ਪਾਰਸ ਬਣ ਜਾਵੇ। •

---

# ਦਿਲ ਦਰਿਆ ਸਮੁੰਦਰੋਂ ਡੂੰਘੇ



**ਦਿਲ ਦੀ ਗੱਲ ਜਾਣਨ ਲਈ ਸਾਡਾ ਕਿਸੇ ਪ੍ਰਤੀ ਆਤਮ ਸਮਰਪਿਤ ਹੋਣਾ ਜ਼ਰੂਰੀ ਹੈ ਪਰ ਅਜੋਕੇ ਯੁੱਗ 'ਚ ਇਸ ਦੀ ਕਮੀ ਹੈ। ਅਸੀਂ ਕਿਸੇ ਪ੍ਰਤੀ ਓਨਾ ਹੀ ਸਮਰਪਿਤ ਹਾਂ ਜਿੰਨਾ ਚਿਰ ਉਹ ਸਾਡੇ ਪੱਖ ਦੀ ਗੱਲ ਕਰਦਾ ਹੈ...**

• ਰੁਪਿੰਦਰ ਕੌਰ ਕੰਗ
94175-60707

'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ' ਸ਼ਬਦ ਯਾਦ ਆਉਂਦੇ ਹਨ ਤਾਂ ਦੁਨੀਆ ਦਾ ਯਥਾਰਥ ਅੱਖਾਂ ਅੱਗੇ ਘੁੰਮਦਾ ਹੈ। ਇਹ ਓਨਾ ਹੀ ਗੁੰਝਲਦਾਰ ਲੱਗਦਾ ਹੈ ਜਿੰਨੀ ਕਿ ਸ੍ਰਿਸ਼ਟੀ (ਦੁਨੀਆ) ਦੀ ਰਚਨਾ। ਕਿਸੇ ਵੀ ਮਨੁੱਖ ਦੀ ਅੰਦਰੂਨੀ ਸੋਚ ਅਤੇ ਦਿਲ ਦੇ ਵਲਵਲਿਆਂ ਨੂੰ ਕੋਈ ਵੀ ਵਿਅਕਤੀ ਸਮਝ ਨਹੀਂ ਸਕਦਾ। ਇਹ ਦਿਲ ਦੇ ਵਲਵਲੇ ਮਨੁੱਖ ਨੂੰ ਅਸਮਾਨ ਦੀ ਉਡਾਰੀ ਲਗਵਾਉਣ ਦੇ ਨਾਲ-ਨਾਲ ਧਰਤੀ ਦੀ ਪਰਤ ਦਰ ਪਰਤ ਡੂੰਘਾਈ ਤਕ ਵੀ ਲੈ ਜਾਂਦੇ ਹਨ।

ਦਿਲ ਸਰੀਰ ਦਾ ਉਹ ਹਿੱਸਾ ਹੈ ਜੋ ਸਾਡੀ ਜ਼ਿੰਦਗੀ ਦੀਆਂ ਪਰਤਾਂ ਨੂੰ ਆਪਣੇ ਵਿਚ ਸੰਭਾਲ ਕੇ ਰੱਖਦਾ ਹੈ। ਸ਼ਾਇਦ ਇਹੀ ਕਾਰਨ ਹੈ ਕਿ ਨਾਜ਼ੁਕ ਹੋਣ ਦੇ ਨਾਲ-ਨਾਲ ਇਹ ਕੁਝ ਕਮਜ਼ੋਰ ਹੋ ਜਾਂਦਾ ਹੈ। ਜੋ ਬਹੁਤੇ ਸਦਮੇ ਦੀ ਗੱਲ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਅਤੇ ਅਸੀਂ ਹਾਰਟ ਅਟੈਕ ਦੇ ਮਰੀਜ਼ ਹੋ ਜਾਂਦੇ ਹਾਂ। ਇਸ ਦਿਲ ਦੀ ਗੱਲ ਜਾਣਨ ਤੇ ਸਮਝਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ ਜੋ ਬਿਨਾਂ ਕੁਝ ਬੋਲੇ ਸਾਹਮਣੇ ਵਾਲੇ ਦੇ ਅੰਦਰੂਨੀ ਹਾਲਾਤ ਨੂੰ ਸਮਝ ਕੇ ਉਸ ਦੇ ਦੁੱਖ ਸੁੱਖ ਨੂੰ ਸਮਝਦਾ ਹੈ।

ਦਿਲ ਦੀ ਗੱਲ ਜਾਣਨ ਲਈ ਸਾਡਾ ਕਿਸੇ ਪ੍ਰਤੀ ਆਤਮ ਸਮਰਪਿਤ ਹੋਣਾ ਬਹੁਤ ਜ਼ਰੂਰੀ ਹੈ। ਪਰ ਅਜੋਕੇ ਯੁੱਗ ਵਿਚ ਇਸ ਦੀ ਕਮੀ ਹੈ। ਅਸੀਂ ਕਿਸੇ ਪ੍ਰਤੀ ਸਿਰਫ਼ ਓਨਾ ਹੀ ਸਮਰਪਿਤ ਹਾਂ ਜਿੰਨਾ ਟਾਈਮ ਸਾਹਮਣੇ ਵਾਲਾ ਸਾਡੇ ਪੱਖ ਦੀ ਗੱਲ ਕਰਦਾ ਹੈ। ਅਸੀਂ ਉਸਦੇ ਹਰ ਵਿਚਾਰ 'ਤੇ ਫੁੱਲ ਚੜ੍ਹਾਉਂਦੇ ਹਾਂ ਪਰ ਜਦ ਕਦੀ ਇਹ ਵਿਚਾਰ ਮੇਲ ਨਹੀਂ ਖਾਂਦੇ ਤਾਂ ਦਿਲ ਵਿਚ ਇਕ ਸਵਾਲ ਪੈਦਾ ਹੋ ਜਾਂਦਾ ਹੈ ਕਿ ਕੀ ਇਹ ਮੇਰਾ ਆਪਣਾ ਹੈ ਜਾਂ ਕੋਈ ਓਪਰਾ ਇਨਸਾਨ ਹੈ?

ਅਸਲ ਵਿਚ ਸਾਰੀ ਉਲਝਣ ਹੀ ਆਪਣੇ ਅਤੇ ਓਪਰੇਪਣ ਦੀ ਹੈ। ਦੁਨੀਆ ਦਾ ਕੋਈ ਵਿਰਲਾ ਹੀ ਇਨਸਾਨ ਹੋਵੇਗਾ ਜੋ ਇਸ ਆਪਣੇ ਅਤੇ ਓਪਰੇਪਣ ਦੇ ਭੇਦ ਨੂੰ ਸਮਝ ਕਿ ਖ਼ੁਸ਼ਹਾਲ ਜ਼ਿੰਦਗੀ ਬਤੀਤ ਕਰ ਰਿਹਾ ਹੋਵੇਗਾ। ਵਰਨਾ ਅੱਜ-ਕੱਲ੍ਹ ਤਾਂ ਹਰ ਇਕ ਵਿਅਕਤੀ ਨੇ ਦੂਜੇ ਪ੍ਰਤੀ ਆਪਣੇ ਦਿਲ ਵਿਚ ਸਿਰਫ਼ ਗੁੱਸਾ ਹੀ ਰੱਖਿਆ ਹੋਇਆ ਹੈ। ਕੋਈ ਵਿਰਲਾ ਰਿਸ਼ਤਾ ਹੋਵੇਗਾ ਜੋ ਇਸ ਤੋਂ ਬਚ ਗਿਆ ਹੋਵੇਗਾ। ਇਹ ਸ਼ਿਕਾਇਤ ਕਈ ਵਾਰ ਸਹੀ ਵੀ ਹੁੰਦੀ ਹੈ ਪਰ ਉੱਥੇ ਆਪਣੇ ਦਿਲ ਦੀਆਂ ਪਰਤਾਂ ਵਿਚ ਜਾ ਕੇ ਦੇਖਣ ਦੀ ਲੋੜ ਹੁੰਦੀ ਹੈ। ਪਿਆਰ ਵਿੱਚੋਂ ਪਿਆਰ ਪੈਦਾ ਹੁੰਦਾ ਹੈ ਅਤੇ ਨਫ਼ਰਤ ਵਿੱਚੋਂ ਨਫ਼ਰਤ। ਜਿਸ ਇਨਸਾਨ ਪ੍ਰਤੀ ਸਾਡੇ ਦਿਲ ਵਿਚ ਪਿਆਰ ਹੈ ਉਹ ਆਪਣੇ ਆਪ ਸਾਡੇ ਪ੍ਰਤੀ ਖਿੱਚਿਆ ਜਾਂਦਾ ਹੈ ਤੇ ਅਸੀਂ ਉਸ ਵੱਲ ਪਰ ਜਿੱਥੇ ਨਫ਼ਰਤ ਹੈ ਉੱਥੇ ਸਧਾਰਨ ਕਹੇ ਸ਼ਬਦ ਵੀ ਸੱਪ ਦੀ ਤਰ੍ਹਾਂ ਡੰਗ ਮਾਰਦੇ ਹਨ।

ਕੌਣ ਦਿਲ ਦੀਆਂ ਜਾਣੈ? ਅਸਲ ਵਿਚ ਇਸ ਦਾ ਜਵਾਬ ਵੀ ਦਿਲ ਹੀ ਹੈ। ਸਿਰਫ਼ ਦਿਲ ਹੀ ਜਾਣਦਾ ਹੈ ਕਿ ਮੈਂ ਕੀ ਹਾਂ? ਕਿਸੇ ਪ੍ਰਤੀ ਕੀ ਸੋਚਦਾ ਹਾਂ? ਮੇਰੀ ਉਦਾਸੀ ਦਾ ਕਾਰਨ ਕੀ ਹੈ? ਨਿਰਪੱਖ ਹੋ ਕੇ ਹਰ ਰੋਜ਼ ਆਪਣੇ ਦਿਲ ਦੀ ਝਾਤੀ ਮਾਰਿਆ ਕਰੋ ਤੇ ਆਪਣੇ ਦਿਲ ਦੀਆਂ ਜਾਣਿਆ ਕਰੋ। ਦਿਲ ਜੋ ਪਾਕ ਤੇ ਪਵਿੱਤਰ ਥਾਂ ਹੈ ਇਸ ਵਿਚ ਨਿਰਪੱਖ ਹੋ ਕੇ ਝਾਤੀ ਮਾਰਨ ਨਾਲ ਖ਼ੁਦਾ ਦਾ ਵਾਸ ਮਹਿਸੂਸ ਹੋਵੇਗਾ। ਫਿਰ ਕਿਸੇ ਦੀ ਨਫ਼ਰਤ ਤੇ ਪਿਆਰ ਕੋਈ ਮਾਅਨੇ ਨਹੀਂ ਰੱਖਣਗੇ ਤੇ ਆਪਣਾ ਆਪ ਹਲਕਾ ਜਿਹਾ ਮਹਿਸੂਸ ਹੋਵੇਗਾ। ਫਿਰ ਕਿਉਂ ਨਾ ਦੁਨੀਆ ਨਾਲ ਰਿਸ਼ਤੇ ਦੀਆਂ ਡੋਰਾਂ ਮਜ਼ਬੂਤ ਕਰਨ ਤੋਂ ਪਹਿਲਾਂ ਆਪਣੇ ਦਿਲ ਨਾਲ ਰਿਸ਼ਤੇ ਦੀ ਡੋਰ ਨੂੰ ਮਜ਼ਬੂਤ ਕੀਤਾ ਜਾਵੇ। ਕਿਉਂਕਿ ਦਿਲ ਹੀ ਦਿਲ ਦੀ ਗੱਲ ਜਾਣਦਾ ਹੈ।

*ਜਦ ਮੈਂ ਝਾਤ ਅੰਦਰ ਤਕ ਮਾਰੀ*
*ਦਿਲ ਦੀ ਗੱਲ ਮੇਰੇ ਦਿਲ ਨੇ ਜਾਣੀ,*
*ਨਫ਼ਰਤ ਮੁੱਕੀ ਪਈ ਪਿਆਰ ਕਹਾਣੀ।*

---

# ਅਸੀਂ ਉਹੀ ਵੰਡਦੇ ਹਾਂ ਜੋ ਸਾਡੇ ਕੋਲ ਹੁੰਦੈ

**ਉਹ ਲੋਕ ਜੋ ਸਮਾਜ ਨੂੰ ਚੰਗਾ ਗਿਆਨ, ਚੰਗੀ ਸੋਚ ਵੰਡਦੇ ਹਨ, ਉਹ ਲੋਕਾਂ ਵਿਚ ਸਤਿਕਾਰੇ ਜਾਂਦੇ ਹਨ। ਕੋਈ ਵੀ ਅਜਿਹਾ ਵਿਅਕਤੀ ਨਹੀਂ ਹੁੰਦਾ ਜਿਸ ਕੋਲ ਦੂਜਿਆਂ ਨੂੰ ਦੇਣ ਲਈ ਕੁਝ ਵੀ ਨਾ ਹੋਵੇ...**



• ਜਸਪਾਲ ਸਿੰਘ ਨਾਗਰਾ
001-360-448-1989

ਇਸ ਧਰਤੀ 'ਤੇ ਜੋ ਵੀ ਪ੍ਰਾਣੀ ਜਨਮ ਲੈਂਦਾ ਹੈ, ਉਹ ਸਮਾਜ ਨੂੰ ਕੁਝ ਨਾ ਕੁਝ ਜ਼ਰੂਰ ਵੰਡਦਾ ਹੈ ਪਰ ਵੰਡਦਾ ਉਹੀ ਹੈ, ਜੋ ਉਸਦੇ ਕੋਲ ਹੁੰਦਾ ਹੈ। ਜਿਸ ਕੋਲ ਅਥਾਹ ਧਨ ਦੌਲਤ ਹੁੰਦੀ ਹੈ, ਉਹ ਪੈਸਾ ਵੰਡਦਾ ਹੈ। ਜਿਸ ਕੋਲ ਗਿਆਨ ਦਾ ਖ਼ਜ਼ਾਨਾ ਹੋਵੇ ਉਹ ਗਿਆਨ ਵੰਡਦਾ ਹੈ। ਕਈਆਂ ਕੋਲ ਵੰਡਣ ਲਈ ਦਇਆ ਹੁੰਦੀ ਹੈ, ਉਹ ਉਹੀ ਵੰਡੀ ਜਾਂਦੇ ਹਨ। ਕਈ ਕਿਸੇ ਦੁਖੀ ਨਾਲ ਹਮਦਰਦੀ ਦਾ ਪ੍ਰਗਟਾਵਾ ਕਰ ਕੇ ਉਸ ਦੇ ਦੁੱਖ ਘਟਾ ਦਿੰਦੇ ਹਨ। ਕੋਈ ਵੀ ਅਜਿਹਾ ਵਿਅਕਤੀ ਨਹੀਂ ਹੁੰਦਾ ਜਿਸ ਕੋਲ ਦੂਜਿਆਂ ਨੂੰ ਦੇਣ ਲਈ ਕੁਝ ਵੀ ਨਾ ਹੋਵੇ।

ਇਕ ਵਾਰੀ ਕਿਸੇ ਰਾਜੇ ਦੇ ਰਾਜ ਵਿਚ ਕਾਲ਼ ਪੈ ਗਿਆ। ਲੋਕਾਂ ਕੋਲ ਖਾਣ ਲਈ ਕੁਝ ਵੀ ਨਾ ਬਚਿਆ। ਰਾਜੇ ਨੇ ਸਰਕਾਰੀ ਖ਼ਜ਼ਾਨੇ ਵਿੱਚੋਂ ਲੋਕਾਂ ਨੂੰ ਅਨਾਜ ਵੰਡਣ ਦਾ ਐਲਾਨ ਕਰ ਦਿੱਤਾ। ਲੋਕ ਸਵੇਰ ਤੋਂ ਹੀ ਕਤਾਰ ਬਣਾ ਕੇ ਖੜ੍ਹੇ ਹੋ ਜਾਂਦੇ। ਆਪਣੀ ਵਾਰੀ ਆਉਣ 'ਤੇ ਅਨਾਜ ਲੈ ਕੇ ਚਲੇ ਜਾਂਦੇ। ਕਤਾਰ ਵਿਚ ਪਹਿਲੇ ਸਥਾਨ 'ਤੇ ਰੋਜ਼ਾਨਾ ਹੀ ਇਕ ਫ਼ਕੀਰ ਖੜ੍ਹਾ ਹੁੰਦਾ। ਜਦੋਂ ਅਨਾਜ ਦੀ ਵੰਡ ਸ਼ੁਰੂ ਹੁੰਦੀ ਤਾਂ ਫ਼ਕੀਰ ਆਪ ਤੋਂ ਪਿਛਲੇ ਨੂੰ ਅੱਗੇ ਕਰ ਦਿੰਦਾ। ਉਹ ਸਾਰਾ ਦਿਨ ਇੰਝ ਹੀ ਕਰਦਾ ਰਹਿੰਦਾ। ਉਸ ਦੀ ਵਾਰੀ ਆਉਣ ਤਕ ਅਨਾਜ ਦੀ ਵੰਡ ਖ਼ਤਮ ਹੋ ਜਾਂਦੀ। ਜਦੋਂ ਦੋ-ਤਿੰਨ ਦਿਨ ਲੰਘ ਗਏ ਤਾਂ ਅਹਿਲਕਾਰਾਂ ਨੇ ਪੁੱਛਿਆ ਕਿ ਤੁਸੀਂ ਅਜਿਹਾ ਕਿਉਂ ਕਰੀ ਜਾਂਦੇ ਹੋ, ਤਾਂ ਫ਼ਕੀਰ ਨੇ ਬਹੁਤ ਹੀ ਨਰਮ ਲਹਿਜੇ ਵਿਚ ਜਵਾਬ ਦਿੰਦਿਆਂ ਕਿਹਾ ਕਿ ਰਾਜੇ ਕੋਲ ਵੰਡਣ ਲਈ ਅਨਾਜ ਹੈ, ਉਹ ਅਨਾਜ ਵੰਡ ਰਿਹਾ ਹੈ, ਮੇਰੇ ਕੋਲ ਵੰਡਣ ਲਈ ਮੇਰੀ ਵਾਰੀ ਹੈ ਜੋ ਕਿ ਮੈਂ ਲੋਕਾਂ ਨੂੰ ਵੰਡ ਰਿਹਾ ਹਾਂ।

ਅਸੀਂ ਤੁਸੀਂ ਵੀ ਉਹੀ ਵੰਡਦੇ ਹਾਂ, ਜੋ ਸਾਡੇ ਕੋਲ ਹੁੰਦਾ ਹੈ। ਚੰਗੇ ਲੋਕ ਚੰਗਿਆਈ ਵੰਡਦੇ ਹਨ। ਬੁਰੇ ਲੋਕ ਬੁਰਿਆਈ ਵੰਡੀ ਜਾਂਦੇ ਹਨ। ਕੁਝ ਲੋਕ ਆਪਣੀ ਮੁਸਕਰਾਹਟ ਵੰਡ ਕੇ ਦੂਜਿਆਂ ਦੇ ਦਿਲਾਂ ਵਿਚ ਵੱਸ ਜਾਂਦੇ ਹਨ। ਕਈ ਆਪਣਾ ਰੋਣਾ ਹੀ ਵੰਡੀ ਜਾਂਦੇ ਹਨ। ਕਈ ਚੰਗੇ ਭਲੇ ਲੋਕਾਂ ਦੀਆਂ ਚੁਗਲੀਆਂ ਕਰ ਕੇ ਲੜਾਈ ਝਗੜੇ ਵਧਾਈ ਜਾਂਦੇ ਹਨ। ਕੁਝ ਲੋਕ ਦੂਜਿਆਂ ਦੀਆਂ ਖ਼ਾਮੀਆਂ ਲੱਭਣ ਲਈ ਹੀ ਸਾਰੀ ਊਰਜਾ ਲਗਾ ਦਿੰਦੇ ਹਨ। ਇਸ ਕਿਸਮ ਦੇ ਲੋਕ ਖ਼ੁਦ ਤਰੱਕੀ ਨਹੀਂ ਕਰ ਸਕਦੇ ਸਗੋਂ ਦੂਜੇ ਲੋਕਾਂ ਨੂੰ ਅੱਗੇ ਲੰਘਦਾ ਵੇਖਕੇ ਅੰਦਰੋ-ਅੰਦਰੀ ਸੜੀ ਜਾਂਦੇ ਹਨ। ਚੰਗੇ ਸਮਾਜ ਦੀ ਸਿਰਜਣਾ ਕਰਨ ਲਈ ਉਸਾਰੂ ਸੋਚ ਦਾ ਹੋਣਾ ਜ਼ਰੂਰੀ ਹੈ। ਪਿਛਾਂਹ ਖਿੱਚੂ ਸੋਚ ਅਤੇ ਰਿਣਾਤਮਕ ਰੁਚੀਆਂ ਜਿੱਥੇ ਨਿੱਜ ਲਈ ਨੁਕਸਾਨਦਾਇਕ ਹਨ, ਉੱਥੇ ਸਮਾਜ ਦਾ ਵੀ ਨੁਕਸਾਨ ਹੁੰਦਾ ਹੈ। ਘੁਣਤਰਬਾਜ਼ੀ ਨੇ ਕਦੇ ਵੀ ਨਾ ਆਪਣਾ ਵਿਕਾਸ ਹੋਣ ਦਿੱਤਾ ਅਤੇ ਨਾ ਹੀ ਕੁੱਝ ਸਮਾਜ ਨੂੰ ਦਿੱਤਾ ਹੈ।

ਉਹ ਲੋਕ ਜੋ ਸਮਾਜ ਨੂੰ ਚੰਗਾ ਗਿਆਨ, ਚੰਗੀ ਸੋਚ ਵੰਡਦੇ ਹਨ, ਉਹ ਲੋਕਾਂ ਵਿਚ ਸਤਿਕਾਰੇ ਜਾਂਦੇ ਹਨ। ਸਭ ਦਾ ਕੁਝ ਨਾ ਕੁਝ ਵੰਡਣ ਦਾ ਢੰਗ ਤਰੀਕਾ ਵੱਖਰਾ ਹੁੰਦਾ ਹੈ। ਸਾਨੂੰ ਉਸ ਫ਼ਕੀਰ ਵਾਂਗ ਕੁਝ ਚੰਗਾ ਹੀ ਵੰਡਣਾ ਚਾਹੀਦਾ ਹੈ ਜਿਹੜਾ ਆਪਣੀ ਵਾਰੀ ਹੀ ਦੂਜੇ ਲੋਕਾਂ ਨੂੰ ਵੰਡੀ ਜਾ ਰਿਹਾ ਸੀ, ਨਾ ਕਿ ਦੂਜੇ ਲੋਕਾਂ ਵਾਂਗ ਮਾੜੀ ਸੋਚ ਦਾ ਵਿਸਥਾਰ ਕਰਨਾ ਚਾਹੀਦਾ। ਜਿਹੜੇ ਅਜੇ ਵੀ ਇਹ ਸੋਚਦੇ ਹਨ ਕਿ ਉਨ੍ਹਾਂ ਕੋਲ ਸਮਾਜ ਨੂੰ ਦੇਣ ਲਈ ਕੁਝ ਵੀ ਨਹੀਂ ਹੈ ਤਾਂ ਉਹ ਘੱਟੋ-ਘੱਟ ਹਾਸਾ ਠੱਠਾ ਹੀ ਵੰਡਦੇ ਰਹਿਣ ਜਿਹੜਾ ਦੂਜਿਆਂ ਦੇ ਗ਼ਮਾਂ ਨੂੰ ਘਟਾ ਦੇਵੇ।

ਸਮਾਜ ਸੇਵਾ ਦੇ ਕੰਮਾਂ ਵਿਚ ਜੁਟੇ ਲੋਕ ਜਿੱਥੇ ਦਿਆਨਤਦਾਰੀ ਵੰਡ ਕੇ ਖ਼ੁਦ ਆਪਣੀ ਰੂਹ ਲਈ ਸਕੂਨ ਪੈਦਾ ਕਰਦੇ ਹਨ, ਉੱਥੇ ਸਮਾਜ ਤੋਂ ਵੀ ਵਾਹ-ਵਾਹ ਖੱਟਦੇ ਹਨ। ਪਰਮਾਤਮਾ ਦੀਆਂ ਨਜ਼ਰਾਂ ਵਿਚ ਵੀ ਉਹੀ ਪ੍ਰਵਾਨ ਚੜ੍ਹਦੇ ਹਨ, ਜਿਹੜੇ ਚੰਗੇ ਰਾਹਵਾਂ 'ਤੇ ਤੁਰਦੇ ਹੋਏ ਸਮਾਜ ਅਤੇ ਲੋੜਵੰਦਾਂ ਦੇ ਕੰਮ ਆਉਂਦੇ ਹਨ। ਜਿਹੜੇ ਲੋਕ ਕੁਝ ਚੰਗਾ ਨਹੀਂ ਕਰ ਸਕਦੇ ਉਨ੍ਹਾਂ ਨੂੰ ਇਹੋ ਜਿਹਾ ਵੀ ਕੁਝ ਨਹੀਂ ਕਰਨਾ ਚਾਹੀਦਾ, ਜਿਹੜਾ ਦੂਜਿਆਂ ਦੇ ਮਨਾਂ ਨੂੰ ਠੇਸ ਪਹੁੰਚਾਵੇ। ਸਮਾਜ ਨੂੰ ਹਮੇਸ਼ਾ ਹੀ ਕੁਝ ਚੰਗਾ ਦਿਓ ਜਿਸ ਨਾਲ ਲੋਕਾਂ 'ਚ ਤੁਹਾਡਾ ਵਧੀਆ ਅਕਸ ਬਣਿਆ ਰਹੇ। ਸਾਡੀ ਜ਼ਿੰਦਗੀ ਦੀ ਇਹੋ ਹੀ ਪ੍ਰਾਪਤੀ ਹੁੰਦੀ ਹੈ, ਜਿਸ ਦੇ ਸਦਕਾ ਤੁਹਾਡੇ ਮਰਨ ਉਪਰੰਤ ਵੀ ਲੋਕ ਤੁਹਾਨੂੰ ਯਾਦ ਕਰਦੇ ਹਨ। ਜਿਨ੍ਹਾਂ ਨੂੰ ਇਕ ਵਾਰੀ ਚੰਗਾ ਵੰਡਣ ਦੀ ਜਾਚ ਆ ਗਈ, ਉਹ ਹਮੇਸ਼ਾ ਹੀ ਚੰਗਾ ਵੰਡਦੇ ਰਹਿਣਗੇ। ਮਾੜੀ ਸੋਚ ਵਾਲੇ ਲੋਕ ਇਕ ਨਾ ਇਕ ਦਿਨ ਸਮਾਜ ਵਲੋਂ ਨਕਾਰ ਦਿੱਤੇ ਜਾਂਦੇ ਹਨ। ਉਹ ਕੰਮ ਕਰੋ ਜਿਸ ਨਾਲ ਲੋਕ ਤੁਹਾਨੂੰ ਹਮੇਸ਼ਾ ਯਾਦ ਰੱਖਣ ਤੇ ਉਹ ਜਦੋਂ ਵੀ ਤੁਹਾਨੂੰ ਯਾਦ ਕਰਨ ਤਾਂ ਚੰਗੇ ਸੰਦਰਭ ਵਿਚ ਹੀ ਕਰਨ ਨਾ ਕਿ ਫਿਟਲਾਹਨਤ ਪਾਉਣ ਦੇ ਲਹਿਜੇ ਵਿਚ। •

---

# ਨਾਂਹ ਪੱਖੀ ਸੋਚ ਬਨਾਮ ਨਿਰਾਸ਼ਾ

**ਜੇ ਅਸੀਂ ਨਿਰਾਸ਼ਾ 'ਚੋਂ ਨਿਕਲਣ ਵਾਲੇ ਨਕਾਰਾਤਮਕ ਪ੍ਰਭਾਵ ਤੋਂ ਬਚਣਾ ਹੈ ਤਾਂ ਸਾਨੂੰ ਹਾਂ-ਪੱਖੀ ਸੋਚ ਅਪਣਾਉਣੀ ਪਵੇਗੀ। ਇਹ ਸੋਚ ਜਿੱਥੇ ਸਾਡੇ ਆਮ ਜੀਵਨ ਲਈ ਸਹਾਈ ਹੋ ਸਕਦੀ ਹੈ, ਉੱਥੇ ਵੱਡੇ ਤੋਂ ਵੱਡਾ ਮੁਕਾਮ ਹਾਸਲ ਕਰਨ ਲਈ ਮਦਦਗਾਰ ਸਿੱਧ ਹੋ ਸਕਦੀ ਹੈ...**



• ਸੁਰਿੰਦਰ ਮਾਣੂੰਕੇ ਗਿੱਲ
8872321000

ਜੇ ਦੇਖਿਆ ਜਾਵੇ ਤਾਂ ਮਨੁੱਖ ਦੀ ਸਾਰੀ ਜ਼ਿੰਦਗੀ ਉਸਦੀ ਸੋਚ 'ਤੇ ਹੀ ਘੁੰਮਦੀ ਰਹਿੰਦੀ ਹੈ। ਸੋਚ ਹੀ ਮਨੁੱਖ ਨੂੰ ਨਿਰਾਸ਼ਾਵਾਦੀ ਅਤੇ ਆਸ਼ਾਵਾਦੀ ਬਣਾਉਂਦੀ ਹੈ। ਭਾਵੇਂ ਲੋਕ ਕਿਸੇ ਦੀ ਸੋਚ ਨੂੰ ਉਸਦੇ ਵੱਸ ਵਿਚ ਹੋਣਾ ਨਹੀਂ ਮੰਨਦੇ ਅਤੇ ਇਸ ਨੂੰ ਕੁਦਰਤੀ ਪ੍ਰਕਿਰਿਆ ਮੰਨਦੇ ਹਨ ਪ੍ਰੰਤੂ ਸੋਚਣ ਵਾਲੀ ਗੱਲ ਇਹ ਹੈ ਕਿ ਕੁਦਰਤ ਕਦੇ ਵੀ ਉਸਾਰੂ ਸੋਚ ਵਾਲੇ ਲੋਕਾਂ ਦੀ ਸੋਚ ਵਿਚ ਰੁਕਾਵਟ ਪੈਦਾ ਨਹੀਂ ਕਰਦੀ। ਜੇ ਕੁਦਰਤ ਅਜਿਹਾ ਕਰਦੀ ਹੈ ਤਾਂ ਇਸ ਨੂੰ ਕੁਦਰਤ ਭਾਵ ਰੱਬ ਦਾ ਨਾਂ ਦੇਣਾ ਜਾਇਜ਼ ਨਹੀਂ ਹੈ, ਇਸ ਲਈ ਅਜਿਹਾ ਮੰਨਣਾ ਉਨ੍ਹਾਂ ਲੋਕਾਂ ਦਾ ਕੰਮ ਹੈ, ਜਿਹੜੇ ਇਸ ਦੀ ਜ਼ਿੰਮੇਵਾਰੀ ਦਾ ਠੀਕਰਾ ਆਪਣੇ ਸਿਰ ਭੰਨਣ ਦੀ ਬਜਾਏ ਰੱਬ 'ਤੇ ਭੰਨਦੇ ਹਨ। ਅਜਿਹਾ ਉਹ ਇਸ ਲਈ ਵੀ ਕਰਦੇ ਹਨ ਕਿ ਉਨ੍ਹਾਂ ਦੀ ਇਸ ਗੱਲ ਦਾ ਵਿਸ਼ਵਾਸ ਲੋਕੀ ਛੇਤੀ ਕਰ ਲੈਂਦੇ ਹਨ। ਅਜਿਹੀ ਸਥਿਤੀ ਵਿਚ ਨਿਰਾਸ਼ਾਵਾਦੀ ਲੋਕਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ ਅਤੇ ਇਸ ਦਾ ਵਿਸਫੋਟ ਉਦੋਂ ਹੁੰਦਾ ਹੈ ਜਦੋਂ ਕੋਈ ਨਾ ਕੋਈ ਖ਼ੁਦਕੁਸ਼ੀ ਕਰ ਲੈਂਦਾ ਹੈ। ਫਿਰ ਸ਼ੁਰੂ ਹੋ ਜਾਂਦੀ ਹੈ ਖ਼ੁਦਕੁਸ਼ੀ ਦੇ ਕਾਰਨਾਂ ਦੀ ਸਮੀਖਿਆ। ਕੋਈ ਕਹਿੰਦਾ ਹੈ ਕਿ ਕਰਜ਼ੇ ਤੋਂ ਤੰਗ ਆ ਕੇ ਮਰਿਆ ਹੈ, ਕੋਈ ਕਹਿੰਦਾ ਹੈ ਕਿ ਘਰੇਲੂ ਕਲੇਸ਼ ਕਾਰਨ ਮਰਿਆ। ਜਿੰਨੇ ਮੂੰਹ ਓਨੀਆਂ ਹੀ ਗੱਲਾਂ ਹੋਣ ਲੱਗ ਜਾਂਦੀਆਂ ਹਨ ਪ੍ਰੰਤੂ ਇਹ ਕੋਈ ਵੀ ਨਹੀਂ ਕਹਿੰਦਾ ਕਿ ਇਹ ਨਾਂਹ ਪੱਖੀ ਸੋਚ ਕਾਰਨ ਮਰਿਆ ਹੈ। ਕਿਉਂਕਿ ਅਜਿਹਾ ਕਹਿਣ ਨਾਲ ਕੋਈ ਵੀ ਮਰਨ ਵਾਲੇ ਨੂੰ ਆਪਣੀ ਮੌਤ ਦਾ ਦੋਸ਼ੀ ਆਪ ਨਹੀਂ ਬਣਾਉਣਾ ਚਾਹੁੰਦਾ, ਸਗੋਂ ਇਹ ਗੱਲ ਉਸ ਦੇ ਹਾਲਾਤ ਸਿਰ ਮੜ੍ਹਕੇ ਉਸ ਦਾ ਮੁੱਲ ਵੱਟਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਜੇ ਸਾਡੇ ਦੇਸ਼ ਦੇ ਲੋਕਾਂ ਦੀ ਸੋਚ ਦਾ ਇਤਿਹਾਸ ਦੇਖਿਆ ਜਾਵੇ ਤਾਂ ਇਹ ਹਾਂ ਪੱਖੀ ਸੋਚ ਨਾਲ ਭਰਿਆ ਪਿਆ ਹੈ। ਇਸ ਇਤਿਹਾਸ ਅਨੁਸਾਰ ਸਾਨੂੰ ਇਕ ਵੀ ਇਨਸਾਨ ਅਜਿਹਾ ਨਹੀਂ ਮਿਲੇਗਾ, ਜਿਸ ਨੇ ਆਪਣੀ ਹਾਂ ਪੱਖੀ ਸੋਚ ਨਾਲ ਜ਼ਿੰਦਗੀ ਵਿਚ ਵੱਡੇ ਜੋਖ਼ਮ ਨਾ ਉਠਾਏ ਹੋਣ, ਉਦਾਹਰਣ ਵਜੋਂ ਬਿੱਲ ਗੇਟਸ ਨੇ ਮਾਈਕ੍ਰੋਸਾਫਟ ਦੇ ਰੂਪ ਵਿਚ ਆਪਣਾ ਸੁਪਨਾ ਸੱਚ ਕਰਨ ਲਈ ਹਾਰਵਰਡ ਵਰਗੀ ਮਸ਼ਹੂਰ ਯੂਨੀਵਰਸਿਟੀ ਤੋਂ ਪੜ੍ਹਾਈ ਅੱਧ ਵਿਚਾਲੇ ਛੱਡਣ ਦਾ ਖ਼ਤਰਾ ਮੁੱਲ ਲਿਆ, ਉਸ ਨੂੰ ਪਤਾ ਸੀ ਕਿ ਅਜਿਹਾ ਕਰਨਾ ਉਸ ਦੇ ਕਰੀਅਰ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਪਰ ਫਿਰ ਵੀ ਉਸ ਨੇ ਆਪਣੀ ਹਾਂ ਪੱਖੀ ਸੋਚ ਦੀ ਪ੍ਰਾਪਤੀ ਲਈ ਅਜਿਹਾ ਕਰਨ ਨੂੰ ਤਰਜੀਹ ਦਿੱਤੀ ਜਿਸ ਦਾ ਨਤੀਜਾ ਅੱਜ ਦੁਨੀਆ ਦੇ ਸਾਹਮਣੇ ਹੈ।

ਗੱਲ ਇਸ ਇਕ ਮਹਾਨ ਵਿਅਕਤੀ ਨਾਲ ਖ਼ਤਮ ਨਹੀਂ ਹੁੰਦੀ। ਮਹਾਤਮਾ ਗਾਂਧੀ ਜਿਸ ਨੇ ਆਪਣੀ ਹਾਂ ਪੱਖੀ ਸੋਚ ਨੂੰ ਪੂਰਾ ਕਰਨ ਲਈ ਇਕੱਲੇ ਹੁੰਦੇ ਹੋਏ ਵੀ ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ, ਜਿਸ ਦੀ ਅੱਜ ਕੱਲ੍ਹ ਦੇ ਸਮੇਂ ਵਿਚ ਕਲਪਨਾ ਕਰਨੀ ਵੀ ਮੁਸ਼ਕਲ ਹੈ। ਇਕ ਆਮ ਜਿਹਾ ਵਕੀਲ ਉਸ ਬ੍ਰਿਟਿਸ਼ ਸਰਕਾਰ ਨਾਲ ਲੜਨ ਲਈ ਨਿਕਲ ਪਿਆ, ਜਿਸ ਦੇ ਰਾਜ ਵਿਚ ਸੂਰਜ ਕਦੇ ਡੁੱਬਦਾ ਨਹੀਂ ਸੀ। ਇਹ ਉਸ ਦੀ ਸੋਚ ਹੀ ਸੀ, ਜਿਸ ਦੀ ਸਮਰੱਥਾ ਕਾਰਨ ਉਹ ਇਕ ਆਮ ਵਿਅਕਤੀ ਤੋਂ ਬਾਪੂ ਬਣ ਗਿਆ। ਦੂਜੇ ਸ਼ਬਦਾਂ 'ਚ ਸੋਚ ਨੂੰ ਦੋ-ਧਾਰੀ ਤਲਵਾਰ ਵੀ ਕਿਹਾ ਜਾ ਸਕਦਾ ਹੈ। ਇਸ ਦੇ ਇਕ ਪਾਸੇ ਨਾ ਤਾਂ ਸਫਲਤਾ ਪੱਕੀ ਹੁੰਦੀ ਹੈ ਅਤੇ ਨਾ ਦੂਜੇ ਪਾਸੇ ਹੀ ਆਮ ਲੋਕਾਂ ਵਾਂਗ ਜੀਵਨ ਮਿਲਣਾ ਤੈਅ ਹੁੰਦਾ ਹੈ। ਫਿਰ ਵੀ ਜੇ ਨਤੀਜਾ ਆਸ ਅਨੁਸਾਰ ਨਾ ਨਿਕਲੇ ਤਾਂ ਲੱਗਣ ਵਾਲਾ ਧੱਕਾ ਤੇਜ਼ ਤੇ ਜ਼ਖ਼ਮ ਡੂੰਘਾ ਹੁੰਦਾ ਹੈ। ਪਰ ਇਹ ਗੱਲ ਨਹੀ ਭੁੱਲਣੀ ਚਾਹੀਦੀ ਕਿ ਹੀਰੋ ਉਹ ਹੀ ਹੁੰਦਾ ਹੈ ਜੋ ਆਮ ਦੀ ਇੱਛਾ ਨਹੀਂ ਰੱਖਦਾ, ਬਲਕਿ ਕੁਝ ਵੱਡਾ ਹਾਸਲ ਕਰਨ ਲਈ ਕੰਮ ਕਰਦਾ ਹੈ, ਇਸ ਦੇ ਲਈ ਭਾਵੇਂ ਉਸ ਨੂੰ ਆਪਣੇ ਹਉਮੇ ਦੀ ਹੋਂਦ ਦਾਅ 'ਤੇ ਕਿਉਂ ਨਾ ਲਾਉਣੀ ਪੈ ਜਾਵੇ। ਸੋ ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਹਾਂ ਪੱਖੀ ਸੋਚ ਦਾ ਜਜ਼ਬਾ ਬਹਾਦਰਾਂ ਦੀ ਹਿੰਮਤ ਦਾ ਪ੍ਰਤੀਕ ਹੈ, ਪਾਗਲਾਂ ਦੀ ਨਹੀਂ। ਜੋ ਗੱਲ ਇਸ ਨੂੰ ਪਾਗਲਪਣ ਤੋਂ ਵੱਖ ਕਰਦੀ ਹੈ, ਉਹ ਇਹ ਹੈ ਕਿ ਇਸ ਵਿਚ ਖ਼ੂਬਸੂਰਤ ਸੁਪਨੇ ਦੇ ਨਾਲ ਸਿਆਣਪ ਦਾ ਵੀ ਤਾਲਮੇਲ ਹੁੰਦਾ ਹੈ।

ਸੋ ਜੇ ਅਸੀਂ ਨਿਰਾਸ਼ਤਾ ਤੋਂ ਨਿਕਲਣ ਵਾਲੇ ਨਕਾਰਾਤਮਕ ਪ੍ਰਭਾਵ ਤੋਂ ਲੈ ਕੇ ਖ਼ੁਦਕੁਸ਼ੀਆਂ ਤਕ ਬਚਣਾ ਹੈ ਤਾਂ ਸਾਨੂੰ ਹਾਂ ਪੱਖੀ ਸੋਚ ਅਪਣਾਉਣੀ ਪਵੇਗੀ। ਇਹ ਸੋਚ ਜਿੱਥੇ ਸਾਡੇ ਆਮ ਜੀਵਨ ਲਈ ਸਹਾਈ ਹੋ ਸਕਦੀ ਹੈ, ਉੱਥੇ ਵੱਡੇ ਤੋਂ ਵੱਡਾ ਮੁਕਾਮ ਹਾਸਲ ਕਰਨ ਲਈ ਮਦਦਗਾਰ ਸਿੱਧ ਹੋ ਸਕਦੀ ਹੈ, ਸੋ ਆਓ ਇਸ ਹਾਂ ਪੱਖੀ ਸੋਚ ਨੂੰ ਆਪਣੀ ਜ਼ਿੰਦਗੀ ਵਿਚ ਸ਼ਾਮਲ ਕਰਨ ਵਿਚ ਦੇਰ ਨਾ ਲਾਈਏ। •

# ਇਨਾਮਾਂ ਲਈ ਹੀ ਲਿਖਣਾ ਲੇਖਕ ਦਾ ਧਰਮ ਨਹੀਂ



• ਕੁਲਦੀਪ ਸਿੰਘ ਬੰਗੀ
94174-07778

## ਬਲਦੇਵ ਸਿੰਘ ਆਜ਼ਾਦ



ਰੂਬਰੂ

**ਸਾਡੇ ਸਮਾਜ 'ਚ ਕਾਣੀ ਵੰਡ, ਜਾਤ-ਪਾਤ, ਬੇਰੁਜ਼ਗਾਰੀ, ਮਹਿੰਗਾਈ, ਨਸ਼ੇ, ਗੰਦੀ ਰਾਜਨੀਤੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਅਲਾਮਤਾਂ ਹਨ ਜਿਸ ਤੋਂ ਸਮਾਜ ਦਾ ਹਰ ਵਰਗ ਦੁਖੀ ਹੈ। ਬਸ ਮੇਰਾ ਰਾਜਨੀਤੀ 'ਚ ਆਉਣ ਦਾ ਇਹੋ ਹੀ ਮੁੱਖ ਕਾਰਨ ਸੀ ਕਿ ਇਨ੍ਹਾਂ ਨੂੰ ਕਿਵੇਂ ਵੀ ਦੂਰ ਕੀਤਾ ਜਾਵੇ...**

ਪੰਜਾਬੀ ਸਾਹਿਤ ਵਿਚ ਵਿਅੰਗ ਨੂੰ ਇਕ ਔਖੀ ਅਤੇ ਵਿਲੱਖਣ ਵਿਧਾ ਵਜੋਂ ਲਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿਚ ਬਹੁਤ ਘੱਟ ਲੇਖਕਾਂ ਨੇ ਵਿਅੰਗ ਵਿਧਾ 'ਤੇ ਆਪਣੀ ਕਲਮ ਅਜ਼ਮਾਈ ਕੀਤੀ ਹੈ। ਇਸ ਵਿਧਾ ਦਾ ਸਾਹਿਤ ਦੇ ਖੇਤਰ ਵਿਚ ਆਪਣਾ ਇਕ ਵੱਖਰਾ ਮੁਕਾਮ ਹੈ। ਸਮਾਜ ਦੇ ਕੋਝਾਂ ਨੂੰ ਕਟਾਖਸ਼ ਰੂਪ ਵਿਚ ਕਹਿਣ ਲਈ ਇਹ ਵਿਧਾ ਬੜੀ ਸਾਰਥਿਕ ਸਿੱਧ ਹੋ ਰਹੀ ਹੈ। ਇਸ ਵਿਧਾ ਦੇ ਖੇਤਰ ਵਿਚ ਬਲਦੇਵ ਸਿੰਘ ਆਜ਼ਾਦ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ। ਉਹ ਵਿਅੰਗ ਖੇਤਰ ਦਾ ਉੱਘਾ ਹਸਤਾਖ਼ਰ ਹੈ। ਉਸ ਨੇ ਆਪਣੀਆਂ ਲਿਖਤਾਂ ਵਿਚ ਢੁੱਕਵੀਂ ਅਤੇ ਪ੍ਰਭਾਵਸ਼ਾਲੀ ਬੋਲੀ-ਸ਼ੈਲੀ ਵਰਤ ਕੇ ਆਪਣੀ ਕਲਮ ਦਾ ਲੋਹਾ ਮੰਨਵਾਇਆ ਹੈ। ਉਹ ਸਾਹਿਤ ਵਿਧਾ ਦਾ ਅਜਿਹਾ ਅਨੁਭਵੀ ਖਿਡਾਰੀ ਹੈ, ਜਿਸ ਨੇ ਆਪਣੇ ਸੰਘਰਸ਼ੀ ਜੀਵਨ ਵਿਚ ਜੋ ਕੁਝ ਵੇਖਿਆ ਤੇ ਹੰਢਾਇਆ ਉਸ ਨੂੰ ਲੋਕ ਹਿਤੈਸ਼ੀ ਪੁੱਠ ਦੇ ਕੇ ਵਿਅੰਗ ਵਿਧਾ ਦੇ ਰੂਪ ਵਿਚ ਸਾਹਿਤ ਜਗਤ ਦੀ ਝੋਲੀ ਪਾਇਆ। ਪੇਸ਼ ਹੈ ਉਨ੍ਹਾਂ ਨਾਲ ਹੋਈ ਗੱਲਬਾਤ :

• **ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ।**

ਮੇਰਾ ਜਨਮ ਇਕ ਮਈ ਉੱਨੀ ਸੌ ਚੁਰੰਜਾ ਈਸਵੀ ( 01-05-1954) ਨੂੰ ਪਿੰਡ ਲੱਖੇਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਤਾ ਗੁਰਬਚਨ ਕੌਰ ਅਤੇ ਪਿਤਾ ਜਗੀਰ ਸਿੰਘ ਆਜ਼ਾਦ ਦੇ ਘਰ ਹੋਇਆ। ਅਸੀਂ ਸੱਤ ਭੈਣ ਭਰਾ ਹਾਂ। ਮੇਰਾ ਪਿਛੋਕੜ ਸੁਤੰਤਰਤਾ ਸੈਨਾਨੀ ਪਰਿਵਾਰ ਦਾ ਹੈ। ਪਿਤਾ ਜੀ ਆਪਣੇ ਨਾਮ ਨਾਲ ਉਸ ਸਮੇਂ ਵੀ ਆਜ਼ਾਦ ਲਾਉਂਦੇ ਸਨ ਜਦੋਂ ਸਾਡਾ ਭਾਰਤ ਦੇਸ਼ ਗੁਲਾਮ ਸੀ। ਮੈਨੂੰ ਆਪਣੇ ਪਿਤਾ ਜੀ ਅਤੇ ਪਰਿਵਾਰ 'ਤੇ ਮਾਣ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣਾ ਬਣਦਾ ਯੋਗਦਾਨ ਪਾਇਆ ਅਤੇ ਆਪਣੀ ਦੂਰ ਦ੍ਰਿਸ਼ਟੀ ਕਾਰਨ ਸਾਨੂੰ ਪੜ੍ਹਨ ਦੀ ਮਹੱਤਤਾ ਸਮਝਾਉਣ ਦੇ ਨਾਲ-ਨਾਲ ਵਧੀਆ ਸੰਸਕਾਰ ਦਿੱਤੇ। ਪਿਤਾ ਜੀ ਨੇ ਆਪਣੇ ਦੇਸ਼ ਦੀ ਆਜ਼ਾਦੀ ਲਈ ਲਾਹੌਰ ਅਤੇ ਮੁਲਤਾਨ ਵਿਖੇ ਆਪਣੇ ਸਮਿਆਂ ਵਿਚ ਜੇਲ੍ਹ ਵੀ ਕੱਟੀ।

• **ਤੁਹਾਡੀ ਵਿੱਦਿਅਕ ਯੋਗਤਾ ਅਤੇ ਕਿੱਤਾ?**

ਮੇਰੀ ਮੁੱਢਲੀ ਸਿੱਖਿਆ ਆਪਣੇ ਪਿੰਡ ਲੱਖੇਵਾਲੀ ਦੀ ਹੈ, ਜਦੋਂ ਕਿ ਮੈਟ੍ਰਿਕ ਦੀ ਪੜ੍ਹਾਈ ਨਾਲ ਲੱਗਦੇ ਪਿੰਡ ਭਾਗਸਰ ਤੋਂ ਪ੍ਰਾਪਤ ਕੀਤੀ। ਉਚੇਰੀ ਪੜ੍ਹਾਈ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਅਤੇ ਬੀ. ਐੱਡ. ਖ਼ਾਲਸਾ ਕਾਲਜ ਸ੍ਰੀ ਮੁਕਤਸਰ ਸਾਹਿਬ ਤੋਂ ਪਾਸ ਕੀਤੀ। ਇਸ ਤਰ੍ਹਾਂ ਮੇਰੀ ਵਿੱਦਿਅਕ ਯੋਗਤਾ ਐੱਮ. ਏ. ਐੱਮ.ਐੱਡ ਹੈ ਕਿੱਤੇ ਵਜੋਂ ਸੰਨ ਉੱਨੀ ਸੌ ਉਨਾਸੀ (1979) ਵਿਚ ਮੇਰੀ ਪਹਿਲੀ ਨਿਯੁਕਤੀ ਪਿੰਡ ਸ਼ਾਮਖੇੜਾ ਬਤੌਰ ਐੱਸ. ਐੱਸ. ਅਧਿਆਪਕ ਵਜੋਂ ਹੋਈ ਤੇ ਮੈਂ ਸਰਕਾਰੀ ਸੇਵਾ ਵਿਚ ਆਇਆ। ਇਸ ਮਹਿਕਮੇ ਵਿਚ ਮੈਂ ਲਗਪਗ ਤੇਤੀ ਸਾਲ ਤਨ ਦੇਹੀ ਨਾਲ ਸੇਵਾ ਕੀਤੀ। ਮਹਿਕਮੇ ਵਿਚ ਤਰੱਕੀ ਹੋਣ ਕਰਕੇ ਮੈਂ ਤੀਹ ਅਪ੍ਰੈਲ ਦੋ ਹਜ਼ਾਰ ਬਾਰ੍ਹਾਂ ਵਿਚ ਜਦ ਸੇਵਾ ਮੁਕਤ ਹੋਇਆ ਤਾਂ ਬਤੌਰ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਇਆ ਹਾਂ।

• **ਤੁਹਾਨੂੰ ਸਾਹਿਤ ਦੀ ਚੇਟਕ ਕਿਵੇਂ ਲੱਗੀ ਤੇ ਸਾਹਿਤਕ ਉਸਤਾਦ ਕੌਣ ਨੇ?**

ਮੈਨੂੰ ਸਾਹਿਤ ਦੀ ਚੇਟਕ ਆਪਣੇ ਘਰੋਂ ਹੀ ਲੱਗੀ। ਮੇਰੇ ਪਿਤਾ ਜੀ ਆਪਣੇ ਸਮੇਂ ਦੇ ਮਸ਼ਹੂਰ ਸਟੇਜੀ ਕਵੀ ਸਨ। ਉਨ੍ਹਾਂ ਦਿਨਾਂ ਵਿਚ ਪਿਤਾ ਜੀ ਦੀ ਸਟੇਜੀ ਕਵਿਤਾ ਦੀ ਇਕ ਕਿਤਾਬ ਵੀ ਆਈ, ਜਿਸ ਦਾ ਨਾਂ 'ਅਜ਼ਾਦ ਦੇ ਤੀਰ' ਸੀ। ਉਨ੍ਹਾਂ ਨੇ ਸਾਨੂੰ ਸਾਰੇ ਭੈਣ-ਭਰਾਵਾਂ ਨੂੰ ਕੇਵਲ ਜ਼ਿੰਦਗੀ ਦੀ ਜੀਵਨ ਜਾਚ ਹੀ ਨਹੀਂ ਸਿਖਾਈ ਬਲਕਿ ਪਰਿਵਾਰ ਨੂੰ ਸਮਾਜਿਕ ਕਦਰਾਂ ਕੀਮਤਾਂ ਦੇ ਨਾਲ ਨਾਲ ਸਾਹਿਤਕ ਗੁਰ ਵੀ ਸਿਖਾਏ। ਪਿਤਾ ਜੀ ਹੀ ਮੇਰੇ ਸਾਹਿਤਕ ਉਸਤਾਦ ਹਨ। ਪਰਿਵਾਰਕ ਮਾਹੌਲ ਸਾਹਿਤਕ ਹੋਣ ਕਰਕੇ ਮੈਂ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਦਾ ਆਪਣੇ ਸਮੇਂ ਬੈਸਟ ਸਟੇਜੀ ਕਵੀ ਵੀ ਰਿਹਾ ਹਾਂ ਤੇ ਕਾਲਜ ਦੇ ਮੈਗਜ਼ੀਨ ਵਿਚ ਮੇਰੀਆਂ ਰਚਨਾਵਾਂ ਦਾ ਛਪਣਾ ਵੀ ਮੇਰੀ ਸਾਹਿਤਕ ਚੇਟਕ ਦਾ ਇਕ ਹਿੱਸਾ ਹੈ ਜਿਸ ਨਾਲ ਚੜ੍ਹਦੀ ਉਮਰੇ ਇਕ ਲੇਖਕ ਅਤੇ ਸਾਹਿਤਕਾਰ ਵਜੋਂ ਮੇਰੀ ਪਛਾਣ ਬਣਨੀ ਸ਼ੁਰੂ ਹੋ ਗਈ ਜੋ ਮੈਨੂੰ ਚੰਗੀ ਲੱਗਦੀ ਜਿਸ ਸਦਕਾ ਮੈਂ ਸਾਹਿਤਕ ਕਿਤਾਬਾਂ ਨੂੰ ਆਪਣਾ ਪੱਕਾ ਸਾਥੀ ਬਣਾ ਲਿਆ ਤੇ ਲਿਖਣਾ ਸ਼ੁਰੂ ਕੀਤਾ।

• **ਤੁਸੀਂ ਕਿਸ-ਕਿਸ ਵਿਧਾ ਵਿਚ ਹੱਥ ਅਜਮਾਇਆ?**

ਮੈਂ ਪੰਜਾਬੀ ਸਾਹਿਤ ਵਿਚ ਗੀਤ, ਗ਼ਜ਼ਲਾਂ ਤੋਂ ਇਲਾਵਾ ਮਿੰਨੀ ਕਹਾਣੀਆਂ ਵੀ ਲਿਖੀਆਂ ਹਨ। ਹਰ ਵਿਧਾ ਦੀ ਆਪਣੀ ਵਿਸ਼ੇਸ਼ਤਾ ਹੈ ਅਤੇ ਹਰ ਵਿਧਾ ਦੀ ਸਾਹਿਤ ਵਿਚ ਆਪਣੀ-ਆਪਣੀ ਥਾਂ ਹੈ। ਸਾਨੂੰ ਕਿਸੇ ਵੀ ਵਿਧਾ ਨੂੰ ਘਟਾ ਕੇ ਜਾਂ ਵਧਾ ਕੇ ਨਹੀਂ ਵੇਖਣਾ ਚਾਹੀਦਾ, ਪਰ ਮੇਰੀ ਸੰਤੁਸ਼ਟੀ ਵਿਅੰਗ ਲਿਖ ਕੇ ਹੀ ਹੁੰਦੀ ਹੈ। ਲੇਖਕ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਜੋ ਸਮਾਜ ਵਿਚ ਵਾਪਰਦਾ ਹੈ, ਉਸ ਨੂੰ ਪੇਸ਼ ਕਰਨਾ ਉਸ ਦਾ ਧਰਮ ਹੈ, ਫਰਜ਼ ਹੈ। ਇਸ ਫ਼ਰਜ਼ ਨੂੰ ਨਿਭਾਉਣ ਲਈ ਮੈਨੂੰ ਇਹ ਵਿਧਾ ਸਭ ਤੋਂ ਉੱਤਮ ਲੱਗੀ। ਮੇਰਾ ਪਹਿਲਾ ਵਿਅੰਗ 'ਕੱਦੂ ਡਾਕਟਰ ਜ਼ਿੰਦਾਬਾਦ' ਅਜੀਤ ਅਖ਼ਬਾਰ ਵਿਚ ਛਪਿਆ ਜਿਸ ਦੇ ਪੱਖ ਅਤੇ ਵਿਰੋਧ ਵਿਚ ਬੜੀਆਂ ਚਿੱਠੀਆਂ ਲੱਗੀਆਂ ਜਿਸ ਨੇ ਮੈਨੂੰ ਬੜਾ ਉਤਸ਼ਾਹਿਤ ਕੀਤਾ। ਪ੍ਰਿੰਸੀਪਲ ਦਲੀਪ ਸਿੰਘ ਭੁਪਾਲ ਨੇ ਨਿੱਜੀ ਰੂਪ ਵਿਚ ਕਿਹਾ ਕਿ ਤੁਸੀਂ ਇਸ ਵਿਧਾ ਵਿਚ ਵਧੀਆ ਲਿਖ ਸਕਦੇ ਹੋ ਫਿਰ ਮੈਂ ਵਿਅੰਗ ਲਿਖਣ ਵੱਲ ਹੋ ਗਿਆ, ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸ ਖੇਤਰ ਵਿਚ ਜੋ ਮੇਰੀ ਪਛਾਣ ਹੈ ਉਹ ਤੁਹਾਡੇ ਸਾਹਮਣੇ ਹੈ।

• **ਆਪਣੀ ਲਿਖਣ ਪ੍ਰਕਿਰਿਆ ਬਾਰੇ ਚਾਨਣਾ ਪਾਓ?**

ਮੈਂ ਆਪਣੇ ਪੜ੍ਹਦੇ ਸਮੇਂ ਕਾਲਜ ਦੇ ਛਪਦੇ ਰਸਾਲੇ ਤੋਂ ਲੈ ਕੇ ਵੱਖ-ਵੱਖ ਤਰ੍ਹਾਂ ਦੇ ਮੈਗਜ਼ੀਨ, ਰਸਾਲੇ ਅਤੇ ਨਾਮਵਰ ਪੰਜਾਬੀ ਅਖ਼ਬਾਰਾਂ ਵਿਚ ਆਪਣੀ ਹਾਜ਼ਰੀ ਲਵਾ ਚੁੱਕਾ ਹਾਂ। ਜੇ ਕਿਤਾਬਾਂ ਦੀ ਗੱਲ ਕਰੀਏ ਤਾਂ ਹੁਣ ਤਕ ਕਿਤਾਬੀ ਰੂਪ ਵਿਚ ਮੇਰੀਆਂ ਵਿਅੰਗ ਦੀਆਂ ਚਾਰ ਪੁਸਤਕਾਂ ਆ ਚੁੱਕੀਆਂ ਹਨ ਜਿਨ੍ਹਾਂ ਦੇ ਨਾਂ 'ਕਾਕਾ ਵਿਕਾਊ ਹੈ' 'ਫੂਕ ਸ਼ਾਸਤਰ ਜ਼ਿੰਦਾਬਾਦ' 'ਆਪਾਂ ਕੀ ਲੈਣਾ' 'ਜ਼ਿੰਦਗੀ ਦੇ ਗੀਤ' ਕਾਵਿ ਵਿਅੰਗ ਅਤੇ ਹੁਣੇ-ਹੁਣੇ ਨਵੀਂ ਕਿਤਾਬ ਦਾ ਨਾਂ 'ਗੋਡੇ ਘੁੱਟ ਤੇ ਮੌਜਾਂ ਲੁੱਟ' ਮੇਰੀ ਪੰਜਵੀਂ ਕਿਤਾਬ ਬਹੁਤ ਜਲਦ ਪਾਠਕਾਂ ਦੇ ਹੱਥਾਂ ਵਿਚ ਆਉਣ ਵਾਲੀ ਹੈ ਜਿਸ ਵਿਚ ਵੱਖ-ਵੱਖ ਵਿਸ਼ਿਆਂ ਦੀ ਵੰਨ ਸੁਵੰਨਤਾ ਪਾਠਕਾਂ ਨੂੰ ਪੜ੍ਹਨ ਲਈ ਮਿਲੇਗੀ, ਮੈਨੂੰ ਪੂਰੀ ਉਮੀਦ ਹੈ ਕਿ ਇਹ ਕਿਤਾਬ ਉਨ੍ਹਾਂ ਦੀ ਆਸ 'ਤੇ ਪੂਰੀ ਤਰ੍ਹਾਂ ਖ਼ਰੀ ਉਤਰੇਗੀ।

• **ਸਾਹਿਤਕ ਸਭਾਵਾਂ ਦੀ ਸਾਹਿਤ ਨੂੰ ਕਿੰਨੀ ਕੁ ਦੇਣ ਹੈ?**

ਸਾਹਿਤ ਸਭਾ ਕਿਸੇ ਲੇਖਕ ਜਾਂ ਸਿਖਾਂਦਰੂ ਲਈ ਇਕ ਤਰ੍ਹਾਂ ਦੀ ਵਰਕਸ਼ਾਪ ਦਾ ਕੰਮ ਕਰਦੀ ਹੈ। ਮੈਂ ਖ਼ੁਦ ਸਾਹਿਤ ਸਭਾ ਜੈਤੋ, ਅਬੋਹਰ, ਸ੍ਰੀ ਮੁਕਤਸਰ ਸਾਹਿਬ ਦਾ ਸਰਗਰਮ ਮੈਂਬਰ ਰਿਹਾ ਹਾਂ। ਇਕ ਪੰਜਾਬੀ ਹਾਸ ਵਿਅੰਗ ਅਕੈਡਮੀ ਪੰਜਾਬ ਬਣੀ ਹੋਈ ਹੈ ਜਿਸ ਦੇ ਕੇ.ਐੱਲ. ਗਰਗ ਪ੍ਰਧਾਨ ਅਤੇ ਮੈਂ ਜਨਰਲ ਸਕੱਤਰ ਦੇ ਅਹੁਦੇ 'ਤੇ ਕੰਮ ਕਰ ਰਿਹਾ ਹਾਂ। ਅਸੀਂ ਕਾਫ਼ੀ ਮਿਹਨਤ ਨਾਲ ਇਸ ਸੰਸਥਾ ਦੇ ਝੰਡੇ ਥੱਲੇ ਸਾਹਿਤਕ ਪੁਸਤਕਾਂ ਵੀ ਛਪਵਾਈਆਂ ਅਤੇ ਸਕੂਲਾਂ, ਕਾਲਜਾਂ ਵਿਚ ਸਮਾਗਮਾਂ ਦਾ ਪ੍ਰਬੰਧ ਵੀ ਕਰਦੇ ਹਾਂ ਤਾਂ ਜੋ ਬੱਚੇ ਸਾਹਿਤ ਵੱਲ ਪ੍ਰੇਰਿਤ ਹੋਣ। ਸਮਾਜ ਨੂੰ ਚੇਤਨ ਕਰਨ ਵਿਚ ਮੈਂ ਸਮਝਦਾ ਹਾਂ ਕਿ ਸਾਹਿਤਕ ਸਭਾਵਾਂ ਬਹੁਤ ਵੱਡਾ ਰੋਲ ਨਿਭਾਉਂਦੀਆਂ ਹਨ ਜੇ ਉਹ ਕਿਸੇ ਧੜੇਬੰਦੀ ਅਤੇ ਆਪੂ ਚੌਧਰ ਵਰਗੀ ਬੀਮਾਰੀ ਦਾ ਸ਼ਿਕਾਰ ਨਾ ਹੋਣ। ਸੋ ਮੈਂ ਸਾਹਿਤਕ ਸਭਾਵਾਂ ਦਾ ਹੋਣਾ ਕਿਸੇ ਵੀ ਭਾਸ਼ਾ ਲਈ ਸ਼ੁਭ ਸ਼ਗਨ ਮੰਨਦਾ ਹਾਂ।

• **ਨਾਮਵਰ ਵਿਅੰਗਕਾਰ ਜਿਨ੍ਹਾਂ ਤੋਂ ਤੁਸੀਂ ਪ੍ਰਭਾਵਿਤ ਹੋ?**

ਮੈਂ ਕਾਫ਼ੀ ਵਿਅੰਗਕਾਰਾਂ ਤੋਂ ਪ੍ਰਭਾਵਿਤ ਹਾਂ। ਕੇ. ਐੱਲ. ਗਰਗ, ਜੇ. ਐੱਲ ਨੰਦਾ, ਡਾ. ਧਰਮ ਸਿੰਘ, ਗੁਰਨਾਮ ਸਿੰਘ ਤੀਰ ਆਦਿ ਕਾਫ਼ੀ ਨਾਂ ਸ਼ਾਮਿਲ ਹਨ। ਅਸਲ ਵਿਚ ਮੈਨੂੰ ਉਹ ਹਰ ਲੇਖਕ ਹੀ ਪ੍ਰਭਾਵਿਤ ਕਰਦਾ ਹੈ ਜੋ ਚੰਗੇ ਸਮਾਜ ਦੀ ਸਿਰਜਣਾ ਲੋਚਦਾ ਹੈ ਅਤੇ ਸਮਾਜ ਦੀਆਂ ਅਨੈਤਿਕ ਕਦਰਾਂ, ਕੀਮਤਾਂ, ਗ਼ਲਤ ਰਸਮਾਂ, ਰਿਵਾਜਾਂ ਦੇ ਬਖੀਏ ਉਦੇੜਦਾ ਹੈ ਫਿਰ ਉਹ ਚਾਹੇ ਨਵਾਂ ਨਾਂ ਹੋਵੇ ਜਾਂ ਸਥਾਪਤ। ਮੈਂ ਹਰ ਉਸ ਲੇਖਕ ਦੀ ਦਿਲੋਂ ਕਦਰ ਕਰਦਾ ਹਾਂ ਜੋ ਸਮਾਜ ਭਲਾਈ ਲਈ ਸੋਚਦਾ ਹੈ।

• **ਰਾਜਨੀਤੀ ਵਿਚ ਆਉਣ ਦਾ ਤੁਹਾਡਾ ਸਬੱਬ ਕਿਵੇਂ ਬਣਿਆ?**

ਸਮਾਜਿਕ ਗਿਰਾਵਟ ਨੂੰ ਵੇਖਦੇ ਹੋਏ ਸੋਚਿਆ ਕਲਮ ਦੇ ਨਾਲ-ਨਾਲ ਜੇ ਲੋਕ ਸ਼ਕਤੀ ਮਿਲੇ ਤਾਂ ਸਮਾਜ ਵਿਚ ਸੁਧਾਰ ਤੇਜ਼ੀ ਨਾਲ ਸੰਭਵ ਹੋ ਸਕਦਾ ਹੈ। ਅੱਜ ਸਾਡੇ ਸਮਾਜ ਵਿਚ ਕਾਣੀ ਵੰਡ, ਜਾਤ-ਪਾਤ, ਬੇਰੁਜ਼ਗਾਰੀ, ਮਹਿੰਗਾਈ, ਨਸ਼ੇ, ਗੰਦੀ ਰਾਜਨੀਤੀ, ਭ੍ਰਿਸ਼ਟਾਚਾਰ ਆਦਿ ਅਨੇਕਾਂ ਅਲਾਮਤਾਂ ਮੂੰਹ ਅੱਡੀ ਖੜ੍ਹੀਆਂ ਹਨ ਜਿਸ ਤੋਂ ਸਮਾਜ ਦਾ ਹਰ ਵਰਗ ਦੁਖੀ ਤੇ ਪਰੇਸ਼ਾਨ ਹੈ, ਬਸ ਮੇਰਾ ਰਾਜਨੀਤੀ ਵਿਚ ਆਉਣ ਦਾ ਇਹੋ ਹੀ ਮੁੱਖ ਕਾਰਨ ਸੀ ਕਿ ਇਨ੍ਹਾਂ ਅਲਾਮਤਾਂ ਨੂੰ ਕਿਵੇਂ ਵੀ ਦੂਰ ਕੀਤਾ ਜਾਵੇ। ਪਰ ਰਾਜਨੀਤੀ ਦੀ ਖੇਡ ਆਮ ਬੰਦੇ ਨੂੰ ਬਹੁਤ ਘੱਟ ਮਾਫਕ ਹੈ ਕਿਉਂਕਿ ਹਰ ਰਾਜਨੀਤਕ ਬੰਦਿਆਂ ਦੀ ਕਹਿਣੀ ਕਰਨੀ ਵਿਚ ਉੱਨੀ ਇਕਾਨਵੇਂ ਵਾਲਾ ਫ਼ਰਕ ਹੁੰਦਾ ਹੈ ਜਦੋਂ ਕਿ ਸਾਨੂੰ ਲੇਖਕਾਂ ਨੂੰ ਉੱਨੀ ਇੱਕੀ ਵੀ ਮਾਫ਼ਕ ਨਹੀਂ ਆਉਂਦਾ, ਮੈਂ ਰਾਜਨੀਤੀ ਵਿਚ ਆ ਕੇ ਇਸ ਗੱਲ ਨੂੰ ਸਿਰਫ ਭਾਂਪਿਆ ਹੀ ਨਹੀਂ, ਹੱਡੀਂ ਵੀ ਹੰਢਾਇਆ ਹੈ।

• **ਤੁਹਾਨੂੰ ਸਾਹਿਤਕਾਰਾਂ ਤੇ ਰਾਜਨੀਤਕ ਲੋਕਾਂ ਵਿਚ ਕੋਈ ਵੱਡਾ ਫ਼ਰਕ ਲੱਗਾ?**

ਕਾਫੀ ਜ਼ਿਆਦਾ ਫ਼ਰਕ ਹੈ ਜੋ ਮੈਂ ਮਹਿਸੂਸ ਕੀਤਾ। ਸਾਹਿਤਕਾਰ ਚੰਗੀ ਮਾਨਸਿਕਤਾ ਵਾਲੇ ਲੋਕਾਂ ਦਾ ਅਜਿਹਾ ਸਮੂਹ ਹੈ ਜੋ ਸਮਾਜ ਦਾ ਭਲਾ ਲੋਚਦੇ ਹਨ ਪਰ ਰਾਜਨੀਤਕ ਗਿਰਾਵਟ ਨੂੰ ਸ਼ਬਦਾਂ 'ਚ ਬਿਆਨ ਕਰਨਾ ਮੁਸ਼ਕਿਲ ਹੈ। ਸਾਰਾ ਵਰਤਾਰਾ ਤੇ ਘਟੀਆ ਪੱਧਰ ਦੀ ਰਾਜਨੀਤੀ ਵੇਖ ਕੇ ਮਨ ਦੁਖੀ ਹੁੰਦਾ ਹੈ। ਪ੍ਰੰਤੂ ਜਿਸ ਤਰ੍ਹਾਂ ਰਾਜਨੀਤੀ ਵਿਚ ਗਿਰਾਵਟ ਆਈ ਹੈ, ਉਸੇ ਤਰ੍ਹਾਂ ਸਾਹਿਤਕ ਖੇਤਰ ਵਿਚ ਵੀ ਨਿਘਾਰ, ਗੁੱਟਬੰਦੀ, ਮੌਕਾਪ੍ਰਸਤੀ ਬੜੀ ਤੇਜ਼ੀ ਨਾਲ ਵਧ ਰਹੀ ਹੈ, ਜੋ ਬਹੁਤ ਘਾਤਕ ਹੈ। ਸਾਹਿਤ ਅਤੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ ਜਿਸ ਵੱਲ ਧਿਆਨ ਦੇਣ ਦੀ ਬਹੁਤ ਜ਼ਰੂਰਤ ਹੈ, ਜੇ ਸਮੇਂ ਸਿਰ ਧਿਆਨ ਨਾ ਦਿੱਤਾ ਗਿਆ ਤਾਂ ਸਾਡੇ ਹੱਥ ਪਛਤਾਵੇ ਤੋਂ ਬਿਨਾਂ ਕੁਝ ਵੀ ਪੱਲੇ ਨਹੀਂ ਪੈਣਾ। ਆਉਣ ਵਾਲੀਆਂ ਪੀੜ੍ਹੀਆਂ ਨੇ ਸਾਨੂੰ ਕਦੇ ਮਾਫ਼ ਨਹੀਂ ਕਰਨਾ, ਹਰੇਕ ਖੇਤਰ ਵਿਚ ਅਸੀਂ ਅਜਿਹਾ ਮਾਹੌਲ ਤਿਆਰ ਕਰ ਰਹੇ ਹਾਂ, ਜਿਸ ਨੂੰ ਸੋਚ ਕੇ ਬੜੀ ਚਿੰਤਾ ਹੁੰਦੀ ਹੈ।

• **ਜ਼ਿੰਦਗੀ ਦਾ ਕੋਈ ਤਜਰਬਾ ਜੋ ਸਾਂਝਾ ਕਰਨਾ ਚਾਹੋਗੇ?**

ਆਪਣੇ ਪ੍ਰਿੰਸੀਪਲ ਬਣਨ ਸਮੇਂ ਸਕੂਲ ਵਿਚ ਹਰ ਸਾਲ ਨਾਮਵਰ ਲੇਖਕਾਂ ਨੂੰ ਸਾਲਾਨਾ ਪ੍ਰੋਗਰਾਮ ਕਰ ਕੇ ਬੱਚਿਆਂ ਦੇ ਰੂਬਰੂ ਕਰਵਾਉਂਦੇ ਰਹੇ ਹਾਂ ਜਿਸ ਵਿਚ ਪ੍ਰੋ. ਗੁਰਦਿਆਲ ਸਿੰਘ, ਵਰਿਆਮ ਸਿੰਘ ਸੰਧੂ, ਗੁਰਸ਼ਰਨ ਭਾਅ ਜੀ, ਬਲਦੇਵ ਸਿੰਘ ਸੜਕਨਾਮਾ ਆਦਿ ਅਨੇਕਾਂ ਅਦਬੀ ਸ਼ਖ਼ਸੀਅਤਾਂ ਦੇ ਨਾਂ ਜ਼ਿਕਰਯੋਗ ਹਨ ਜੋ ਬੱਚਿਆਂ ਦੇ ਸਨਮੁੱਖ ਕੀਤੇ, ਜਿਸ ਕਰਕੇ ਸਾਡੇ ਸਕੂਲ ਦੇ ਬੱਚੇ ਸਾਹਿਤ ਨਾਲ ਜੁੜੇ ਅਤੇ ਅੱਜ ਵਧੀਆ ਲੇਖਕ ਬਣਨ ਤੋਂ ਇਲਾਵਾ ਦੇਸ ਦੇ ਵਧੀਆ ਜ਼ਿੰਮੇਵਾਰ ਨਾਗਰਿਕ ਬਣ ਆਪਣਾ ਯੋਗਦਾਨ ਪਾ ਰਹੇ ਹਨ। ਸਾਨੂੰ ਅਜਿਹੇ ਤਜਰਬੇ ਤੇ ਉੱਦਮ ਕਰਦੇ ਰਹਿਣਾ ਚਾਹੀਦਾ ਹੈ। ਮੇਰੀ ਕੌਮ ਦੇ ਨਿਰਮਾਤਾਵਾਂ ਨੂੰ ਇਹ ਛੋਟੀ ਜੀ ਬੇਨਤੀ ਹੈ।

• **ਸਾਹਿਤਕ ਇਨਾਮਾਂ ਨੂੰ ਕਿਵੇਂ ਦੇਖਦੇ ਹੋ?**

ਮੈਂ ਇਨਾਮਾਂ ਲਈ ਨਹੀਂ ਲਿਖਦਾ। ਜੋ ਇਨਾਮਾਂ ਲਈ ਲਿਖਦਾ ਹੈ ਮੈਂ ਉਸ ਨੂੰ ਲੇਖਕ ਹੀ ਨਹੀਂ ਮੰਨਦਾ ਪਰ ਅੱਜ ਜੁਗਾੜਬੰਦੀ ਜ਼ੋਰਾਂ 'ਤੇ ਹੈ। ਮੈਂ ਇਨਾਮਾਂ ਤੇ ਲੇਖਕਾਂ ਨੂੰ ਵੱਖਰਾ-ਵੱਖਰਾ ਕਰਕੇ ਵੇਖਦਾ ਹਾਂ। ਮੇਰਾ ਮੰਨਣਾ ਹੈ ਕਿ ਕਿਸੇ ਵੀ ਲੇਖਕ ਦੀ ਪਛਾਣ ਲਿਖਤ ਕਰਕੇ ਬਣਦੀ ਹੈ ਨਾ ਕਿ ਕਿਸੇ ਵੱਡੇ ਇਨਾਮ ਦੀ ਪ੍ਰਾਪਤੀ ਨਾਲ। ਵੈਸੇ ਕਿਸੇ ਵੀ ਕੰਮ ਵਿਚ ਦਿੱਤੀ ਗਈ ਸ਼ਾਬਾਸ਼ੇ, ਹਰ ਇਕ ਦਾ ਉਤਸ਼ਾਹ ਤਾਂ ਵਧਾਉਂਦੀ ਹੈ। ਮੈਨੂੰ ਸਾਹਿਤ ਸਭਾ ਸ੍ਰੀ ਮੁਕਤਸਰ ਸਾਹਿਬ, ਸਾਹਿਤ ਸਭਾ ਮੰਡੀ ਬਰੀਵਾਲਾ, ਸਾਹਿਤ ਸਭਾ ਜਲਾਲਾਬਾਦ, ਫ਼ਰੀਦਕੋਟ, ਸਾਹਿਤ ਸਭਾ ਕੋਟਕਪੂਰਾ ਤੋਂ ਇਲਾਵਾ ਪਿਆਰਾ ਸਿੰਘ ਦਾਤਾ ਐਵਾਰਡ ਹਾਸ ਵਿਅੰਗ ਅਕੈਡਮੀ ਵੱਲੋਂ ਅਤੇ ਮੀਰਜ਼ਾਦਾ ਮੈਗਜ਼ੀਨ ਐਵਾਰਡ ਸਾਹਿਤ ਦੇ ਖੇਤਰ ਵਿਚ ਮਿਲ ਚੁੱਕਾ ਹੈ।

• **ਪਰਿਵਾਰਕ ਸਹਿਯੋਗ ਕਿੰਨਾ ਕੁ ਮਿਲਦੈ?**

ਪਰਿਵਾਰ ਨੂੰ ਸਾਹਿਤਕ ਗੁੜ੍ਹਤੀ ਤਾਂ ਸ਼ੁਰੂ ਤੋਂ ਹੀ ਮਿਲੀ ਹੋਈ ਹੈ। ਸੋ ਮੇਰਾ ਸਾਰਾ ਪਰਿਵਾਰ ਹੀ ਸਾਹਿਤਕ ਰੰਗ ਵਿਚ ਰੰਗਿਆ ਹੋਇਆ ਹੈ। ਮੇਰੀ ਧਰਮ ਪਤਨੀ ਸ੍ਰੀਮਤੀ ਪ੍ਰਕਾਸ਼ ਕੌਰ ਵੀ ਬਤੌਰ ਅਧਿਆਪਕਾ ਸੇਵਾ ਮੁਕਤ ਹੋਈ ਹੈ ਜੋ ਮੇਰੀਆਂ ਰਚਨਾਵਾਂ ਦੀ ਪਹਿਲੀ ਪਾਠਕ ਹੈ। ਜਿਸ ਦੇ ਪੂਰਨ ਸਹਿਯੋਗ ਕਰਕੇ ਹੀ ਮੈਂ ਕੁਝ ਕਰਨ ਯੋਗ ਹੋਇਆ ਹਾਂ, ਜਿਸ ਨੇ ਘਰੇਲੂ ਜ਼ਿੰਮੇਵਾਰੀਆਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਮੈਨੂੰ ਮੁਕਤ ਕੀਤਾ ਤੇ ਮੈਂ ਸਾਹਿਤਕ ਖੇਤਰ ਵਿਚ ਕੁਝ ਯੋਗਦਾਨ ਪਾ ਸਕਿਆ ਹਾਂ। ਸੋ ਮੈਨੂੰ ਪਰਿਵਾਰ ਦਾ ਪੂਰਾ ਸਹਿਯੋਗ ਹੈ।

• **ਭਵਿੱਖ ਦੀਆਂ ਯੋਜਨਾਵਾਂ ਬਾਰੇ ਦੱਸੋ ਤੇ ਪਾਠਕਾਂ ਨੂੰ ਕੋਈ ਸੰਦੇਸ਼ ਦਿਉ।**

ਇਕ ਚੰਗੇ ਸਮਾਜ ਦੀ ਸਿਰਜਣਾ ਲਈ ਹਮੇਸ਼ਾ ਤੱਤਪਰ ਹਾਂ। ਕਲਮ ਨਾਲ ਸਮਾਜ ਦੀ ਸੇਵਾ ਇਸ ਤਰ੍ਹਾਂ ਕਰਾਂ ਜਿਸ ਨਾਲ ਇਕ ਆਦਰਸ਼ ਸਮਾਜ ਦੀ ਸਿਰਜਣਾ ਹੋ ਸਕੇ ਇਹ ਮੇਰੀ ਦਿਲੀ ਇੱਛਾ ਹੈ, ਇਹ ਯਤਨ ਭਵਿੱਖ ਵਿਚ ਵੀ ਜਾਰੀ ਰਹਿਣਗੇ। ਦੂਸਰੀ ਮੇਰੀ ਇਹੋ ਬੇਨਤੀ ਹੈ ਨਾ ਕਿ ਸੰਦੇਸ਼ ਕਿ ਆਪਣੇ ਬੱਚਿਆਂ ਨੂੰ ਪੜ੍ਹਾਓ ਚੰਗਾ ਸਾਹਿਤ ਪੜ੍ਹੋ, ਸਾਹਿਤ ਨਾਲ ਜੁੜੋ ਇਹ ਚੰਗੀ ਜ਼ਿੰਦਗੀ ਜਿਊਣਾ ਸਿਖਾਉਂਦਾ ਹੈ।

ਸੋ ਪੰਜਾਬੀਓ ਜਾਗੋ, ਜਾਗਦਿਆਂ ਦੀਆਂ ਕੱਟੀਆਂ ਸੁੱਤਿਆਂ ਦੇ ਕੱਟੇ ਇੰਨਾ ਹੀ ਕਹਾਂਗਾ ਜੀ, ਬਾਕੀ ਸਾਰੇ ਤੁਸੀਂ ਆਪ ਸਿਆਣੇ ਹੋ। •



# ਕਈ ਵਾਰ ਕੰਧ ਵੀ ਬਣ ਜਾਂਦੀ ਹੈ ਸਲਾਹਕਾਰ

• ਪ੍ਰੋ. ਧਰਮਜੀਤ ਮਾਨ
9478460084

**ਸਿਆਣੇ ਲੋਕ ਕਹਿੰਦੇ ਹਨ ਕਿ ਜੇ ਕੋਈ ਵੀ ਸਾਥ ਜਾਂ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਕੋਲੋਂ ਵੀ ਸਲਾਹ ਲਈ ਜਾ ਸਕਦੀ ਹੈ। ਗੱਲ ਸੋਲ੍ਹਾਂ ਆਨੇ ਸੱਚ ਹੈ। ਬੇਸ਼ੱਕ ਕੰਧ ਬੋਲਦੀ ਨਹੀਂ ਪਰ ਇਕਾਗਰ ਚਿੱਤ ਹੋ ਕੇ ਕੰਧ ਵੱਲ ਨੂੰ ਮੂੰਹ ਕਰ ਕੇ ਆਪਣੇ ਮਨ ਨਾਲ ਕੀਤੀ ਸੋਚ ਵਿਚਾਰ ਬੰਦੇ ਨੂੰ ਮੁਸੀਬਤ ਸਮੇਂ ਸੰਜੀਵਨੀ ਦਾ ਕੰਮ ਕਰ ਸਕਦੀ ਹੈ...**

ਮੁਸੀਬਤ 'ਚ ਫਸਿਆ ਬੰਦਾ ਸਾਥ ਤਲਾਸ਼ਦਾ ਹੈ ਜੇ ਨਾ ਮਿਲੇ ਤਾਂ ਹੌਸਲਾ ਛਹਿੰਦਾ ਹੈ। ਕਰੀਬੀ ਦੋਸਤ ਮਿੱਤਰਾਂ ਅਤੇ ਸਕੇ ਸਬੰਧੀਆਂ ਵਲੋਂ ਕਿਨਾਰਾ ਕਰ ਲੈਣ ਦੀ ਹਾਲਤ 'ਚ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ। ਸਿਆਣੇ ਲੋਕ ਕਹਿੰਦੇ ਹਨ ਕਿ ਜੇ ਕੋਈ ਵੀ ਸਾਥ ਜਾਂ ਸਲਾਹ ਦੇਣ ਵਾਲਾ ਨਾ ਹੋਵੇ ਤਾਂ ਕੰਧ ਕੋਲੋਂ ਵੀ ਸਲਾਹ ਲਈ ਜਾ ਸਕਦੀ ਹੈ। ਗੱਲ ਸੋਲ੍ਹਾਂ ਆਨੇ ਸੱਚ ਹੈ। ਬੇਸ਼ੱਕ ਕੰਧ ਬੋਲਦੀ ਨਹੀਂ ਪਰ ਇਕਾਗਰ ਚਿੱਤ ਹੋ ਕੇ ਕੰਧ ਵੱਲ ਨੂੰ ਮੂੰਹ ਕਰ ਕੇ ਆਪਣੇ ਮਨ ਨਾਲ ਕੀਤੀ ਸੋਚ ਵਿਚਾਰ ਬੰਦੇ ਨੂੰ ਮੁਸੀਬਤ ਸਮੇਂ ਸੰਜੀਵਨੀ ਦਾ ਕੰਮ ਕਰ ਸਕਦੀ ਹੈ। ਗੱਲ ਵਿਚਾਰਾਂ ਦੀ ਹੁੰਦੀ ਹੈ, ਇਕਾਗਰ ਹੋਣ ਨਾਲ ਵਿਚਾਰਾਂ ਦਾ ਪ੍ਰਵਾਹ ਤੇਜ਼ੀ ਨਾਲ ਵੱਧਦਾ ਹੈ ਅਤੇ ਕਿਸੇ ਚੰਗੇ ਨਤੀਜੇ 'ਤੇ ਪਹੁੰਚਣ ਲਈ ਇਕ ਉਮੀਦ ਮਿਲ ਜਾਂਦੀ ਹੈ।

ਪੈਸੇ ਦੀ ਦੌੜ 'ਚ ਇਨਸਾਨੀਅਤ ਨਾਂ ਦੀ ਚੀਜ਼ ਮਨਫ਼ੀ ਹੋ ਗਈ ਹੈ। ਜੇਬ 'ਚ ਪੈਸਾ ਹੋਵੇ ਮਿੱਤਰਾਂ ਦੀ ਗਿਣਤੀ ਵੱਧਦੀ ਹੈ, ਪੈਸਾ ਖ਼ਤਮ ਹੋ ਜਾਵੇ ਜਾਂ ਫਿਰ ਮੰਗ ਕੇ ਟਾਈਮ ਟਪਾਉਣ ਦੀ ਗੱਲ ਆ ਜਾਵੇ ਤਾਂ ਦੋਸਤ ਮਿੱਤਰਾਂ ਦੀ ਗਿਣਤੀ ਇਕਦਮ ਘੱਟਦੀ ਹੈ। ਅਜਿਹੇ ਮਾਹੌਲ 'ਚ ਬੇਜਾਨ ਜਾਂ ਬੇਜ਼ੁਬਾਨ ਚੀਜ਼ਾਂ ਵੀ ਕਈ ਵਾਰ ਇਨਸਾਨ ਦਾ ਸਹਾਰਾ ਬਣ ਜਾਂਦੀਆਂ ਹਨ।

ਰੁਜ਼ਗਾਰ ਦੀ ਤਲਾਸ਼ 'ਚ ਤਕਰੀਬਨ ਦਸ ਸਾਲ ਪਹਿਲਾਂ ਮੈਂ ਇਕ ਪ੍ਰਾਈਵੇਟ ਕਾਲਜ 'ਚ ਪਹੁੰਚਿਆ। ਅਖ਼ਬਾਰ 'ਚ ਪੜ੍ਹਿਆ ਸੀ ਕਿ ਉਸ ਕਾਲਜ 'ਚ ਅੰਗਰੇਜ਼ੀ ਅਧਿਆਪਕ ਦੀ ਜ਼ਰੂਰਤ ਹੈ। ਮਿੱਥੀ ਤਰੀਕ ਅਤੇ ਸਮੇਂ 'ਤੇ ਮੈਂ ਉਸ ਕਾਲਜ 'ਚ ਇੰਟਰਵਿਊ ਦੇਣ ਲਈ ਪਹੁੰਚ ਗਿਆ। ਕਾਫ਼ੀ ਉਮੀਦਵਾਰ ਨੌਕਰੀ ਦੀ ਆਸ ਨਾਲ ਪਹਿਲਾਂ ਤੋਂ ਹੀ ਖੜ੍ਹੇ ਸਨ। ਤਕਰੀਬਨ ਗਿਆਰਾਂ ਵਜੇ ਦੇ ਕਰੀਬ ਇੰਟਰਵਿਊ ਲਈ ਆਵਾਜ਼ ਪੈਣੀ ਸ਼ੁਰੂ ਹੋ ਗਈ। ਮੈਂ ਆਪਣੀ ਵਾਰੀ ਦੀ ਉਡੀਕ ਕਰਨ ਲੱਗਿਆ। ਕੁਝ ਦੂਰੀ 'ਤੇ ਦੋ ਨੌਜਵਾਨ ਖੜ੍ਹੇ ਗੱਲਾਂ ਕਰ ਰਹੇ ਸੀ। ਮੈਂ ਹੌਲੀ-ਹੌਲੀ ਤੁਰਦਾ ਉਨ੍ਹਾਂ ਕੋਲ ਚਲਿਆ ਗਿਆ। ਪਤਾ ਲੱਗਿਆ ਕਿ ਉਹ ਵੀ ਉਸ ਕਾਲਜ 'ਚ ਇੰਟਰਵਿਊ ਦੇਣ ਲਈ ਹੀ ਆਏ ਸਨ। ਮੈਂ ਉਨ੍ਹਾਂ ਦੀਆਂ ਗੱਲਾਂ ਸੁਣਨ ਲੱਗਿਆ। ਉਹ ਇਕ ਦੂਜੇ ਨੂੰ ਕਹਿ ਰਹੇ ਸਨ ਕਿ ਇੱਥੇ ਨੌਕਰੀ ਮਿਲਣੀ ਮੁਸ਼ਕਿਲ ਹੈ ਕਿਉਂਕਿ ਇਕ ਤਾਂ ਪੋਸਟ ਸਿਰਫ਼ ਇਕ ਹੈ ਅਤੇ ਦੂਜਾ ਉਮੀਦਵਾਰ ਕਾਫ਼ੀ ਹਨ ਅਤੇ ਕਈਆਂ ਦੀਆਂ ਸਿਫਾਰਸ਼ਾਂ ਕਾਫ਼ੀ ਉੱਤੋਂ ਆਈਆਂ ਹੋਈਆਂ ਹਨ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਂ ਵੀ ਆਸ ਤੋਂ ਬੇਆਸ ਹੋਣ ਲੱਗਿਆ।

ਚਾਹ ਦਾ ਕੱਪ ਪੀਣ ਲਈ ਮੈਂ ਕੰਟੀਨ ਵੱਲ ਨੂੰ ਹੋ ਤੁਰਿਆ। ਕਾਲਜ 'ਚ ਛੁੱਟੀਆਂ ਹੋਣ ਕਾਰਨ ਕੰਟੀਨ 'ਚ ਕੋਈ ਜ਼ਿਆਦਾ ਰੌਣਕ ਨਹੀਂ ਸੀ। ਚਾਹ ਦਾ ਕੱਪ ਹੱਥ 'ਚ ਫੜ ਕੇ ਮੈਂ ਮਨ ਨਾਲ ਵਿਚਾਰਾਂ ਕਰਨ ਲੱਗਿਆ। ਮੇਰੀ ਨਿਗ੍ਹਾ ਸਾਹਮਣੇ ਕੰਧ 'ਤੇ ਟਿਕੀ ਹੋਈ ਸੀ ਅਤੇ ਮਨ 'ਚ ਵਿਚਾਰਾਂ ਦਾ ਜੋੜ-ਤੋੜ ਚੱਲ ਰਿਹਾ ਸੀ। ਵਿਚਾਰ ਆਇਆ ਕਿ ਇੱਥੇ ਕੰਮ ਨਹੀਂ ਬਣਨਾ ਚੱਲਦੇ ਆਂ ਪਰ ਦੂਜੇ ਵਿਚਾਰ ਨੇ ਪਹਿਲੇ ਵਿਚਾਰ ਨੂੰ ਗ਼ਲਤ ਠਹਿਰਾਉਂਦੇ ਹੋਏ ਮੈਨੂੰ ਇੰਟਰਵਿਊ ਦੇਣ ਤਕ ਦਾ ਇੰਤਜ਼ਾਰ ਕਰਨ ਲਈ ਕਿਹਾ। ਇਸ ਤੋਂ ਪਹਿਲਾਂ ਵੀ ਕਈ ਥਾਈਂ ਇੰਟਰਵਿਊ ਦੇ ਆਇਆ ਸਾਂ ਕੰਮ ਵੀ ਬਣ ਗਿਆ ਸੀ ਬੱਸ ਗੱਲ ਘੱਟ ਮਿਹਨਤਾਨੇ 'ਤੇ ਅੜ ਜਾਂਦੀ ਸੀ। ਚਾਹ ਪੀਂਦੇ-ਪੀਂਦੇ ਅੱਖਾਂ ਸਾਹਮਣੇ ਖੜ੍ਹੀ ਬੇਜਾਨ ਤੇ ਬੇਜ਼ੁਬਾਨ ਕੰਧ ਮੇਰਾ ਸਲਾਹਕਾਰ ਬਣਕੇ ਮੈਨੂੰ ਔਖ ਅਤੇ ਉਲਝਣ 'ਚੋਂ ਕੱਢਣ ਦੀ ਕੋਸ਼ਿਸ਼ ਕਰ ਰਹੀ ਸੀ। ਅੰਤ ਵਿਚਾਰ ਆਇਆ ਕਿ ਇੰਟਰਵਿਊ 'ਚ ਹਾਜ਼ਿਰ ਹੋ ਕੇ ਦੇਖ ਲਿਆ ਜਾਵੇ ਅਤੇ ਜੋ ਹੋਵੇਗਾ ਉਸ ਨੂੰ ਪਰਵਾਨ ਕਰ ਲਿਆ ਜਾਵੇ।

ਇਹ ਸੋਚ ਕੇ ਮੈਂ ਖ਼ਾਲੀ ਕੱਪ ਟੇਬਲ 'ਤੇ ਧਰ ਕੇ ਬਣਦੇ ਪੈਸੇ ਦੇ ਕੇ ਇੰਟਰਵਿਊ ਵਾਲੇ ਥਾਂ 'ਤੇ ਆ ਗਿਆ। ਹੁਣ ਮੇਰਾ ਮਨ ਟਿੱਕ ਚੁੱਕਾ ਸੀ। ਨੌਕਰੀ ਨਾ ਮਿਲਣ ਦੀ ਹਾਲਤ 'ਚ ਮੈਨੂੰ ਨਿਰਾਸ਼ਾ ਦਾ ਕੋਈ ਭੈਅ ਨਹੀਂ ਸੀ ਰਿਹਾ। ਅਖੀਰ ਮੇਰਾ ਨਾਂ ਲੈ ਕੇ ਆਵਾਜ਼ ਮਾਰੀ ਗਈ। ਸੱਤ ਜਣਿਆਂ ਦੇ ਇੰਟਰਵਿਊ ਪੈਨਲ ਅੱਗੇ ਮੈਂ ਪੇਸ਼ ਹੋਇਆ। ਮੈਨੂੰ ਬੈਠਣ ਲਈ ਕਿਹਾ ਗਿਆ ਅਤੇ ਫਿਰ ਪ੍ਰਸ਼ਨਾਂ ਦੀ ਝੜੀ ਲੱਗ ਗਈ। ਅੱਠ ਪ੍ਰਸ਼ਨਾਂ ਦੇ ਜਵਾਬ ਦੇਣ ਤੋਂ ਬਾਅਦ ਮੇਰਾ ਹੌਸਲਾ ਵੱਧ ਗਿਆ। ਇਕ ਵੱਡੀ ਉਮਰ ਦੇ ਵਿਅਕਤੀ ਨੇ, ਜੋ ਸ਼ਾਇਦ ਰਿਟਾਇਰਡ ਪ੍ਰੋਫੈਸਰ ਸਨ, ਮੈਨੂੰ ਇਕ ਅੰਗਰੇਜ਼ੀ ਲੇਖਕ ਦੁਆਰਾ ਕੁਝ ਲਿਖੀਆਂ ਪੁਸਤਕਾਂ ਬਾਰੇ ਪੁੱਛਿਆ, ਸ਼ਾਇਦ ਉਹ ਮੈਨੂੰ ਉਲਝਾਉਣਾ ਚਾਹੁੰਦੇ ਸਨ, ਮੈਂ ਬੜੀ ਇਨਮਾਨਦਾਰੀ ਨਾਲ ਦੱਸ ਦਿਤਾ ਕਿ ਮੈਨੂੰ ਇਸ ਪ੍ਰਸ਼ਨ ਦਾ ਜਵਾਬ ਨਹੀਂ ਪਤਾ। ਉਨ੍ਹਾਂ ਮੈਨੂੰ ਇਕ ਪ੍ਰਸ਼ਨ ਹੋਰ ਕੀਤਾ। ਮੈਂ ਸਹੀ ਜਵਾਬ ਦੇ ਦਿੱਤਾ। ਆਪਸ 'ਚ ਵਿਚਾਰ ਕਰਨ ਤੋਂ ਬਾਅਦ ਉਨ੍ਹਾਂ ਨੇ ਮੈਨੂੰ ਬਾਹਰ ਬੈਠ ਕੇ ਇੰਤਜ਼ਾਰ ਕਰਨ ਲਈ ਕਿਹਾ। ਜਦੋਂ ਸਾਰੇ ਉਮੀਦਵਾਰ ਇੰਟਰਵਿਊ ਦੇ ਕੇ ਚਲੇ ਗਏ ਤਾਂ ਉਨ੍ਹਾਂ ਮੈਨੂੰ ਅੰਦਰ ਬੁਲਾ ਕੇ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਤੁਸੀਂ ਇਸ ਨੌਕਰੀ ਲਈ ਚੁਣ ਲਏ ਗਏ ਹੋ। ਇਹ ਸੁਣ ਕੇ ਮੈਨੂੰ ਬਹੁਤ ਖ਼ੁਸ਼ੀ ਹੋਈ। ਇਹ ਮੇਰੀ ਇਕ ਕਾਲਜ ਅਧਿਆਪਕ ਦੇ ਤੌਰ 'ਤੇ ਸ਼ੁਰੂਆਤ ਸੀ। ਕੁਝ ਹੋਰ ਰਸਮੀ ਗੱਲਾਂ ਕਰਨ ਤੋਂ ਬਾਅਦ ਮੈਂ ਇਜਾਜ਼ਤ ਲੈ ਕੇ ਘਰ ਨੂੰ ਤੁਰ ਪਿਆ।

ਆਖਰੀ ਵੇਲੇ ਸਹਾਰਾ ਬਣੀ ਕੰਧ ਮੇਰੇ ਲਈ ਵੱਡੀ ਸਿਫ਼ਾਰਿਸ਼ ਸਾਬਿਤ ਹੋਈ। ਕੰਧ 'ਤੇ ਨਜ਼ਰਾਂ ਟਿਕਾ ਕੇ ਸੋਚਣ ਨਾਲ ਅੰਦਰੂਨੀ ਸ਼ਕਤੀ ਨੇ ਮੈਨੂੰ ਫ਼ੈਸਲਾਕੁੰਨ ਵਿਚਾਰਾਂ ਵੱਲ ਮੋੜ ਦਿੱਤਾ ਅਤੇ ਮੇਰੇ ਅਧਿਆਪਨ ਕਿੱਤੇ ਦੀ ਸ਼ੁਰੂਆਤ ਹੋ ਗਈ। •

• ਬਲਰਾਜ ਪੰਨੀਵਾਲਾ ਫੱਤਾ
73474 56563

**ਅਜੋਕੀ ਜ਼ਿੰਦਗੀ ਵਿੱਚੋਂ ਸਹਿਜਤਾ ਕਿਰਦੀ ਜਾ ਰਹੀ ਹੈ। ਕਾਹਲ ਨੇ ਮਨੁੱਖ ਕੋਲੋਂ ਸਕੂਨ ਖੋਹ ਲਿਆ ਹੈ ਜਿਸ ਕਾਰਨ ਮਨੁੱਖੀ ਸਮਾਜ ਦਾ ਵਿਹੜਾ ਹਫ਼ੜਾ-ਦਫ਼ੜੀ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖ ਨੇ ਸਹਿਜਤਾ ਨੂੰ ਆਪਣੇ ਤੋਂ ਕੋਹਾਂ ਦੂਰ ਕਰ ਲਿਆ ਹੈ...**

# ਸਹਿਜਤਾ ਦੇ ਅਰਥ



ਸਹਿਜ ਰਹਿਣ ਦੇ ਅਰਥ ਆਪਣੇ ਆਪ ਵਿਚ ਬਹੁਤ ਵੱਡੇ ਹੁੰਦੇ ਹਨ। ਸਹਿਜਤਾ ਮਨੁੱਖੀ ਜ਼ਿੰਦਗੀ ਦਾ ਸ਼ਿੰਗਾਰ ਹੈ। ਸਹਿਜਤਾ ਦਾ ਦੂਜਾ ਅਰਥ ਸਹਿਣਸ਼ੀਲਤਾ ਤੋਂ ਹੈ। 'ਸਹਿਜ ਪੱਕੇ ਸੋ ਮੀਠਾ ਹੋਏ'। ਸਹਿਜ ਨਾਲ ਕੀਤੇ ਗਏ ਕੰਮਾਂ ਤੋਂ ਸਫਲਤਾਵਾਂ ਉਪਜਦੀਆਂ ਹਨ। ਸਹਿਜ ਨਾਲ ਚੱਲਣ ਵਾਲੇ ਲੋਕ ਜ਼ਿੰਦਗੀ ਦੇ ਰੂ-ਬ-ਰੂ ਹੋ ਚੁੱਕੇ ਹੁੰਦੇ ਹਨ। ਸਹਿਜ ਕਦੇ ਵੀ ਜ਼ਿੰਦਗੀ ਵਿਚ ਕਾਹਲ ਨੂੰ ਪੈਦਾ ਨਹੀਂ ਹੋਣ ਦਿੰਦਾ।

ਸਹਿਜ ਨਾਲ ਚੱਲਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ। ਕਾਹਲ ਨਾਲ ਚੱਲਣ ਵਾਲੇ ਲੋਕ ਅਕਸਰ ਹੀ ਡਿੱਗਦੇ ਢਹਿੰਦੇ ਰਹਿੰਦੇ ਹਨ। ਸਹਿਜ ਨਾਲ ਕੀਤੇ ਗਏ ਔਖੇ ਤੋਂ ਔਖੇ ਕੰਮ ਵੀ ਸੌਖੇ ਹੀ ਪ੍ਰਤੀਤ ਹੁੰਦੇ ਹਨ। ਬਹੁਤੇ ਲੋਕ ਸਹਿਜ ਨਾਲ ਹਰ ਕੰਮ ਨੂੰ ਦੇਖਦੇ ਹਨ ਤੇ ਫਿਰ ਉਸ ਕੰਮ ਨੂੰ ਕਰਦੇ ਹਨ।

ਬਹੁਤ ਵਾਰੀ ਸਹਿਜਤਾ ਮੁਸ਼ਕਿਲਾਂ ਅਤੇ ਤਾਅਨਿਆਂ ਦੇ ਦੌਰ ਵਿੱਚੋਂ ਗੁਜ਼ਰਦੀ ਹੈ। ਸਹਿਜਤਾ ਵਿਚ ਕੁਝ ਵੀ ਗੁਆਚਣ ਦਾ ਡਰ ਨਹੀਂ ਹੁੰਦਾ। ਦੁੱਖਾਂ ਨਾਲ ਆਹਢਾ ਲਾ ਕੇ ਵੀ ਜ਼ਿੰਦਗੀ ਨੂੰ ਸਹਿਜਤਾ ਦੀ ਪਗਡੰਡੀ 'ਤੇ ਤੋਰਦਿਆਂ ਜ਼ਿੰਦਗੀ ਨੂੰ ਬਹਾਰਾਂ ਵਿਚ ਗੁਜ਼ਾਰ ਜਾਂਦੇ ਹਨ। ਸਹਿਜਤਾ ਦੀ ਤੋਰ ਤੁਰਦਿਆਂ ਕਿਸੇ ਨਾਲ ਵੀ ਨਫ਼ਰਤ ਦੇ ਬੋਲ ਨਹੀਂ ਬੋਲੇ ਜਾਂਦੇ। ਸਹਿਜਤਾ ਦਾ ਇਕ ਆਪਣਾ ਹੀ ਰੰਗ, ਰੂਪ ਅਤੇ ਮੁਕਾਮ ਹੁੰਦਾ ਹੈ।

ਦੱਸਣ ਵਾਲੇ ਮੇਰੇ ਪਿੰਡ ਦੇ ਇਕ ਬਜ਼ੁਰਗ ਬਾਬੇ ਬਾਰੇ ਦੱਸਦੇ ਹਨ ਕਿ ਉਹ ਬਹੁਤ ਸਹਿਜ ਸੀ। ਕੋਈ ਵੀ ਕੰਮ ਨੂੰ ਕਾਹਲ ਨਾਲ ਕਰਨ ਲਈ ਕਹਿੰਦਾ ਤਾਂ ਅੱਗੋਂ ਉਸਦਾ ਜਵਾਬ ਹੁੰਦਾ ਸੀ, ਰੁੱਕ ਜਾਓ, ਦੇਖ ਤਾਂ ਲਓ ਕੀ ਹੁੰਦਾ ? ਪਰ ਬਹੁਤੇ ਲੋਕ ਇਸ ਤਰ੍ਹਾਂ ਦੀ ਜ਼ਿੰਦਗੀ ਦੇ ਆਦੀ ਹੁੰਦੇ ਹਨ ਕਿ ਉਹ ਕਰਨ ਤੋਂ ਬਾਅਦ ਹੀ ਦੇਖਦੇ ਨੇ ਕਿ ਕੀ ਹੋਇਆ ਹੈ ? ਕਹਿੰਦੇ ਹਨ ਉਹ ਕਦੇ ਵੀ ਕਿਸੇ ਨਾਲ ਜ਼ਿਆਦਾ ਨਹੀਂ ਬੋਲਦਾ ਸੀ। ਭਾਂਵੇ ਉਹ ਬੰਦਿਆਂ ਦੇ ਵਿਚ ਸੱਥ ਵਿਚ ਵੀ ਬੈਠਦਾ ਪਰ ਕਦੇ ਵੀ ਕਿਸੇ ਨਾਲ ਉਚੀ ਆਵਾਜ਼ ਵਿਚ ਗੱਲ ਨਹੀਂ ਕਰਦਾ ਸੀ। ਉਸਦੀ ਸਹਿਜਤਾ ਦੇ ਇਹੋ ਜਿਹੇ ਅਰਥ ਸਨ ਕਿ ਉਸ ਨੂੰ ਦੋ ਸਾਲਾਂ ਬਾਅਦ ਕੋਈ ਵਪਾਰੀ ਫ਼ਸਲ ਦੇ ਪੈਸੇ ਵਾਪਸ ਕਰਨ ਆਇਆ ਤਾਂ ਉਸ ਨੇ ਪੈਸੇ ਗਿਣਨ ਦੀ ਬਜਾਏ ਚੁੱਪ ਚਾਪ ਜੇਬ ਵਿਚ ਪਾ ਲਏ। ਪਰ ਜਦੋਂ ਉਸ ਨੂੰ ਉਨ੍ਹਾਂ ਪੈਸੇ ਗਿਣਨ ਲਈ ਕਿਹਾ ਤਾਂ ਉਸ ਦਾ ਕਹਿਣਾ ਸੀ ਜਿਹੜੇ ਬੰਦੇ ਦੋ ਸਾਲਾਂ ਬਾਅਦ ਪੈਸੇ ਵਾਪਸ ਕਰਨ ਆ ਗਏ ਨੇ ਉਹ ਘੱਟ ਨਹੀਂ ਦੇ ਸਕਦੇ। ਉਸਦੀ ਜ਼ਿੰਦਗੀ ਦੀਆਂ ਹੋਰ ਕਹਾਣੀਆਂ ਵੀ ਸਹਿਜਤਾ ਦੇ ਅਰਥਾਂ ਦੇ ਰੂ ਬ ਰੂ ਕਰਵਾਉਂਦੀਆਂ ਨੇ।

ਪਰ ਅਜੋਕੇ ਦੌਰ ਦੀ ਜ਼ਿੰਦਗੀ ਵਿਚੋਂ ਸਹਿਜਤਾ ਕਿਰਦੀ ਜਾ ਰਹੀ ਹੈ। ਕਾਹਲ ਨੇ ਮਨੁੱਖ ਕੋਲੋਂ ਸਕੂਨ ਖੋਹ ਲਿਆ ਹੈ। ਜਿਸ ਕਾਰਨ ਮਨੁੱਖੀ ਸਮਾਜ ਦਾ ਵਿਹੜਾ ਹਫ਼ੜਾ ਦਫ਼ੜੀ ਦਾ ਸ਼ਿਕਾਰ ਹੋ ਗਿਆ ਹੈ। ਮਨੁੱਖ ਨੇ ਸਹਿਜਤਾ ਨੂੰ ਆਪਣੇ ਤੋਂ ਕੋਹਾਂ ਦੂਰ ਕਰ ਲਿਆ ਹੈ। ਇਹੀ ਜ਼ਿੰਦਗੀ ਦਾ ਸਭ ਤੋਂ ਵੱਡਾ ਖਲਾਅ ਹੈ। ਜਿਹੜਾ ਸਮਾਜ ਨੂੰ ਬੇਹੂਦੇ ਮੁਕਾਮ ਹਾਸਲ ਕਰਨ ਦੇ ਰਾਹ ਤੋਰ ਰਿਹਾ ਹੈ। ਬਹੁਤੇ ਵਾਰੀ ਤਾਂ ਇਹ ਵੀ ਨਹੀਂ ਪਤਾ ਹੁੰਦਾ ਕਿ ਅਸੀਂ ਸਹਿਜਤਾ ਦਾ ਪੱਲਾ ਛੱਡ ਕੇ ਕਿਸ ਰਾਹੇ ਤੁਰ ਰਹੇ ਹਾਂ। ਸੋ ਜ਼ਿੰਦਗੀ ਦੇ ਰਾਹ 'ਤੇ ਤੁਰਦਿਆਂ ਸਹਿਜਤਾ ਦਾ ਪੱਲਾ ਕਦੇ ਨਹੀਂ ਛੱਡਣਾ ਚਾਹੀਦਾ। •

## ਪੁਸਤਕ ਚਰਚਾ

ਪੁਸਤਕ 'ਦੁਰਗਾਂ ਅਤੇ ਰਾਜ-ਮਹਿਲਾਂ ਦੀ ਧਰਤੀ (ਰਾਜਸਥਾਨ)' ਪੰਜ ਦੋਸਤਾਂ ਗੁਰਮੇਲ ਸਿੰਘ ਚੰਦ ਨਵਾਂ, ਬਲਦੇਵ ਸਿੰਘ ਨਾਵਲਕਾਰ, ਕਹਾਣੀਕਾਰ ਜਿੰਦਰ, ਨਾਵਲਕਾਰ ਹਰਮਹਿੰਦਰ ਸਿੰਘ ਚਾਹਿਲ ਅਤੇ ਕਹਾਣੀਕਾਰ ਗੁਰਮੀਤ ਕੜਿਆਲਵੀ ਦੇ ਰਾਜਸਥਾਨ ਸਫ਼ਰ ਦਾ ਬ੍ਰਿਤਾਂਤ ਹੈ। ਗੁਰਮੇਲ ਸਿੰਘ ਚੰਦ ਨਵਾਂ ਇਸ ਪੁਸਤਕ ਵਿਚ ਜਿੱਥੇ ਰਾਜਸਥਾਨ ਦੇ ਕੁਦਰਤੀ ਮਾਹੌਲ ਦਾ ਚਿਤਰਣ ਕਰਦਾ ਹੈ, ਉੱਥੇ ਰਾਜਸਥਾਨ ਦੇ ਲੋਕਾਂ ਦੇ ਰਹਿਣ-ਸਹਿਣ ਤੇ ਇਤਿਹਾਸਕ ਸਥਾਨਾਂ ਦਾ ਵਰਨਣ ਕਰਦਾ ਹੋਇਆ ਪਾਠਕਾਂ ਨੂੰ ਆਪਣੇ ਨਾਲ ਸਫ਼ਰ 'ਤੇ ਲੈ ਤੁਰਦਾ ਹੈ। ਪੁਸਤਕ ਵਿਚ ਕੁੱਲ 16 ਲੇਖ ਹਨ। ਲੇਖਕ ਦੀ ਸ਼ਿਲਪ-ਕਲਾ ਅਜਿਹੀ ਹੈ ਕਿ ਇਕ ਵਾਰ ਕਿਤਾਬ ਸ਼ੁਰੂ ਕਰਨ ਤੋਂ ਬਾਅਦ ਪਾਠਕ ਇਸ ਨੂੰ ਇੱਕੋ ਬੈਠਕ 'ਚ ਸਮਾਪਤ ਕਰਨਾ ਲੋਚਦਾ ਹੈ। ਇਨ੍ਹਾਂ ਲੇਖਾਂ ਵਿਚ ਲੇਖਕ ਨੇ ਪ੍ਰਿਥਵੀ ਰਾਜ ਚੌਹਾਨ ਦੀ ਨਗਰੀ ਅਜਮੇਰ, ਤੀਰਥ ਨਗਰੀ ਪੁਸ਼ਕਰ, ਮਾਊਂਟ ਆਬੂ, ਦਿਲਵਾੜਾ ਜੈਨ ਮੰਦਿਰ, ਚਿਤੌੜਗੜ੍ਹ ਦੇ ਕਿਲ੍ਹੇ, ਗੁਲਾਬੀ ਸ਼ਹਿਰ ਜੈਪੁਰ, ਸੁਨਹਿਰੀ ਸ਼ਹਿਰ ਜੈਸਲਮੇਰ, ਜੋਧਪੁਰ, ਉਨ੍ਹੀਵੀਂ ਸਦੀ ਦੇ ਰਾਜਸਥਾਨ : ਚੋਖੀ ਢਾਣੀ ਜੈਪੁਰ, ਝੀਲਾਂ ਦੇ ਸ਼ਹਿਰ ਉਦੈਪੁਰ ਦੇ ਖ਼ੂਬਸੂਰਤ ਨਜ਼ਾਰਿਆਂ, ਵੇਖਣਯੋਗ ਥਾਵਾਂ ਤੇ ਸਬੰਧਤ ਸ਼ਹਿਰਾਂ ਦੇ ਇਤਿਹਾਸਕ ਪਹਿਲੂਆਂ ਨੂੰ ਆਕਰਸ਼ਕ ਲਿਖਣ-ਸ਼ੈਲੀ 'ਚ ਪੇਸ਼ ਕੀਤਾ ਹੈ।

ਅਕਸਰ ਅਜਿਹਾ ਹੁੰਦਾ ਹੈ ਕਿ ਸਫ਼ਰ ਦੌਰਾਨ ਬਹੁਤ ਸਾਰੇ ਪਹਿਲੂ ਮਨ ਦੇ ਵਲਵਲਿਆਂ 'ਚ ਵਹਿ ਜਾਂਦੇ ਹਨ। ਬਹੁਤ ਵਾਰੀ ਅਜਿਹਾ ਵੀ ਹੁੰਦਾ ਹੈ ਕਿ ਵੇਖਣ ਤੇ ਮਾਨਣਯੋਗ ਬਹੁਤ ਸਾਰੇ ਪੱਖ ਸਫ਼ਰ ਦੌਰਾਨ ਆਪਣੀ ਹੀ ਗੱਡੀ ਦੀ ਉੱਡਦੀ ਹੋਈ ਧੂੜ ਦੀ ਪਰਤ ਹੇਠ ਨੱਪੇ ਜਾਂਦੇ ਨੇ ਤੇ ਯਾਤਰੂ ਉਨ੍ਹਾਂ ਨੂੰ ਅਣਗੌਲਿਆਂ ਕਰ ਕੇ ਅਗਾਂਹ ਨਿਕਲ ਜਾਂਦਾ ਹੈ। ਬਹੁਤ ਵਾਰ ਅਜਿਹਾ ਵੀ ਹੁੰਦਾ ਹੈ ਕਿ ਯਾਤਰੂ ਕੋਲ ਅਹਿਸਾਸ ਤਾਂ ਹੁੰਦੇ ਹਨ ਪਰ ਸ਼ਿਲਪ-ਕਲਾ ਨਹੀਂ ਹੁੰਦੀ। ਗੁਰਮੇਲ ਸਿੰਘ ਕੋਲ ਸਫ਼ਰ ਨੂੰ ਮਾਣਨ ਦਾ ਹੁਨਰ ਵੀ ਹੈ, ਇਤਿਹਾਸ ਬਾਰੇ ਪੜਚੋਲਵੀਂ ਨਜ਼ਰ ਵੀ ਤੇ ਸਫ਼ਰ ਦੌਰਾਨ ਪ੍ਰਾਪਤ ਅਨੁਭਵਾਂ ਨੂੰ ਸ਼ਬਦਾਂ 'ਚ ਢਾਲਣ ਦਾ ਹੁਨਰ ਵੀ। ਕੁਝ ਥਾਵਾਂ 'ਤੇ ਸ਼ਾਬਦਿਕ ਗ਼ਲਤੀਆਂ ਜ਼ਰੂਰ ਰੜਕਦੀਆਂ ਹਨ। ਕੁੱਲ ਮਿਲਾ ਕੇ ਪੁਸਤਕ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

• ਇਬਲੀਸ




ਪਾਲ ਢਿੱਲੋਂ ਗ਼ਜ਼ਲ ਖੇਤਰ ਦਾ ਜਾਣਿਆ ਪਛਾਣਿਆ ਨਾਂ ਹੈ। ਆਮ ਤੌਰ 'ਤੇ ਗ਼ਜ਼ਲ ਦਾ ਵਿਸ਼ਾ ਇਸ਼ਕ, ਬਿਰਹਾ ਅਤੇ ਪ੍ਰੇਮੀ ਦੁਆਲੇ ਘੁੰਮਦਾ ਵੇਖਿਆ ਜਾਂਦਾ ਹੈ ਪਰ ਪਾਲ ਢਿੱਲੋਂ ਨੇ ਹੱਥਲੀ ਪੁਸਤਕ 'ਚ ਸ਼ੁਮਾਰ ਕੀਤੀਆਂ ਪਚਾਸੀ ਗ਼ਜ਼ਲਾਂ 'ਚ ਵਿਸ਼ੇ ਪੱਖੋਂ ਸੰਤੁਲਨ ਬਣਾ ਕੇ ਰੱਖਿਆ ਹੈ। ਪ੍ਰੇਮ-ਪਿਆਰ ਦੇ ਕਿੱਸੇ ਪੜ੍ਹਨ ਅਤੇ ਕੁਦਰਤ ਦੀਆਂ ਗੱਲਾਂ ਕਰਨ ਦੇ ਨਾਲ-ਨਾਲ ਢਿੱਲੋਂ ਨੇ ਸਮਾਜ ਦੀਆਂ ਦੁਸ਼ਵਾਰੀਆਂ ਅਤੇ ਚੁਣੌਤੀਆਂ ਨੂੰ ਵੀ ਆਪਣੀਆਂ ਗ਼ਜ਼ਲਾਂ ਦਾ ਬਾਖੂਬੀ ਵਿਸ਼ਾ ਬਣਾਇਆ ਅਤੇ ਨਿਭਾਇਆ ਹੈ।

ਕਿਸਾਨਾਂ ਲਈ ਸਮੱਸਿਆ ਬਣੀਆਂ ਅਤੇ ਸੜਕੀ ਹਾਦਸਿਆਂ ਦੇ ਪ੍ਰਮੁੱਖ ਕਾਰਨਾਂ 'ਚੋਂ ਇਕ ਬੇਸਹਾਰਾ ਗਊਆਂ ਅਤੇ ਸਾਨ੍ਹਾਂ ਦੀ ਸਮੱਸਿਆ ਦੀ ਜੜ੍ਹ ਇਨਸਾਨ ਦੀ ਮਤਲਬਪ੍ਰਸਤੀ ਨੂੰ ਦੱਸਦਿਆਂ ਢਿੱਲੋਂ ਨੇ ਬੜੇ ਕਮਾਲ ਦਾ ਵਰਣਨ ਕੀਤਾ ਹੈ-

*ਲੱਖਾਂ ਦੇ ਵਿਚ ਵਿਕਦੇ ਸਨ ਜੋ ਦੇਖੋ*
*ਫਿਰਨ ਅਵਾਰਾ,*
*ਸਾਡੇ ਰਿਜ਼ਕ ਦੇ ਪਾਤਰ ਸਨ ਜੋ ਬੱਗਾ,*
*ਸਾਵਾ, ਨਾਰਾ।*

ਇਕ ਗ਼ਜ਼ਲ ਦੇ ਸ਼ੇਅਰ ਵਿਚ ਢਿੱਲੋਂ ਪੰਜਾਬ 'ਚ ਫੈਲੀ ਰਿਸ਼ਵਤਖੋਰੀ ਦਾ ਜ਼ਿਕਰ ਕਰਦਿਆਂ ਲਿਖਦਾ ਹੈ ਕਿ ਜੇ ਸੂਬੇ 'ਚ ਇਹ ਬੁਰਾਈ ਨਾ ਹੁੰਦੀ ਤਾਂ ਪੰਜਾਬ ਨੇ ਵੀ ਕੈਨੇਡਾ ਹੀ ਹੋਣਾ ਸੀ। ਲੇਖਕ ਨੇ ਬੜੀ ਬੇਬਾਕੀ ਨਾਲ ਵੋਟਾਂ ਖ਼ਰੀਦਣ ਦੇ ਗੋਰਖ ਧੰਦੇ 'ਤੇ ਵੀ ਉਂਗਲ ਧਰੀ ਹੈ।




ਇਕ ਸ਼ੇਅਰ ਵਿਚ ਲੇਖਕ ਨੇ ਬਚਪਨ 'ਚ ਮਿਲਦੀਆਂ ਮਾਂ ਦੀਆਂ ਘੂਰੀਆਂ ਅਤੇ ਬਾਪ ਦੀਆਂ ਗਾਲਾਂ ਨੂੰ ਮਾਪਿਆਂ ਦਾ ਤੋਹਫ਼ਾ ਕਹਿ ਕੇ ਯਾਦ ਕੀਤਾ ਹੈ। ਲੇਖਕ ਨੇ ਕੁੜੀਆਂ ਅਤੇ ਚਿੜੀਆਂ ਦੀ ਘਟਦੀ ਗਿਣਤੀ ਬਾਰੇ ਆਪਣੀ ਫ਼ਿਕਰਮੰਦੀ ਦਾ ਇਜ਼ਹਾਰ ਵੀ ਗ਼ਜ਼ਲ ਵਿਚ ਕੀਤਾ ਹੈ। ਗ਼ਜ਼ਲ ਦਾ ਉਰਦੂ ਅਤੇ ਫਾਰਸੀ ਭਾਸ਼ਾ ਨਾਲ ਤਾਂ ਬੜਾ ਗਹਿਰਾ ਨਾਤਾ ਹੈ। ਪਰ ਗ਼ਜ਼ਲ 'ਬਿਜਲੀ ਚਮਕੇ, ਕੱਕਰ ਵਰ੍ਹਦਾ' 'ਚ ਇਸਤੇਮਾਲ ਕੀਤਾ ਹਿੰਦੀ ਦਾ ਸ਼ਬਦ 'ਪਰਿਯਾਸ' ਅੱਖੜਦਾ ਹੈ। ਤਰੰਨਮ 'ਚ ਗਾਈਆਂ ਜਾ ਸਕਣ ਵਾਲੀਆਂ ਗ਼ਜ਼ਲਾਂ ਦੀ ਇਹ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ।

• ਬਿੰਦਰ ਸਿੰਘ ਖੁੱਡੀ ਕਲਾਂ

'ਪ੍ਰਤਾਪ' ਪੁਸਤਕ ਇਕ ਅਜਿਹਾ ਮਿੰਨੀ ਕਹਾਣੀ ਸੰਗ੍ਰਹਿ ਹੈ ਜਿਸ 'ਚ ਲੇਖਕ ਨੇ ਅਜੋਕੇ ਮਾਹੌਲ 'ਤੇ ਵਿਅੰਗ ਦਾ ਸੁਰ ਵਰਤਿਆ ਹੈ। ਇਹ ਕਹਾਣੀ ਸੰਗ੍ਰਹਿ ਮੁੱਖ ਤੌਰ 'ਤੇ ਅੰਧ ਵਿਸ਼ਵਾਸਾਂ, ਭ੍ਰਿਸ਼ਟਾਚਾਰ, ਰਾਜਨੀਤਕ ਮਸਲਿਆਂ ਅਤੇ ਪਰਿਵਾਰਕ ਰਿਸ਼ਤਿਆਂ ਦੇ ਅਧਾਰ 'ਤੇ ਲਿਖਿਆ ਗਿਆ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਪ੍ਰਤਾਪ' ਇਕ ਪ੍ਰਭਾਵਸ਼ਾਲੀ ਕਹਾਣੀ ਹੈ ਜਿਸ ਵਿਚ ਲੇਖਕ ਨੇ ਬਹੁਤ ਵਧੀਆ ਢੰਗ ਨਾਲ ਲੋਕਾਂ ਦੀ ਸੋਚ ਨੂੰ ਦਰਸਾਇਆ ਹੈ ਕਿ ਗੁਰੂ ਦੇ ਦਿਹਾੜੇ 'ਤੇ ਪਿੰਡ ਦੇ ਟਾਂਵੇ-ਟਾਂਵੇ ਲੋਕ ਪਹੁੰਚਦੇ ਹਨ ਪਰ ਜਦ ਕੈਨੇਡਾ ਵਾਲੇ ਸਰਦਾਰ ਦੇ ਘਰ ਭੋਗ ਹੁੰਦਾ ਹੈ ਤਾਂ ਸਾਰਾ ਪਿੰਡ ਪਹੁੰਚਦਾ ਹੈ। ਇਸ ਤਰ੍ਹਾਂ ਲੇਖਕ ਨੇ ਅੱਜ ਦੇ ਮਨੁੱਖ ਦੀ ਸੋਚ 'ਤੇ ਕੇਂਦਿਰਤ ਕੀਤਾ ਹੈ।

ਪਹਿਲੀ ਕਹਾਣੀ 'ਹਿੰਮਤ' ਵੀ ਗ਼ਰੀਬਾਂ ਦੀ ਦਾਸਤਾਨ ਹੈ ਕਿ ਕਿਵੇਂ ਇਕ ਗ਼ਰੀਬ ਔਰਤ ਘਰ ਦਾ ਕੰਮ ਤੇ ਬਾਹਰ ਮਜ਼ਦੂਰੀ ਵੀ ਕਰਦੀ ਹੈ। ਇੰਨੀ ਥੱਕ ਟੁੱਟ ਜਾਂਦੀ ਹੈ ਕਿ ਉਹ ਨਹੀਂ ਚਾਹੁੰਦੀ ਉਹਨੂੰ ਸੁੱਤੀ ਪਈ ਨੂੰ ਜਗਾਇਆ ਜਾਏ। 'ਵਿਹਲਾ' ਕਹਾਣੀ ਸਿੱਖਿਆ ਦੀ ਦਸ਼ਾ ਨੂੰ ਬਿਆਨ ਕਰਦੀ ਹੋਈ ਨਜ਼ਰ ਆਉਂਦੀ ਹੈ। ਇਸੇ ਤਰ੍ਹਾਂ ਕਹਾਣੀ 'ਹਿੱਕ ਤੇ ਮੂੰਗ' ਵਿਚ ਰਾਜਨੀਤਕ ਦਸ਼ਾ ਨੂੰ ਬਿਆਨਿਆ ਹੈ। ਲੇਖਕ ਦੀਆਂ ਹੋਰ ਕਹਾਣੀਆਂ ਜਿਵੇਂ ਖੂੰਖਾਰ, ਵਾਈਟ ਪੇਪਰ, ਲੋਕ ਰਾਜ, ਕੋਟਾ, ਖ਼ਾਤਰ, ਵਿਕਾਸ, ਦੁਨੀਆਦਾਰੀ, ਦੰਦੀਆਂ , ਸਬਕ ਆਦਿ ਵਿਚ ਵੱਖ-ਵੱਖ ਵਿਸ਼ੇ ਪੇਸ਼ ਕੀਤੇ ਗਏ ਹਨ। 'ਹੀਰ' ਕਹਾਣੀ ਵਿਚ ਲੇਖਕ ਨੇ ਹੀਰ ਤੇ ਸਾਹਿਬਾਂ ਦੀ ਇਕ ਸਾਹਿਤਕਾਰ ਵਲੋਂ ਵਡਿਆਈ ਦਿਖਾਈ ਹੈ ਕਿ ਕਿਸ ਤਰ੍ਹਾਂ ਉਹ ਮੰਚ 'ਤੇ ਉਨ੍ਹਾਂ ਦੀ ਸ਼ੋਭਾ ਕਰਦਾ ਹੈ ਪਰ ਜਦ ਉਸ ਦੀ ਆਪਣੀ ਕੁੜੀ ਹੀਰ ਬਣਨ ਬਾਰੇ ਕਹਿੰਦੀ ਹੈ ਤਾਂ ਉਸ ਨੂੰ ਮਨ੍ਹਾਂ ਕੀਤਾ ਜਾਂਦਾ ਹੈ। ਇਸ ਸੰਗ੍ਰਹਿ ਵਿਚਲੀਆਂ ਹੋਰ ਵੀ ਕਹਾਣੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਅਸੀਂ ਆਪਣੇ ਸਮਾਜ ਦੇ ਹਾਲਾਤ ਪ੍ਰਤੀ ਜਾਣੂ ਹੋ ਸਕਦੇ ਹਾਂ। ਲੇਖਕ ਦੀਆਂ ਸਾਰੀਆਂ ਕਹਾਣੀਆਂ ਅਗਾਂਹਵਧੂ ਸੋਚ ਦੀਆਂ ਧਾਰਨੀ ਹਨ। ਭਾਸ਼ਾ ਪੱਖੋਂ ਲੇਖਕ ਨੇ ਸਪੱਸ਼ਟਤਾ ਵਰਤੀ ਹੈ।




ਰੋਹਿਤ ਕੁਮਾਰ ਦੀ ਲਿਖੀ ਪੁਸਤਕ 'ਗੰਦਾ ਖ਼ੂਨ' ਮਿੰਨੀ ਕਹਾਣੀਆਂ ਦੀ ਇਕ ਅਜਿਹੀ ਪੁਸਤਕ ਹੈ ਜੋ ਵਰਤਮਾਨ ਹਾਲਾਤ ਨੂੰ ਦਰਸਾਉਂਦੀ ਹੈ। ਸਾਰੀਆਂ ਕਹਾਣੀਆਂ ਅਜੋਕੀ ਸਮਾਜਿਕ ਹਾਲਤ ਦਾ ਵਰਨਣ ਕਰਦੀਆਂ ਹਨ। ਇਸ ਪੁਸਤਕ ਵਿਚ ਕਰੀਬ 104 ਕਹਾਣੀਆਂ ਹਨ ਜਿਨ੍ਹਾਂ ਦੇ ਵੱਖ-ਵੱਖ ਵਿਸ਼ੇ ਹਨ। ਜ਼ਿਆਦਾਤਰ ਕਹਾਣੀਆਂ ਔਰਤਾਂ ਨਾਲ ਸਬੰਧਤ ਹਨ। ਉਹ ਔਰਤਾਂ ਜੋ ਮਜਬੂਰੀਵੱਸ ਗ਼ਲਤ ਕੰਮ ਵੀ ਕਰਦੀਆਂ ਹਨ ਤੇ ਮਰਦ ਉਨ੍ਹਾਂ ਦੇ ਇਸ ਕੰਮ ਦਾ ਫ਼ਾਇਦਾ ਉਠਾਉਂਦੇ ਹਨ। ਪੁਸਤਕ ਵਿਚਲੀਆਂ ਕਹਾਣੀਆਂ ਸ਼ਰਮ, ਫ਼ਿਕਰ, ਨਾਸੂਰ, ਪਾਪ, ਅਤੀਤ, ਯਾਰਮਾਰ, ਠੰਢਾ ਚੁੱਲ੍ਹਾ, ਟਾਇਮ ਟੇਬਲ, ਸੌਦਾ, ਫ਼ਰਕ, ਪਖੰਡੀ ਸਾਧ, ਸਵਾ ਸ਼ੇਰ ਆਦਿ ਦਰਸਾਉਂਦੀਆਂ ਹਨ ਕਿ ਸਾਡਾ ਸਮਾਜ ਕਿੰਨਾ ਗੰਧਲਾ ਹੁੰਦਾ ਜਾ ਰਿਹਾ ਹੈ ਜਿਸ ਵਿਚ ਔਰਤਾਂ ਨੂੰ ਸਿਰਫ਼ ਇਕ ਕਠਪੁਤਲੀ ਸਮਝਿਆ ਜਾਂਦਾ ਹੈ।

ਇਸ ਤੋਂ ਇਲਾਵਾ ਹੋਰ ਵੀ ਅਜਿਹੀਆਂ ਕਹਾਣੀਆਂ ਹਨ ਜਿਵੇਂ ਖਿਝ, ਕਾਗਜ਼, ਮਿਹਨਤ, ਟੇਸਟ, ਅੱਤਵਾਦੀ ਆਦਿ ਜਿਨ੍ਹਾਂ ਵਿਚ ਲੇਖਕ ਨੇ ਉਨਾਂ ਵਿਸ਼ਿਆਂ ਦਾ ਵਰਨਣ ਕੀਤਾ ਹੈ ਜੋ ਅੱਜ ਦੇ ਸਮੇਂ 'ਚ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ ਜਿਵੇਂ ਰਿਸ਼ਵਤਖੋਰੀ, ਨਸ਼ੇ, ਭਰੂਣ ਹੱਤਿਆ ਆਦਿ। ਕਈ ਕਹਾਣੀਆਂ ਵਿਚ ਲੇਖਕ ਨੇ ਬਹੁਤ ਵਧੀਆ ਤਰੀਕੇ ਨਾਲ ਔਰਤਾਂ ਦੀ ਮਜਬੂਰੀ ਨੂੰ ਦਰਸਾਇਆ ਹੈ ਕਿ ਪਾਠਕ ਸੋਚਣ ਲਈ ਮਜਬੂਰ ਹੋ ਜਾਂਦਾ ਹੈ। ਕਹਾਣੀ ਹੇਰਵਾ ਵਿਚ ਲੇਖਕ ਨੇ ਦੱਸਿਆ ਹੈ ਕਿ ਕਿਵੇਂ ਇਕ ਔਰਤ ਆਪਣੇ ਬੱਚੇ ਨੂੰ ਬਚਾਉਣ ਲਈ ਪੈਸਿਆਂ ਲਈ ਹੱਥ ਪੱਲੇ ਮਾਰਦੀ ਹੈ ਪਰ ਅੰਤ 'ਚ ਉਸ ਨੂੰ ਆਪਣੀ ਇੱਜ਼ਤ ਦਾਅ 'ਤੇ ਲਾਉਣੀ ਪੈਂਦੀ ਹੈ। ਇਸੇ ਤਰ੍ਹਾਂ ਨਲਾਇਕ ਕਹਾਣੀ ਬੱਚਿਆਂ ਦੇ ਆਪਣੇ ਮਾਪਿਆਂ ਦੀ ਖ਼ਬਰਸਾਰ ਨਾ ਲੈਣ ਅਤੇ ਦੂਰ ਰਹਿਣਾ ਨੂੰ ਚਿਤਰਦੀ ਹੈ।

ਡਰ, ਰੱਬ ਦਾ ਰੂਪ, ਆਖਰੀ ਬੋਲ, ਬਲਾਤਕਾਰੀ ਸਾਧ ਆਦਿ ਕਹਾਣੀਆਂ ਵਿਚ ਲੇਖਕ ਨੇ ਛੋਟੀਆਂ ਕੁੜੀਆਂ ਨਾਲ ਹੋ ਰਹੇ ਕੁਕਰਮਾਂ ਦਾ ਜ਼ਿਕਰ ਬਹੁਤ ਹੀ ਖੁੱਲ੍ਹੇ ਢੰਗ ਨਾਲ ਕੀਤਾ ਹੈ। ਕਹਾਣੀਆਂ ਅਜੋਕੀ ਸਮਾਜਿਕ ਹਾਲਤ ਤਾਂ ਬਿਆਨਦੀਆਂ ਹਨ ਪਰ ਕਿਤੇ-ਕਿਤੇ ਤਿੱਖੇਪਨ ਦੀ ਘਾਟ ਮਹਿਸੂਸ ਹੁੰਦੀ ਹੈ। ਸ਼ੈਲੀ ਪੱਖੋਂ ਲੇਖਕ ਦੀਆਂ ਕਹਾਣੀਆਂ ਵਿਚ ਸਪੱਸ਼ਟਤਾ ਹੈ।

• ਇੰਦਰਪ੍ਰੀਤ ਕੌਰ



ਕੌਮੀ ਪਤ੍ਰਿਕਾ

# ਸਾਡੀ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਖੇਤੀ ਨੂੰ ਆਧੁਨਿਕ ਅਤੇ ਲਾਭਦਾਇਕ ਬਣਾਉਣ ਲਈ ਵਚਨਬੱਧ ਹੈ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**➢ ਕਿਸਾਨਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ 14,000 ਕਿਲੋਮੀਟਰ ਪਾਈਪਲਾਈਨ ਨੈੱਟਵਰਕ ਵਿਛਾਇਆ ਗਿਆ; ਸਾਲ ਦੇ ਅੰਤ ਤੱਕ 7,000 ਕਿਲੋਮੀਟਰ ਹੋਰ ਵਿਛਾਇਆ ਜਾਵੇਗਾ ➢ ਖੇਤੀਬਾੜੀ ਮੇਲੇ 2026 ਦੌਰਾਨ ਕਿਸਾਨਾਂ ਦੀ ਉਪਜ ਦਾ ਹਰ ਇੱਕ ਦਾਣਾ ਖਰੀਦਿਆ ਅਤੇ ਚੁੱਕਿਆ ਜਾਵੇਗਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਅਤੇ ਖੇਤੀਬਾੜੀ ਨੂੰ ਇੱਕ ਆਧੁਨਿਕ ਅਤੇ ਲਾਭਦਾਇਕ ਪੇਸ਼ਾ ਬਣਾਉਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ, ਜਦੋਂ ਕਿ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਦੇ ਕੀਮਤੀ ਜਲ ਸਰੋਤਾਂ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਕਿਸਾਨ ਮੇਲੇ ਦੌਰਾਨ, ਉਨ੍ਹਾਂ ਨੇ ਨਹਿਰੀ ਸਿੰਚਾਈ ਦੇ 88% ਤੱਕ ਵਿਸਥਾਰ, 14,000 ਕਿਲੋਮੀਟਰ ਭੂਮੀਗਤ ਪਾਈਪਲਾਈਨਾਂ ਵਿਛਾਉਣ, ਸਾਲ ਦੇ ਅੰਤ ਤੱਕ ਹੋਰ 7,000 ਕਿਲੋਮੀਟਰ ਦੀ ਯੋਜਨਾਬੰਦੀ, ਅਤੇ ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਸੁਧਾਰ 'ਤੇ ਚਾਨਣਾ ਪਾਇਆ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਪੀਏਯੂ ਦੀ ਬੀਜ ਖੋਜ ਨੂੰ ਮਜ਼ਬੂਤ ਕਰ ਰਹੀ ਹੈ, ਬਾਗਬਾਨੀ ਵਿੱਚ 1,300 ਕਰੋੜ ਰੁਪਏ ਦਾ ਨਿਵੇਸ਼ ਕਰ ਰਹੀ ਹੈ ਅਤੇ ਦੇਸ਼ ਦੀ ਸਭ ਤੋਂ ਵੱਧ ਗੰਨੇ ਦੀ ਕੀਮਤ 416 ਰੁਪਏ ਪ੍ਰਤੀ ਕੁਇੰਟਲ ਨੂੰ ਯਕੀਨੀ ਬਣਾ ਰਹੀ ਹੈ, ਨਾਲ ਹੀ ਕੇਂਦਰ ਨੂੰ ਵਿਕਲਪਕ ਫਸਲਾਂ ਲਈ ਲਾਹੇਵੰਦ ਐਮਐਸਪੀ ਅਤੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਮੰਗ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਵੀ ਭਰੋਸਾ ਦਿੱਤਾ ਕਿ ਕੇਐਮਐਸ 2026 ਦੌਰਾਨ ਕਿਸਾਨਾਂ ਦੀ ਉਪਜ ਦਾ ਇੱਕ-ਇੱਕ ਦਾਣਾ ਖਰੀਦਿਆ ਅਤੇ ਚੁੱਕਿਆ ਜਾਵੇਗਾ।

ਦਸਵੇਂ ਸਥਾਨ 'ਤੇ ਪਹੁੰਚਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ: ਪੀਏਯੂ ਵਿਖੇ ਕਿਸਾਨ ਮੇਲੇ ਵਿੱਚ ਸ਼ਿਰਕਤ ਕੀਤੀ ਅਤੇ ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ। ਇਹ ਪੰਜਾਬ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਯੂਨੀਵਰਸਿਟੀ ਨੂੰ ਦੁਨੀਆ ਦੀਆਂ ਚੋਟੀ ਦੀਆਂ 100 ਯੂਨੀਵਰਸਿਟੀਆਂ ਵਿੱਚ ਦਰਜਾ ਦਿੱਤਾ ਗਿਆ ਹੈ।

ਖੇਤੀਬਾੜੀ ਨੂੰ ਇੱਕ ਲਾਭਦਾਇਕ ਪੇਸ਼ਾ ਬਣਾਉਣ ਲਈ, ਅਸੀਂ ਨਹਿਰੀ ਪਾਣੀ ਦੀ ਵਰਤੋਂ 88% ਤੱਕ ਵਧਾ ਦਿੱਤੀ ਹੈ। 14,000 ਕਿਲੋਮੀਟਰ ਭੂਮੀਗਤ ਪਾਈਪਲਾਈਨਾਂ ਵਿਛਾਉਣ ਨਾਲ ਰਾਜ ਵਿੱਚ ਭੂਮੀਗਤ ਪਾਣੀ ਦਾ ਪੱਧਰ 5 ਮੀਟਰ ਤੱਕ ਵਧ ਗਿਆ ਹੈ। ਕਿਸਾਨਾਂ ਦੀ ਸਹੂਲਤ ਲਈ, ਖੇਤਾਂ ਨੂੰ ਦਿਨ ਵੇਲੇ ਬਿਜਲੀ ਸਪਲਾਈ ਹੁਣ ਯਕੀਨੀ ਬਣਾਈ ਗਈ ਹੈ। ਸਾਡੇ ਕਿਸਾਨਾਂ ਦੀ ਸਖ਼ਤ ਮਿਹਨਤ ਨਾਲ, ਸਾਨੂੰ ਇਸ ਸਾਲ ਵੀ ਝੋਨੇ ਦੀ ਬੰਪਰ ਪੈਦਾਵਾਰ ਦੀ ਪੂਰੀ ਉਮੀਦ ਹੈ। ਇਨਕਲਾਬ ਜ਼ਿੰਦਾਬਾਦ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਆਯੋਜਿਤ ਕਿਸਾਨ ਮੇਲੇ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਭਾਰਤ ਵਿੱਚ ਹਰੀ ਕ੍ਰਾਂਤੀ ਦਾ ਜਨਮ ਸਥਾਨ ਰਿਹਾ ਹੈ, ਜਿਸਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਦੇਸ਼ ਨੂੰ ਅਨਾਜ ਦੀ ਘਾਟ ਵਾਲੇ ਦੇਸ਼ ਤੋਂ ਅਨਾਜ ਦੀ ਘਾਟ ਵਾਲੇ ਦੇਸ਼ ਵਿੱਚ ਬਦਲਣ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਭੂਮਿਕਾ ਵੀ ਸ਼ਲਾਘਾਯੋਗ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਮਿਹਨਤੀ ਅਤੇ ਲਚਕੀਲੇ ਕਿਸਾਨਾਂ ਨੇ ਪੀਏਯੂ ਦੇ ਨਵੀਨਤਾਕਾਰੀ ਖੇਤੀ ਵਿਗਿਆਨੀਆਂ ਦੀ ਯੋਗ ਅਗਵਾਈ ਹੇਠ, ਸੂਬੇ ਦੀ ਉਪਜਾਊ ਮਿੱਟੀ ਅਤੇ ਜਲ ਸਰੋਤਾਂ ਦੀ ਵਰਤੋਂ ਕਰਕੇ ਦੇਸ਼ ਦੀ ਕਿਸਮਤ ਬਦਲ ਦਿੱਤੀ ਹੈ। ਉਨ੍ਹਾਂ ਕਿਹਾ, ਪੰਜਾਬ ਸਰਕਾਰ ਖੇਤੀ ਨੂੰ ਆਧੁਨਿਕ ਅਤੇ ਲਾਭਦਾਇਕ ਬਣਾਉਣ ਲਈ ਠੋਸ ਯਤਨ ਕਰ ਰਹੀ ਹੈ ਤਾਂ ਜੋ ਖੁਸ਼ਹਾਲੀ ਹਰ ਕਿਸਾਨ ਤੱਕ ਪਹੁੰਚੇ। ਪੀਏਯੂ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿਰਫ਼ ਉੱਚ-ਗੁਣਵੱਤਾ ਵਾਲੇ ਬੀਜ ਹੀ ਕਿਸਾਨਾਂ ਤੱਕ ਪਹੁੰਚਣ, ਜਦੋਂ ਕਿ ਪੰਜਾਬ ਵਿੱਚ ਬਾਗਬਾਨੀ ਨੂੰ ਉਤਸ਼ਾਹਿਤ ਕਰਨ ਲਈ 1,300 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਗੰਨੇ ਦਾ ਮੁੱਲ 416 ਰੁਪਏ ਪ੍ਰਤੀ ਕੁਇੰਟਲ ਦੇ ਰਿਹਾ ਹੈ, ਅਤੇ ਗੰਨੇ ਦੀ ਕਾਸ਼ਤ ਹੇਠ ਰਕਬਾ ਵੀ ਪਿਛਲੇ ਸਾਲ ਦੇ ਮੁਕਾਬਲੇ ਵਧਿਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਮੌਜੂਦਾ ਸੂਬਾ ਸਰਕਾਰ ਨੇ ਸੱਤਾ ਸੰਭਾਲੀ ਸੀ, ਉਦੋਂ ਸਿੰਚਾਈ ਲਈ ਸਿਰਫ਼ 22% ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ, ਜਦੋਂ ਕਿ ਹੁਣ ਇਹ 88% ਤੋਂ ਵੱਧ ਹੋ ਗਈ ਹੈ। ਅਸੀਂ ਪੰਜਾਬ ਭਰ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ 14,000 ਕਿਲੋਮੀਟਰ ਪਾਈਪਲਾਈਨਾਂ ਵਿਛਾਈਆਂ ਹਨ। ਇਹ ਦੂਰੀ ਕੈਨੇਡਾ ਤੋਂ ਬਾਘਾਪੁਰਾਣਾ ਤੱਕ ਦੀ ਯਾਤਰਾ ਦੇ ਬਰਾਬਰ ਹੈ। ਇਸ ਸਾਲ ਦੇ ਅੰਤ ਤੱਕ 7,000 ਕਿਲੋਮੀਟਰ ਹੋਰ ਪਾਈਪਲਾਈਨਾਂ ਵਿਛਾਈਆਂ ਜਾਣਗੀਆਂ, ਉਨ੍ਹਾਂ ਕਿਹਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਭਰ ਵਿੱਚ ਪਾਈਪਲਾਈਨਾਂ ਅਤੇ ਜਲ ਮਾਰਗ ਵਿਛਾਏ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਹਿਰੀ ਪਾਣੀ ਪੰਜਾਬ ਦੇ ਹਰ ਕੋਨੇ ਅਤੇ ਕੋਨੇ ਵਿੱਚ ਕਿਸਾਨਾਂ ਤੱਕ ਪਹੁੰਚੇ ਅਤੇ ਉਨ੍ਹਾਂ ਦੀਆਂ ਸਿੰਚਾਈ ਜ਼ਰੂਰਤਾਂ ਨੂੰ ਪੂਰਾ ਕਰੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੀ ਸਥਿਤੀ ਨੂੰ ਸੁਧਾਰਨ ਲਈ ਨਹਿਰਾਂ ਅਤੇ ਦਰਿਆਵਾਂ ਵਿੱਚ ਰੀਚਾਰਜ ਪੁਆਇੰਟ ਬਣਾਏ ਗਏ ਹਨ। ਉਨ੍ਹਾਂ ਕਿਹਾ, ਪਾਣੀ ਰੀਚਾਰਜ ਵੱਡੇ ਪੱਧਰ 'ਤੇ ਕੀਤਾ ਗਿਆ ਹੈ ਅਤੇ ਕਈ ਖੇਤਰਾਂ ਵਿੱਚ ਪਾਣੀ ਦਾ ਪੱਧਰ ਦੋ ਤੋਂ ਚਾਰ ਮੀਟਰ ਵਧਿਆ ਹੈ। ਸਾਨੂੰ ਆਪਣੇ ਕੀਮਤੀ ਜਲ ਸਰੋਤਾਂ ਦੀ ਹਰ ਬੂੰਦ ਦੀ ਰੱਖਿਆ ਕਰਨੀ ਪਵੇਗੀ।

ਕਿਸਾਨਾਂ ਨੂੰ ਸਿਰਫ਼ ਪੀਏਯੂ ਦੁਆਰਾ ਸਿਫ਼ਾਰਸ਼ ਕੀਤੀਆਂ ਸਪਰੇਆਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਅਪੀਲ ਕਰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਿਹਤਰ ਝਾੜ ਨੂੰ ਯਕੀਨੀ ਬਣਾਉਣ ਅਤੇ ਕਿਸਾਨਾਂ ਨੂੰ ਬੇਲੋੜੇ ਨੁਕਸਾਨ ਤੋਂ ਬਚਾਉਣ ਲਈ ਬਿਜਾਈ ਤੋਂ ਪਹਿਲਾਂ ਬੀਜਾਂ ਦੀ ਵੀ ਤਸਦੀਕ ਕੀਤੀ ਜਾਣੀ ਚਾਹੀਦੀ ਹੈ।

ਖੇਤੀਬਾੜੀ ਸੰਕਟ ਬਾਰੇ ਗੱਲ ਕਰਦਿਆਂ, ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਕਰਜ਼ੇ ਦੇ ਦੁਸ਼ਟ ਚੱਕਰ ਵਿੱਚੋਂ ਬਾਹਰ ਕੱਢਣ ਲਈ ਸਖ਼ਤ ਯਤਨ ਕਰ ਰਹੀ ਹੈ। ਵਧਦੀ ਲਾਗਤ ਅਤੇ ਘਟਦੀ ਆਮਦਨ ਨੇ ਕਿਸਾਨਾਂ ਨੂੰ ਇੱਕ ਮੁਸ਼ਕਲ ਮੋੜ 'ਤੇ ਪਾ ਦਿੱਤਾ ਹੈ। ਅਸੀਂ ਉਨ੍ਹਾਂ ਦੀ ਆਮਦਨ ਨੂੰ ਵਧਾਉਣ ਅਤੇ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੇ ਹਾਂ ਕਿ ਕਿਸਾਨ ਇੱਕ ਸਨਮਾਨਜਨਕ ਅਤੇ ਖੁਸ਼ਹਾਲ ਜੀਵਨ ਜੀ ਸਕਣ, ਉਨ੍ਹਾਂ ਕਿਹਾ।

ਮੁੱਖ ਮੰਤਰੀ ਨੇ ਕਿਹਾ ਕਿ ਸੀਮਤ ਕੁਦਰਤੀ ਸਰੋਤਾਂ ਦੇ ਬਾਵਜੂਦ, ਪੰਜਾਬ ਦੇ ਕਿਸਾਨਾਂ ਨੇ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਆਤਮਨਿਰਭਰ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ, ਅਕਸਰ ਸੂਬੇ ਦੇ ਕੁਦਰਤੀ ਸਰੋਤਾਂ ਦੀ ਜ਼ਿਆਦਾ ਵਰਤੋਂ ਦੀ ਕੀਮਤ 'ਤੇ। ਪੰਜਾਬ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਵਾਧੂ ਪਾਣੀ ਨਹੀਂ ਹੈ। ਕਿਸੇ ਨਾਲ ਪਾਣੀ ਦੀ ਇੱਕ ਬੂੰਦ ਵੀ ਸਾਂਝੀ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਿਛਲੇ ਸ਼ਾਸਕਾਂ ਨੇ ਆਪਣੇ ਨਿੱਜੀ ਹਿੱਤਾਂ ਲਈ, ਦਰਿਆਈ ਪਾਣੀਆਂ ਦੇ ਸੂਬੇ ਦੇ ਹਿੱਸੇ ਨੂੰ ਛੱਡ ਕੇ ਪੰਜਾਬ ਦੇ ਹਿੱਤਾਂ ਨੂੰ ਖਤਰੇ ਵਿੱਚ ਪਾਇਆ। ਸਾਡੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਪੰਜਾਬ ਦੇ ਹਿੱਤਾਂ ਨਾਲ ਅਜਿਹੇ ਸਮਝੌਤੇ ਦੁਬਾਰਾ ਨਾ ਹੋਣ, ਉਨ੍ਹਾਂ ਕਿਹਾ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਖਜ਼ਾਨੇ ਦੇ ਇੱਕ-ਇੱਕ ਪੈਸੇ ਦੀ ਵਰਤੋਂ ਲੋਕਾਂ ਦੀ ਭਲਾਈ ਲਈ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਦੇ 90% ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। ਕਿਸਾਨਾਂ ਨੂੰ ਹੁਣ ਦਿਨ ਵੇਲੇ ਵੀ ਬਿਜਲੀ ਮਿਲ ਰਹੀ ਹੈ, ਜੋ ਕਿ ਬੇਮਿਸਾਲ ਹੈ। ਲੋਕਾਂ ਦੇ ਟੈਕਸ ਦਾ ਪੈਸਾ ਲੋਕਾਂ ਦਾ ਹੈ, ਅਤੇ ਇਸਨੂੰ ਉਨ੍ਹਾਂ ਦੀ ਭਲਾਈ 'ਤੇ ਸਮਝਦਾਰੀ ਨਾਲ ਖਰਚ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਉਨ੍ਹਾਂ ਕੋਲ ਵਾਪਸ ਆ ਰਿਹਾ ਹੈ।

ਕੇਐਮਐਸ 2026 ਖਰੀਦ ਸੀਜ਼ਨ ਤੋਂ ਪਹਿਲਾਂ ਕਿਸਾਨਾਂ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਉਪਜ ਦਾ ਹਰ ਇੱਕ ਦਾਣਾ ਖਰੀਦਿਆ ਜਾਵੇਗਾ ਅਤੇ ਮੰਡੀਆਂ ਵਿੱਚੋਂ ਚੁੱਕਿਆ ਜਾਵੇਗਾ। ਕਿਸਾਨਾਂ ਦੀ ਉਪਜ ਦਾ ਹਰ ਇੱਕ ਦਾਣਾ ਕੇਐਮਐਸ (ਖਰੀਫ ਮਾਰਕੀਟਿੰਗ ਸੀਜ਼ਨ) 2026 ਦੌਰਾਨ ਖਰੀਦਿਆ ਅਤੇ ਚੁੱਕਿਆ ਜਾਵੇਗਾ। ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਲਈ ਨਿਰਧਾਰਤ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇਗੀ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ, ਰਾਜ ਨੂੰ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਉਣ ਵਾਲੇ ਝੋਨੇ ਦੇ ਸੀਜ਼ਨ ਲਈ ਨਕਦ ਕ੍ਰੈਡਿਟ ਸੀਮਾ ਪ੍ਰਾਪਤ ਹੋ ਚੁੱਕੀ ਹੈ, ਉਨ੍ਹਾਂ ਕਿਹਾ।

ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫਸਲਾਂ ਦੀ ਰਹਿੰਦ-ਖੂੰਹਦ ਦੇ ਇਨ-ਸੀਟੂ ਅਤੇ ਐਕਸ-ਸੀਟੂ ਪ੍ਰਬੰਧਨ ਲਈ ਕਿਸਾਨਾਂ ਨੂੰ ਨਵੇਂ ਉਪਕਰਣ ਪ੍ਰਦਾਨ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਅਪਣਾਉਣ ਲਈ ਉਤਸ਼ਾਹਿਤ ਕਰ ਰਹੀ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਹਾਲਾਂਕਿ, ਕੇਂਦਰ ਸਰਕਾਰ ਨੂੰ ਇਨ੍ਹਾਂ ਫਸਲਾਂ ਲਈ ਲਾਹੇਵੰਦ ਐਮਐਸਪੀ ਪ੍ਰਦਾਨ ਕਰਨਾ ਚਾਹੀਦਾ ਹੈ। ਇਹ ਕਿਸਾਨਾਂ ਨੂੰ ਵਿਭਿੰਨਤਾ ਲਈ ਉਤਸ਼ਾਹਿਤ ਕਰੇਗਾ ਅਤੇ ਪੰਜਾਬ ਦੇ ਕੁਦਰਤੀ ਸਰੋਤਾਂ 'ਤੇ ਦਬਾਅ ਘਟਾਉਣ ਵਿੱਚ ਮਦਦ ਕਰੇਗਾ, ਉਨ੍ਹਾਂ ਕਿਹਾ।

ਕਿਸਾਨ ਮੇਲੇ ਵਿੱਚ ਸਨਮਾਨਿਤ ਕੀਤੇ ਜਾ ਰਹੇ ਪ੍ਰਗਤੀਸ਼ੀਲ ਅਤੇ ਉੱਦਮੀ ਕਿਸਾਨਾਂ ਨੂੰ ਵਧਾਈ ਦਿੰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੀਏਯੂ ਕਿਸਾਨਾਂ ਲਈ ਇੱਕ ਚਾਨਣ ਮੁਨਾਰੇ ਵਜੋਂ ਜਾਣਿਆ ਜਾਂਦਾ ਹੈ। ਪੀਏਯੂ ਨੇ ਲਗਾਤਾਰ ਪੰਜਾਬ ਦੇ ਕਿਸਾਨਾਂ ਦਾ ਮਾਰਗਦਰਸ਼ਨ ਕੀਤਾ ਹੈ ਅਤੇ ਰਾਜ ਵਿੱਚ ਖੇਤੀਬਾੜੀ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪੰਜਾਬ ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ ਸਿਰਫ 1.53% ਹੈ, ਫਿਰ ਵੀ ਇਹ ਦੇਸ਼ ਦੇ ਭੋਜਨ ਉਤਪਾਦਨ ਵਿੱਚ ਇੱਕ ਸ਼ਾਨਦਾਰ ਯੋਗਦਾਨ ਪਾ ਰਿਹਾ ਹੈ, ਉਨ੍ਹਾਂ ਕਿਹਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨੂੰ ਖੇਤੀਬਾੜੀ ਆਮਦਨ ਵਧਾਉਣ ਲਈ ਵਿਗਿਆਨਕ ਤਰੀਕੇ ਅਪਣਾਉਣ ਦੀ ਅਪੀਲ ਕੀਤੀ। ਕਿਸਾਨ ਮੇਲੇ ਦੀ ਮੂਲ ਭਾਵਨਾ ਕਿਸਾਨਾਂ ਵਿੱਚ ਨਵੀਆਂ ਤਕਨੀਕਾਂ ਅਤੇ ਵਿਗਿਆਨਕ ਅਭਿਆਸਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ ਜੋ ਵਾਤਾਵਰਣ ਦੀ ਰੱਖਿਆ ਕਰ ਸਕਦੀਆਂ ਹਨ ਅਤੇ ਖੇਤੀ ਆਮਦਨ ਵਧਾ ਸਕਦੀਆਂ ਹਨ। ਕਿਸਾਨਾਂ ਨੂੰ ਵਿਗਿਆਨਕ ਤਰੀਕੇ ਅਪਣਾਉਣੇ ਚਾਹੀਦੇ ਹਨ ਅਤੇ ਬਿਹਤਰ ਉਤਪਾਦਕਤਾ ਅਤੇ ਮੁਨਾਫ਼ੇ ਲਈ ਸੂਚਿਤ ਵਿਕਲਪ ਬਣਾਉਣੇ ਚਾਹੀਦੇ ਹਨ, ਉਨ੍ਹਾਂ ਕਿਹਾ।

ਉਨ੍ਹਾਂ ਦੁਹਰਾਇਆ ਕਿ ਪੰਜਾਬ ਦੇਸ਼ ਵਿੱਚ ਸਭ ਤੋਂ ਵੱਧ ਗੰਨੇ ਦਾ ਮੁੱਲ 416 ਰੁਪਏ ਪ੍ਰਤੀ ਕੁਇੰਟਲ ਪ੍ਰਦਾਨ ਕਰ ਰਿਹਾ ਹੈ ਅਤੇ ਕਿਹਾ ਕਿ ਗੰਨੇ ਦੀ ਕਾਸ਼ਤ ਹੇਠ ਰਕਬਾ ਪਿਛਲੇ ਸਾਲ ਦੇ ਮੁਕਾਬਲੇ ਵਧਿਆ ਹੈ। ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਕਿਸਾਨਾਂ ਅਤੇ ਨੌਜਵਾਨਾਂ ਦੋਵਾਂ ਨੂੰ ਬਰਬਾਦ ਕਰ ਦਿੱਤਾ ਅਤੇ ਖੇਤੀਬਾੜੀ ਖੇਤਰ ਵੱਲ ਬਹੁਤ ਘੱਟ ਧਿਆਨ ਦਿੱਤਾ। ਸਾਡੀ ਸਰਕਾਰ ਖੇਤੀਬਾੜੀ ਨੂੰ ਮਜ਼ਬੂਤ ਕਰਨ, ਕਿਸਾਨਾਂ ਦੀ ਆਮਦਨ ਵਿੱਚ ਸੁਧਾਰ ਕਰਨ ਅਤੇ ਪੰਜਾਬ ਦੇ ਲੋਕਾਂ ਲਈ ਬਿਹਤਰ ਮੌਕੇ ਪੈਦਾ ਕਰਨ ਲਈ ਕੰਮ ਕਰ ਰਹੀ ਹੈ, ਉਨ੍ਹਾਂ ਕਿਹਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਖੇਤੀਬਾੜੀ ਯੋਜਨਾਵਾਂ ਵਿੱਚ ਸਾਹਮਣੇ ਆਏ ਵਿਵਾਦਾਂ ਅਤੇ ਬੇਨਿਯਮੀਆਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ, ਅਜਿਹੇ ਵਿਵਾਦਾਂ ਅਤੇ ਬੇਨਿਯਮੀਆਂ ਨੇ ਪੰਜਾਬ ਦੇ ਕਿਸਾਨ ਭਾਈਚਾਰੇ ਦੇ ਹਿੱਤਾਂ ਅਤੇ ਵਿਸ਼ਵਾਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਅਸੀਂ ਪੂਰੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਜਵਾਬਦੇਹ ਬਣਾਇਆ ਹੈ ਅਤੇ ਗਲਤ ਕੰਮਾਂ ਵਿੱਚ ਸ਼ਾਮਲ ਪਾਏ ਜਾਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੇ ਹਾਂ। ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਹੋਰ ਵੀ ਮੌਜੂਦ ਸਨ।

# ਆਯੁਸ਼ਮਾਨ ਅਰੋਗਿਆ ਕੇਂਦਰ ਚੂਸਲੇਵੜ ਵਿਖੇ ਲਗਾਇਆ ਮੁਫ਼ਤ ਆਯੁਸ਼ ਕੈਂਪ



**ਤਰਨ ਤਾਰਨ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਯੁਸ਼ ਮੰਤਰਾਲੇ ਵੱਲੋਂ ਲੋਕਾਂ ਨੂੰ ਆਯੁਰਵੇਦ ਅਤੇ ਹੋਮਿਓਪੈਥੀ ਇਲਾਜ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ 'ਤੇ ਲਗਾਏ ਜਾ ਰਹੇ 10 ਆਯੁਸ਼ ਕੈਂਪਾਂ ਦੀ ਲੜੀ ਤਹਿਤ ਅੱਜ ਆਯੁਸ਼ਮਾਨ ਅਰੋਗਿਆ ਕੇਂਦਰ ਚੂਸਲੇਵੜ ਵਿਖੇ ਮੁਫ਼ਤ ਆਯੁਸ਼ ਕੈਂਪ ਲਗਾਇਆ ਗਿਆ।

ਇਹ ਕੈਂਪ ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਮਨ ਖੰਨਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਆਯੁਰਵੇਦਿਕ/ਯੂਨਾਨੀ ਅਫ਼ਸਰ ਡਾ. ਸੰਦੀਪ ਸ਼੍ਰੀਧਰ ਜੀ ਅਤੇ ਜ਼ਿਲ੍ਹਾ ਹੋਮਿਓਪੈਥਿਕ ਅਫ਼ਸਰ ਡਾ. ਰੁਪਿੰਦਰ ਕੌਰ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ।

ਕੈਂਪ ਦੌਰਾਨ ਆਯੁਰਵੇਦਿਕ ਅਤੇ ਹੋਮਿਓਪੈਥਿਕ ਮਾਹਿਰ ਡਾਕਟਰਾਂ ਵੱਲੋਂ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਦੀ ਸਿਹਤ ਜਾਂਚ ਕੀਤੀ ਗਈ। ਇਸ ਮੌਕੇ ਆਯੁਰਵੇਦਿਕ ਵਿਭਾਗ ਵੱਲੋਂ 375 ਅਤੇ ਹੋਮਿਓਪੈਥਿਕ ਵਿਭਾਗ ਵੱਲੋਂ 352, ਕੁੱਲ 727 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਜਾਂਚ ਉਪਰੰਤ ਮਰੀਜ਼ਾਂ ਨੂੰ ਲੋੜ ਅਨੁਸਾਰ ਮੁਫ਼ਤ ਆਯੁਰਵੇਦਿਕ ਅਤੇ ਹੋਮਿਓਪੈਥਿਕ ਦਵਾਈਆਂ ਵੀ ਮੁਹੱਈਆ ਕਰਵਾਈਆਂ ਗਈਆਂ।

ਕੈਂਪ ਦਾ ਉਦਘਾਟਨ ਪੰਚਾਇਤ ਮੈਂਬਰ ਗੁਰਮੀਤ ਸਿੰਘ, ਬਾਬਾ ਅਜੀਤ ਸਿੰਘ ਅਤੇ ਹਰਵਿੰਦਰ ਸਿੰਘ ਵੱਲੋਂ ਕੀਤਾ ਗਿਆ।

ਕੈਂਪ ਨੂੰ ਸਫ਼ਲ ਬਣਾਉਣ ਵਿੱਚ ਆਯੁਰਵੇਦਿਕ ਵਿਭਾਗ ਵੱਲੋਂ ਡਾ. ਮਨਵਿੰਦਰ ਕੌਰ, ਡਾ. ਚਾਰੂ ਅਰੋੜਾ, ਰਾਜਿੰਦਰ, ਅਨੀਤਾ, ਅਮਰਜੀਤ ਕੌਰ ਅਤੇ ਹੋਮਿਓਪੈਥਿਕ ਵਿਭਾਗ ਵੱਲੋਂ ਡਾ. ਜਤਿੰਦਰ ਸਿੱਧੂ, ਡਾ. ਮੀਨਾਕਸ਼ੀ ਮੱਟੂ, ਬਲਜੀਤ ਕੌਰ ਅਤੇ ਹਰਜੀਤ ਕੌਰ ਫਾਰਮਾਸਿਸਟ ਨੇ ਆਪਣੀਆਂ ਸੇਵਾਵਾਂ ਨਿਭਾਈਆਂ।

# ਸ਼ੱਕੀ ਹਾਲਤਾਂ ਵਿੱਚ ਨੌਜਵਾਨ ਦੀ ਮੌਤ ਨੇ ਖੜ੍ਹੇ ਕੀਤੇ ਸਵਾਲ

**ਮਾਛੀਵਾੜਾ ਸਾਹਿਬ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਨ ਪ੍ਰਤੀ ਦਿਨ ਇਨਸਾਨੀਅਤ ਹੁੰਦੀ ਜਾ ਰਹੀ ਹੈ ਸ਼ਰਮਸ਼ਾਰ ਮਨੁੱਖੀ ਰਿਸ਼ਤੇ ਹੋ ਰਹੇ ਨੇ ਤਾਰੋ ਪੀੜ , ਜੀ ਹਾਂ ਇਹਨਾਂ ਰਿਸ਼ਤਿਆਂ ਦੀ ਤਰਾਸ਼ਦੀ ਨੂੰ ਬਿਆਨ ਕਰਦੀ ਹੈ ਨੇੜ੍ਹਲੇ ਪਿੰਡ ਸ਼ਤਾਬਗੜ੍ਹ ਦੇ ਨੌਜਵਾਨ ਅਮਨਦੀਪ ਸਿੰਘ (19) ਦੀ ਸ਼ੱਕੀ ਹਾਲਤਾਂ ਵਿਚ ਮੌਤ ॥ ਮ੍ਰਿਤਕ ਦੇ ਭਰਾ ਰਿੰਕੂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸਦਾ ਛੋਟਾ ਭਰਾ ਅਮਨਦੀਪ ਸਿੰਘ 14 ਸਤੰਬਰ ਨੂੰ ਕਰੀਬ 3 ਵਜੇ ਮੋਟਰਸਾਈਕਲ 'ਤੇ ਗਿਆ ਅਤੇ ਘਰ ਵਾਪਸ ਨਹੀਂ ਆਇਆ। ਜਦੋਂ ਉਸਦੀ ਤਲਾਸ਼ ਕੀਤੀ ਗਈ ਤਾਂ ਪਤਾ ਲੱਗਿਆ ਕਿ ਉਹ ਆਪਣੇ ਦੋਸਤਾਂ ਨਾਲ ਗਿਆ ਹੈ ਜੋ ਕਿ ਨਸ਼ਾ ਕਰਨ ਦੇ ਆਦੀ ਹਨ। ਪਰਿਵਾਰ ਵਲੋਂ ਅਮਨਦੀਪ ਸਿੰਘ ਨੂੰ ਕਈ ਵਾਰ ਫੋਨ ਵੀ ਕੀਤਾ ਪਰ ਉਹ ਬੰਦ ਆ ਰਿਹਾ ਸੀ। ਦੂਸਰੇ ਦਿਨ 15 ਸਤੰਬਰ ਨੂੰ ਉਹ ਤਲਾਸ਼ ਕਰਦੇ ਹੋਏ ਖੇਤਾਂ ਵਿਚ ਪੁੱਜੇ ਤਾਂ ਦੇਖਿਆ ਕਿ ਅਮਨਦੀਪ ਸਿੰਘ ਗਿਰਿਆ ਹੋਇਆ ਸੀ ਜਿਸ ਦੇ ਕੋਲ ਉਸਦਾ ਮੋਟਰਸਾਈਕਲ ਖੜ੍ਹਾ ਸੀ। ਰਿੰਕੂ ਨੇ ਦੱਸਿਆ ਕਿ ਉਸਦਾ ਭਰਾ ਅਮਨਦੀਪ ਸਿੰਘ ਬੜੇ ਔਖੇ-ਔਖੇ ਸਾਹ ਲੈ ਰਿਹਾ ਸੀ ਜਿਸ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਮਾਛੀਵਾੜਾ ਹਸਪਤਾਲ ਲਿਆਂਦਾ ਗਿਆ।

ਡਾਕਟਰਾਂ ਵਲੋਂ ਉਸਦੀ ਗੰਭੀਰ ਹਾਲਤ ਨੂੰ ਦੇਖਦਿਆਂ ਸਿਵਲ ਹਸਪਤਾਲ ਸਮਰਾਲਾ ਰੈਫ਼ਰ ਕਰ ਦਿੱਤਾ ਜਿੱਥੋਂ ਫਿਰ 32 ਸੈਕਟਰ ਚੰਡੀਗੜ੍ਹ ਲੈ ਗਏ। ਚੰਡੀਗੜ੍ਹ ਹਸਪਤਾਲ ਵਿਖੇ ਡਾਕਟਰਾਂ ਨੇ ਅਮਨਦੀਪ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮਾਛੀਵਾੜਾ ਪੁਲਸ ਵਲੋਂ ਲਾਸ਼ ਨੂੰ ਕਬਜੇ 'ਚ ਕਰ ਪੋਸਟ ਮਾਰਟਮ ਕਰਵਾ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਲੰਡਨ 'ਚ ਥੇਮਜ਼ ਨਦੀ ਦੇ ਕੰਢੇ ਪਹਿਲੀ ਵਾਰ ਗੰਗਾ ਆਰਤੀ ਦਾ ਆਯੋਜਨ

**ਲੰਡਨ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੰਡਨ 'ਚ ਥੇਮਜ਼ ਨਦੀ ਦੇ ਕੰਢੇ ਐਤਵਾਰ ਨੂੰ ਪਹਿਲੀ ਵਾਰ ਗੰਗਾ ਆਰਤੀ ਦਾ ਆਯੋਜਨ ਕੀਤਾ ਗਿਆ ਜਿਸ 'ਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਥੇਮਜ਼ ਦੇ ਕੰਢੇ ਗੰਗਾ ਆਰਤੀ: ਰੌਸ਼ਨੀਆਂ ਦਾ ਜਸ਼ਨ ਸਿਰਲੇਖ ਵਾਲਾ ਇਹ ਸਮਾਗਮ ਚਿਨਮਯਾ ਮਿਸ਼ਨ UK ਦੁਆਰਾ ਟੋਟਲੀ ਥੇਮਜ਼ ਦੇ ਸਾਲਾਨਾ ਤਿਓਹਾਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਗਮ ਚਿਨਮਯਾ ਮਿਸ਼ਨ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਦੁਨੀਆਂ ਭਰ 'ਚ ਆਯੋਜਿਤ ਕੀਤੇ ਜਾ ਰਹੇ ਸਮਾਗਮਾਂ ਦੀ ਇੱਕ ਲੜੀ ਦਾ ਹਿੱਸਾ ਸੀ।

ਭਾਰਤ 'ਚ ਗੰਗਾ ਦੇ ਕੰਢੇ ਆਯੋਜਿਤ ਆਰਤੀ ਦੀ ਮਸ਼ਹੂਰ ਪ੍ਰੰਪਰਾ ਤੋਂ ਪ੍ਰੇਰਿਤ ਹੋ ਕੇ ਇਸ ਸਮਾਗਮ ਦੀ ਕਲਪਨਾ ਕੁਦਰਤ, ਗਿਆਨ ਅਤੇ ਚੇਤਨਾ ਦੇ ਜੀਵਨਦਾਇਕ ਪ੍ਰਵਾਹ ਦੇ ਪ੍ਰਤੀਕ ਵਜੋਂ ਕੀਤੀ ਗਈ ਸੀ। ਚਿਨਮਯਾ ਮਿਸ਼ਨ UK ਦੇ ਇੱਕ ਅਧਿਆਪਕ ਬ੍ਰਹਮਚਾਰਿਣੀ ਸ਼੍ਰੀਪ੍ਰਿਯਾ ਚੈਤੰਨਿਆ ਨੇ ਕਿਹਾ, "ਪੀੜ੍ਹੀਆਂ ਤੋਂ ਸ਼ਰਧਾਲੂਆਂ ਨੇ ਗੰਗਾ ਦੇ ਕੰਢੇ ਮਾਂ ਗੰਗਾ ਦੀ ਪੂਜਾ ਕਰਨ ਲਈ ਦੀਵੇ ਜਗਾਏ ਹਨ, ਕੁਦਰਤ ਅਤੇ ਜੀਵਨ ਨੂੰ ਪੋਸ਼ਣ ਦੇਣ ਵਾਲੀਆਂ ਬ੍ਰਹਮ ਸ਼ਕਤੀਆਂ ਪ੍ਰਤੀ ਸ਼ਰਧਾ ਅਤੇ ਸ਼ੁਕਰਗੁਜ਼ਾਰੀ ਪ੍ਰਗਟ ਕੀਤੀ ਹੈ।" ਉਸ ਨੇ ਅੱਗੇ ਕਿਹਾ, "ਥੇਮਜ਼ ਨਦੀ ਦੇ ਕੰਢੇ 'ਤੇ ਗੰਗਾ ਆਰਤੀ ਵੀ ਇਸ ਭਾਵਨਾ ਨੂੰ ਅੱਗੇ ਵਧਾਉਂਦੀ ਹੈ ਅਤੇ ਲੋਕਾਂ ਨੂੰ ਸ਼ੁਕਰਗੁਜ਼ਾਰੀ, ਉਮੀਦ ਅਤੇ ਏਕਤਾ ਦੀ ਸਾਂਝੀ ਭਾਵਨਾ 'ਚ ਇਕੱਠਾ ਕਰਦੀ ਹੈ।"



ਚੈਤੰਨਿਆ ਨੇ ਸਮਝਾਇਆ ਕਿ ਚਿਨਮਯਾ ਮਿਸ਼ਨ ਲਈ, ਗੰਗਾ ਗਿਆਨ ਦੇ ਪ੍ਰਵਾਹ ਦਾ ਵੀ ਪ੍ਰਤੀਕ ਹੈ। ਉਨ੍ਹਾਂ ਕਿਹਾ, "ਸਾਡੇ ਸੰਸਥਾਪਕ, ਸਵਾਮੀ ਚਿਨਮਯਾਨੰਦ ਨੇ ਆਪਣਾ ਜੀਵਨ ਹਿਮਾਲਿਆ ਦੀ ਪਵਿੱਤਰ ਧਰਤੀ ਤੋਂ ਵੇਦਾਂਤ ਦੇ ਸਦੀਵੀ ਗਿਆਨ ਅਤੇ ਅਧਿਆਤਮਿਕ ਸੰਦੇਸ਼ ਨੂੰ ਜਨਤਾ ਤਕ ਪਹੁੰਚਾਉਣ ਲਈ ਸਮਰਪਿਤ ਕੀਤਾ, ਇਸ ਨੂੰ ਉਨ੍ਹਾਂ ਦੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਇਆ। ਚਿਨਮਯਾ ਮਿਸ਼ਨ ਦੀ 75ਵੀਂ ਵਰ੍ਹੇਗੰਢ ਦੇ ਮੌਕੇ 'ਤੇ ਆਯੋਜਿਤ ਇਹ ਸਮਾਗਮ, ਹਿੰਦੂ ਧਰਮ ਦੀਆਂ ਮਹਾਨ ਦਾਰਸ਼ਨਿਕ ਅਤੇ ਅਧਿਆਤਮਿਕ ਪ੍ਰੰਪਰਾਵਾਂ 'ਚੋਂ ਇੱਕ, ਵੇਦਾਂਤ ਦੀ ਬ੍ਰਹਮ ਵਿਰਾਸਤ ਨੂੰ ਅੱਗੇ ਵਧਾਉਂਦੇ ਹੋਏ, ਗਿਆਨ, ਸੇਵਾ ਅਤੇ ਸ਼ੁਕਰਗੁਜ਼ਾਰੀ ਦੀ ਪਵਿੱਤਰ ਧਾਰਾ ਦਾ ਜਸ਼ਨ ਵੀ ਹੈ ਜੋ ਭੂਗੋਲਿਕ ਸੀਮਾਵਾਂ ਤੋਂ ਪਰੇ ਵਗਦੀ ਰਹਿੰਦੀ ਹੈ। ਗੰਗਾ ਆਰਤੀ ਹਿੰਦੂ ਧਰਮ ਦੀ ਇੱਕ ਪ੍ਰਾਚੀਨ ਧਾਰਮਿਕ ਰਸਮ ਹੈ। ਇਸ 'ਚ ਵੱਡੀ ਗਿਣਤੀ 'ਚ ਦੀਵੇ ਜਗਾਉਣੇ ਅਤੇ ਪ੍ਰਾਰਥਨਾਵਾਂ, ਭਜਨਾਂ, ਸੰਗੀਤ ਅਤੇ ਜਾਪ ਰਾਹੀਂ ਮਾਂ ਗੰਗਾ ਪ੍ਰਤੀ ਸ਼ਰਧਾ ਅਤੇ ਸ਼ੁਕਰਗੁਜ਼ਾਰੀ ਪ੍ਰਗਟ ਕਰਨਾ ਸ਼ਾਮਿਲ ਹੈ। ਇਹ ਰਸਮ ਕੁਦਰਤ ਅਤੇ ਇਸ ਦੀ ਜੀਵਨ ਦਾਤਾ ਪ੍ਰਕਿਰਤੀ ਪ੍ਰਤੀ ਵਿਸ਼ਵਾਸ ਅਤੇ ਸਤਿਕਾਰ ਦਾ ਪ੍ਰਗਟਾਵਾ ਵੀ ਹੈ।"

ਚਿਨਮਯਾ ਮਿਸ਼ਨ ਦੇ ਇੱਕ ਬੁਲਾਰੇ ਨੇ ਕਿਹਾ, "ਕੁਦਰਤ ਪ੍ਰਤੀ ਸ਼ਰਧਾ ਸਿਰਫ਼ ਗੰਗਾ ਆਰਤੀ ਦਾ ਇੱਕ ਹਿੱਸਾ ਨਹੀਂ ਸਗੋਂ ਇਸ ਦੇ ਮੂਲ 'ਚ ਹੈ। ਇਹ ਮਾਂ ਗੰਗਾ ਪ੍ਰਤੀ ਸ਼ਰਧਾ ਅਤੇ ਸ਼ੁਕਰਗੁਜ਼ਾਰੀ ਪੇਸ਼ ਕਰਨ ਦਾ ਇੱਕ ਸਾਧਨ ਹੈ। ਹਿੰਦੂ ਪ੍ਰੰਪਰਾ 'ਚ, ਮਾਂ ਗੰਗਾ ਨੂੰ ਸਾਰੇ ਜੀਵਾਂ ਦੀ ਇੱਕ ਪਵਿੱਤਰ, ਜੀਵਨਦਾਇਕ ਅਤੇ ਪੋਸ਼ਣ ਦੇਣ ਵਾਲੀ ਦੇਵੀ ਵਜੋਂ ਪੂਜਿਆ ਜਾਂਦਾ ਹੈ।" ਥੇਮਜ਼ ਦੇ ਕੰਢੇ ਆਯੋਜਿਤ ਕੀਤੀ ਗਈ ਇਸ ਆਰਤੀ ਨੇ ਪਰੰਪਰਾ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ, ਨਾਲ ਹੀ ਨਦੀ ਦੀ ਸ਼ੁੱਧਤਾ ਅਤੇ ਵਾਤਾਵਰਣ ਦੀ ਸ਼ਾਨ ਦਾ ਵੀ ਸਤਿਕਾਰ ਕੀਤਾ। ਪੂਰੀ ਰਸਮ ਜ਼ਮੀਨ 'ਤੇ, ਨਦੀ ਦੇ ਕੰਢੇ 'ਤੇ ਕੀਤੀ ਗਈ। ਆਰਤੀ 'ਚ ਵਰਤੀਆਂ ਜਾਂਦੀਆਂ ਕੋਈ ਵੀ ਵਸਤੂਆਂ ਨੂੰ ਥੇਮਜ਼ 'ਚ ਨਹੀਂ ਸੁੱਟਿਆ ਗਿਆ।

ਟੋਟਲੀ ਥੇਮਜ਼ ਇੱਕ ਟਰੱਸਟ ਦੁਆਰਾ ਆਯੋਜਿਤ ਇੱਕ ਸਾਲਾਨਾ ਤਿਓਹਾਰ ਹੈ ਜੋ 1997 'ਚ ਸ਼ੁਰੂ ਹੋਇਆ ਸੀ। ਇਹ ਤਿਓਹਾਰ ਕਲਾ, ਵਾਤਾਵਰਣ ਸੰਭਾਲ, ਸਭਿਆਚਾਰਕ ਵਿਰਾਸਤ ਅਤੇ ਸਿੱਖਿਆ ਨਾਲ ਸਬੰਧਤ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਥੇਮਜ਼ ਦਰਿਆ ਦੀ ਮਹੱਤਤਾ ਅਤੇ ਅਮੀਰ ਵਿਰਾਸਤ ਨੂੰ ਉਜਾਗਰ ਕਰਦਾ ਹੈ।

# ਕਪੂਰਥਲਾ 'ਚ ਪਰਾਲੀ ਸਾੜਨ 'ਤੇ ਰੋਕ ਲਈ ਵਿਆਪਕ ਯੋਜਨਾ, 499 ਅਧਿਕਾਰੀ ਕਰਨਗੇ ਨਿਗਰਾਨੀ

**ਕਪੂਰਥਲਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਵਾਢੀ ਦੇ ਆਉਣ ਵਾਲੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਰੋਕਣ ਲਈ ਕਪੂਰਥਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਵਿਆਪਕ ਕਾਰਜਯੋਜਨਾ ਤਿਆਰ ਕੀਤੀ ਹੈ। ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਮੁਤਾਬਕ ਯੋਜਨਾ ਦਾ ਕੇਂਦਰ ਵਿਗਿਆਨਕ ਫਸਲੀ ਰਹਿੰਦ-ਖੂੰਹਦ ਪ੍ਰਬੰਧਨ, ਪਿੰਡ ਪੱਧਰੀ ਨਿਗਰਾਨੀ ਅਤੇ ਕਿਸਾਨਾਂ ਨੂੰ ਲਗਾਤਾਰ ਜਾਗਰੂਕ ਕਰਨਾ ਹੈ। ਪ੍ਰਸ਼ਾਸਨ ਵੱਲੋਂ 364 ਨੋਡਲ ਅਫ਼ਸਰ ਅਤੇ 135 ਕਲੱਸਟਰ ਅਫ਼ਸਰ, ਅਰਥਾਤ ਕੁੱਲ 499 ਅਧਿਕਾਰੀ, ਪਿੰਡਾਂ ਅਤੇ ਕਲੱਸਟਰਾਂ ਦੀ ਨਿਗਰਾਨੀ ਲਈ ਤਾਇਨਾਤ ਕੀਤੇ ਜਾਣਗੇ। ਇਹ ਅਧਿਕਾਰੀ ਕਿਸਾਨਾਂ ਨਾਲ ਸੰਪਰਕ ਵਿੱਚ ਰਹਿਣਗੇ, ਸੰਵੇਦਨਸ਼ੀਲ ਖੇਤਰਾਂ ਦੀ ਪਛਾਣ ਕਰਨਗੇ ਅਤੇ ਪਰਾਲੀ ਸਾੜਨ ਦੀ ਸੰਭਾਵਨਾ ਵਾਲੇ ਮਾਮਲਿਆਂ ਵਿੱਚ ਸਮੇਂ ਸਿਰ ਦਖ਼ਲ ਦੇਣਗੇ।

7.5 ਲੱਖ ਟਨ ਪਰਾਲੀ ਦਾ ਪ੍ਰਬੰਧਨ: ਪ੍ਰਸ਼ਾਸਨ ਦੇ ਅਨੁਮਾਨ ਅਨੁਸਾਰ ਇਸ ਸੀਜ਼ਨ ਦੌਰਾਨ ਜ਼ਿਲ੍ਹੇ ਵਿੱਚ ਕਰੀਬ 7.5 ਲੱਖ ਮੀਟ੍ਰਿਕ ਟਨ ਝੋਨੇ ਦੀ ਪਰਾਲੀ ਪੈਦਾ ਹੋਣ ਦੀ ਉਮੀਦ ਹੈ। ਇਸ ਵਿੱਚੋਂ ਲਗਭਗ 2.70 ਲੱਖ ਮੀਟ੍ਰਿਕ ਟਨ ਇਨ-ਸਿਟੂ ਤਰੀਕਿਆਂ ਨਾਲ ਅਤੇ 4.80 ਲੱਖ ਮੀਟ੍ਰਿਕ ਟਨ ਐਕਸ-ਸਿਟੂ ਤਰੀਕਿਆਂ ਨਾਲ ਸੰਭਾਲਣ ਦੀ ਯੋਜਨਾ ਹੈ। ਬਾਕੀ ਰਹਿੰਦ-ਖੂੰਹਦ ਨੂੰ ਇੱਟਾਂ ਦੇ ਭੱਠਿਆਂ, ਬਾਇਲਰਾਂ ਅਤੇ ਹੋਰ ਉਤਪਾਦਕ ਵਰਤੋਂ ਲਈ ਭੇਜਣ ਦਾ ਟੀਚਾ ਰੱਖਿਆ ਗਿਆ ਹੈ। ਕਿਸਾਨਾਂ ਲਈ ਕਸਟਮ ਹਾਇਰਿੰਗ ਸੈਂਟਰਾਂ, ਸਹਿਕਾਰੀ ਸਭਾਵਾਂ ਅਤੇ ਕਿਸਾਨ ਸਮੂਹਾਂ ਰਾਹੀਂ ਲਗਭਗ 4,000 ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ ਉਪਲੱਬਧ ਦੱਸੀਆਂ ਗਈਆਂ ਹਨ। ਇਨ੍ਹਾਂ ਵਿੱਚ ਬੇਲਰ, ਰੇਕ, ਸੁਪਰ ਸੀਡਰ, ਸਮਾਰਟ ਸੀਡਰ, ਜ਼ੀਰੋ ਡ੍ਰਿਲ, ਮਲਚਰ, ਸਟ੍ਰਾਅ ਚੌਪਰ ਅਤੇ ਹੋਰ ਮਸ਼ੀਨਰੀ ਸ਼ਾਮਲ ਹੈ।

ਪਰਾਲੀ ਸਾੜਨ ਦੇ ਵਾਤਾਵਰਣਕ ਪ੍ਰਭਾਵ 'ਤੇ ਵੀ ਜ਼ੋਰ: ਡੀਸੀ ਅਕਾਸ਼ ਬਾਂਸਲ ਨੇ ਕਿਹਾ ਕਿ ਪਰਾਲੀ ਸਾੜਨ ਨਾਲ ਹਵਾ ਪ੍ਰਦੂਸ਼ਣ ਵਧਣ ਦੇ ਨਾਲ ਮਿੱਟੀ ਦੇ ਜ਼ਰੂਰੀ ਪੋਸ਼ਕ ਤੱਤ ਅਤੇ ਲਾਭਦਾਇਕ ਜੀਵ-ਜੰਤੂ ਪ੍ਰਭਾਵਿਤ ਹੁੰਦੇ ਹਨ। ਵਿਗਿਆਨਕ ਰਹਿੰਦ-ਖੂੰਹਦ ਪ੍ਰਬੰਧਨ ਨਾਲ ਪਰਾਲੀ ਨੂੰ ਕੂੜਾ ਸਮਝਣ ਦੀ ਬਜਾਏ ਖੇਤੀਬਾੜੀ ਸਰੋਤ ਵਜੋਂ ਵਰਤਣ ਦੀ ਸੰਭਾਵਨਾ ਬਣਦੀ ਹੈ। ਪ੍ਰਸ਼ਾਸਨ ਨੇ ਖੇਤੀਬਾੜੀ ਵਿਭਾਗ, ਸਥਾਨਕ ਸੰਸਥਾਵਾਂ, ਫੀਲਡ ਅਧਿਕਾਰੀਆਂ ਅਤੇ ਹੋਰ ਭਾਗੀਦਾਰਾਂ ਨਾਲ ਤਾਲਮੇਲ ਕਰਕੇ ਮੁਹਿੰਮ ਚਲਾਉਣ ਅਤੇ ਕਿਸਾਨਾਂ ਨੂੰ ਮਸ਼ੀਨਰੀ ਤੇ ਤਕਨੀਕੀ ਮਾਰਗਦਰਸ਼ਨ ਦੇਣ 'ਤੇ ਜ਼ੋਰ ਦਿੱਤਾ ਹੈ।

# ਪਾਕਿ 'ਚ ਕਾਨੂੰਨਾਂ ਦੇ ਬਾਵਜੂਦ ਔਰਤਾਂ ਅਜੇ ਵੀ ਅਸੁਰੱਖਿਅਤ !

**ਲਾਹੌਰ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ 'ਚ ਬਲਾਤਕਾਰ, ਘਰੇਲੂ ਹਿੰਸਾ, ਜਿਣਸੀ ਉਤਪੀੜਨ, ਜ਼ਬਰਦਸਤੀ ਵਿਆਹ ਅਤੇ ਜਾਇਦਾਦ ਦੇ ਹੱਕਾਂ ਤੋਂ ਵਾਂਝੇ ਰੱਖਣ ਵਿਰੁੱਧ ਕੇਂਦਰੀ ਅਤੇ ਸੂਬਾਈ ਪੱਧਰ 'ਤੇ ਕਈ ਔਰਤ-ਪੱਖੀ ਕਾਨੂੰਨ ਮੌਜੂਦ ਹਨ। ਇਸ ਤੋਂ ਇਲਾਵਾ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਦਰ ਵਧਾਉਣ ਅਤੇ ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਵਿਸ਼ੇਸ਼ ਲਿੰਗ-ਆਧਾਰਤ ਹਿੰਸਾ ਅਦਾਲਤਾਂ ਵੀ ਬਣਾਈਆਂ ਗਈਆਂ ਹਨ। ਹਾਲ ਹੀ 'ਚ ਰਾਵਲਪਿੰਡੀ 'ਚ ਹਿਨਾ ਜਾਵੇਦ ਦਾ ਉਸ ਦੇ ਪਤੀ ਵਲੋਂ ਕੀਤਾ ਗਿਆ ਕਤਲ ਇਹ ਦਰਸਾਉਂਦਾ ਹੈ ਕਿ ਅਜਿਹੀ ਹਿੰਸਾ ਸਮਾਜ ਦੇ ਪੜ੍ਹੇ-ਲਿਖੇ ਹਿੱਸਿਆਂ 'ਚ ਵੀ ਫ਼ੈਲੀ ਹੋਈ ਹੈ ਕਿਉਂਕਿ ਦੋਸ਼ੀ ਇੱਕ ਯੂਨੀਵਰਸਿਟੀ 'ਚ ਅਧਿਆਪਕ ਹੈ। ਔਰਤਾਂ ਵਿਰੁੱਧ ਹਿੰਸਾ ਦਾ ਇਹ ਚੱਕਰ ਕਦੇ ਅਣਖ ਦੇ ਨਾਂ 'ਤੇ ਅਤੇ ਕਦੇ ਅਸ਼ਲੀਲਤਾ ਜਾਂ ਹੋਰ ਬਹਾਨਿਆਂ ਹੇਠ ਲਗਾਤਾਰ ਜਾਰੀ ਹੈ।

ਪਾਕਿਸਤਾਨ ਔਰਤਾਂ ਦੇ ਹੱਕਾਂ ਨਾਲ ਸਬੰਧਤ ਅੰਤਰਰਾਸ਼ਟਰੀ ਸੰਧੀਆਂ ਜਿਵੇਂ ਕਿ ਮਹਿਲਾਵਾਂ ਵਿਰੁੱਧ ਸਾਰੇ ਭੇਦਭਾਵ ਖ਼ਤਮ ਕਰਨ ਦੇ ਸਮਝੌਤੇ ਅਤੇ ਟਾਰਚਰ ਵਿਰੁੱਧ ਸਮਝੌਤੇ ਦਾ ਵੀ ਹਿੱਸਾ ਹੈ। ਇਸ ਦੇ ਬਾਵਜੂਦ ਵੂਮੈੱਨਜ਼ ਪੀਸ ਐਂਡ ਸੈਕਿਓਰਿਟੀ ਇੰਡੈੱਕਸ 2023/24 'ਚ ਪਾਕਿਸਤਾਨ 177 ਦੇਸ਼ਾਂ 'ਚੋਂ 158ਵੇਂ ਸਥਾਨ 'ਤੇ ਸੀ ਜੋ ਕਿ 2025/26 ਦੀ ਰੈਂਕਿੰਗ 'ਚ ਹੋਰ ਨਿਘਾਰ ਨਾਲ 181 ਦੇਸ਼ਾਂ 'ਚੋਂ 169ਵੇਂ ਸਥਾਨ 'ਤੇ ਪਹੁੰਚ ਗਿਆ ਹੈ।

ਔਰਤਾਂ ਵਿਰੁੱਧ ਹਿੰਸਾ ਜਾਰੀ ਰਹਿਣ ਦੇ ਪ੍ਰਮੁੱਖ ਕਾਰਨਾਂ 'ਚ ਕਾਨੂੰਨਾਂ ਦਾ ਕਮਜ਼ੋਰ ਅਮਲ, ਅਦਾਲਤਾਂ 'ਚ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਘੱਟ ਦਰ, ਸਜ਼ਾ ਦੀ ਅਨਿਸ਼ਚਿਤਤਾ, ਇਨਸਾਫ਼ ਤਕ ਸੀਮਿਤ ਪਹੁੰਚ, ਜੱਜਾਂ ਅਤੇ ਸਰਕਾਰੀ ਵਕੀਲਾਂ ਲਈ ਲਿੰਗ-ਸੰਵੇਦਨਸ਼ੀਲ ਸਿਖਲਾਈ ਦੀ ਘਾਟ, ਨੁਕਸਦਾਰ ਜਾਂਚ ਪ੍ਰਕਿਰਿਆ, ਮਹਿਲਾ ਪੁਲੀਸ ਸਟੇਸ਼ਨਾਂ ਦੀ ਘਾਟ ਅਤੇ ਔਰਤਾਂ 'ਚ ਆਪਣੇ ਹੱਕਾਂ ਪ੍ਰਤੀ ਘੱਟ ਜਾਗਰੂਕਤਾ ਸ਼ਾਮਿਲ ਹਨ।

ਇਸ ਸਥਿਤੀ ਨੂੰ ਸੁਧਾਰਨ ਲਈ ਲਿੰਗ-ਆਧਾਰਤ ਹਿੰਸਾ ਨੂੰ ਅਜਿਹਾ ਅਪਰਾਧ ਘੋਸ਼ਿਤ ਕਰਨ ਦੀ ਲੋੜ ਹੈ ਜਿਸ 'ਚ ਪੁਲੀਸ ਮੈਜਿਸਟ੍ਰੇਟ ਦੀ ਪਹਿਲੀ ਮਨਜ਼ੂਰੀ ਤੋਂ ਬਿਨਾਂ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਸਕੇ ਕਿਉਂਕਿ ਮੌਜੂਦਾ ਢਾਂਚੇ 'ਚ ਮੈਜਿਸਟ੍ਰੇਟ ਦੀ ਪਹਿਲਾਂ ਪ੍ਰਵਾਨਗੀ ਦੀ ਲੋੜ ਹੋਣ ਕਰ ਕੇ ਕੇਸ ਦਰਜ ਕਰਨ 'ਚ ਕਾਫ਼ੀ ਦੇਰੀ ਹੁੰਦੀ ਹੈ।

# ਜਨਗਣਨਾ-2027 ਦੇ ਦੂਜੇ ਪੜਾਅ (ਆਬਾਦੀ ਗਣਨਾ) ਸਬੰਧੀ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ ਕਰਵਾਇਆ

**ਸ੍ਰੀ ਫਤਹਿਗੜ੍ਹ ਸਾਹਿਬ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਗਣਨਾ-2027 ਦੇ ਫੇਜ਼-99 (ਆਬਾਦੀ ਦੀ ਗਿਣਤੀ) ਸਬੰਧੀ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ 17 ਤੋਂ 18 ਸਤੰਬਰ 2026 ਤੱਕ ਬੱਚਤ ਭਵਨ, ਫਤਹਿਗੜ੍ਹ ਸਾਹਿਬ ਵਿਖੇ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਜ ਅਫਸਰ ਡਾ. ਸੋਨਾ ਥਿੰਦ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਟ੍ਰੇਨਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ)-ਕਮ-ਵਧੀਕ ਜ਼ਿਲ੍ਹਾ ਸੈਂਸਜ ਅਫਸਰ ਸ਼੍ਰੀਮਤੀ ਅਮਰਬੀਰ ਕੌਰ ਭੁੱਲਰ ਦੀ ਹਾਜ਼ਰੀ ਵਿੱਚ ਜਨਗਣਨਾ ਵਿਭਾਗ, ਪੰਜਾਬ ਤੋ ਸਹਾਇਕ ਡਾਇਰੈਕਟਰ ਸ਼੍ਰੀਮਤੀ ਰੇਨੂੰ ਅਤੇ ਜਿਲਾ ਕੋਆਰਡੀਨੇਟਰ ਸ਼੍ਰੀ ਚੰਨਪ੍ਰੀਤ ਸਿੰਘ ਵੱਲੋਂ ਸਬੰਧਤ ਅਧਿਕਾਰੀ ਅਤੇ ਕਰਮਚਾਰੀਆਂ ਨੂੰ ਜਨਗਣਨਾ-2027 ਦੇ ਫੇਜ਼-99 ਸਬੰਧੀ ਵਿਸਥਾਰਪੂਰਵਕ ਸਿਖਲਾਈ ਦਿੱਤੀ ਗਈ।




ਸਹਾਇਕ ਡਾਇਰੈਕਟਰ ਸ਼੍ਰੀਮਤੀ ਰੇਨੂੰ ਨੇ ਦੱਸਿਆ ਕਿ ਇਹ ਜਨਗਣਨਾ ਪਹਿਲੀ ਵਾਰ ਡਿਜ਼ੀਟਲ ਮੋਡ ਵਿੱਚ ਕੀਤੀ ਜਾ ਰਹੀ ਹੈ।ਇਸ ਜਨਗਣਨਾ ਵਿੱਚ 'ਸੈਲਫ ਇਨੁਮੀਰੇਸ਼ਨ' ਦੇ ਕੰਮ ਵਜੋਂ ਪਹਿਲ ਕੀਤੀ ਗਈ, ਜਿਸ ਵਿੱਚ ਕੋਈ ਵੀ ਨਾਗਰਿਕ ਆਪਣੇ ਘਰ ਦੀ ਗਿਣਤੀ ਮਿਤੀ 16 ਨਵੰਬਰ 2026 ਤੋਂ 30 ਨਵੰਬਰ 2026 ਤੱਕ ਆਪ ਕਰ ਸਕਦਾ ਹੈ। ਇਸ ਉਪਰੰਤ ਜਨਗਣਨਾ ਦੇ ਦੂਜੇ ਪੜਾਅ ਤਹਿਤ 01 ਦਸੰਬਰ 2026 ਤੋਂ 04 ਜਨਵਰੀ 2027 ਤੱਕ ਜਨਗਣਨਾ ਕੀਤੀ ਜਾਣੀ ਹੈ, ਜਿਸ ਵਿੱਚ ਇਨੁਮੀਰੇਟਰ ਲੋਕਾਂ ਦੇ ਘਰ-ਘਰ ਜਾ ਕੇ ਜਨਗਣਨਾ ਦਾ ਕੰਮ ਕਰਨਗੇ ਅਤੇ ਨਾਗਰਿਕਾਂ ਨੂੰ 40 ਸਵਾਲ ਪੁੱਛੇ ਜਾਣਗੇ।

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਕਰਵਾਏ ਜਾ ਰਹੇ ਜਨਗਣਨਾ ਦੇ ਇਸ ਕੰਮ ਵਿਚ ਪੂਰਨ ਸਹਿਯੋਗ ਕਰਨ। ਇਸ ਟ੍ਰੇਨਿੰਗ ਵਿਚ ਦਫਤਰ ਉਪ ਅਰਥ ਅਤੇ ਅੰਕੜਾ ਸਲਾਹਕਾਰ ਵਲੋਂ ਸਹਾਇਕ ਖੋਜ ਅਫਸਰ ਹਰਮਨਦੀਪ ਕੌਰ, ਇਕਬਾਲ ਸਿੰਘ, ਅਮਨਿੰਦਰ ਸਿੰਘ, ਮਨੀਸ਼ ਕੁਮਾਰ ਅਤੇ ਸਮੂਹ ਚਾਰਜ ਅਫਸਰਾ ਤਹਿਸੀਲਦਾਰਾਂ, ਨਗਰ ਕੌਸਲਾਂ/ਨਗਰ ਪੰਚਾਇਤਾਂ ਦੇ ਕਾਰਜਸਾਧਕ ਅਫਸਰਾਂ ਅਤੇ ਸਬੰਧਤ ਚਾਰਜ ਅਫਸਰਾ ਦੇ ਕਲਰਕ ਅਤੇ ਤਕਨੀਕੀ ਸਹਾਇਕ ਹਾਜਰ ਸਨ।

# ਹਲਕਾ ਸਨੌਰ 'ਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਸ਼ੇਸ਼ ਸਮਾਗਮ, ਐਸ.ਡੀ.ਐਮ. ਅਤੇ ਡੀ.ਐਸ.ਪੀ. ਸਮੇਤ ਸਰਪੰਚ ਤੇ ਆਗੂ ਵੀ ਰਹੇ ਮੌਜੂਦ

**ਸਨੌਰ,23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ-ਮੁਕਤ ਅਤੇ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਹਲਕਾ ਸਨੌਰ ਦੇ ਦੇਵੀਗੜ੍ਹ ਵਿਖੇ ਇੱਕ ਨਿਜੀ ਪੈਲੇਸ ਵਿੱਚ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਹਲਕੇ ਦੇ ਸਮੂਹ ਸਰਪੰਚਾਂ (ਕਨਵੀਨਰਾਂ), ਐਕਟਿਵ ਪ੍ਰੈਸੀਡੈਂਟਾਂ ਅਤੇ ਪਾਰਟੀ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ, ਜਦਕਿ ਪ੍ਰਸ਼ਾਸਨ ਵੱਲੋਂ ਐਸ.ਡੀ.ਐਮ. ਹਰਜੋਤ ਕੌਰ ਅਤੇ ਡੀ.ਐਸ.ਪੀ. ਰਣਬੀਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਸੰਬੋਧਨ ਕਰਦਿਆਂ ਪੰਜਾਬ ਦੀ ਨੌਜਵਾਨੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਨਹਿਰੀ ਭਵਿੱਖ ਨੂੰ ਬਚਾਉਣ ਲਈ ਪ੍ਰਸ਼ਾਸਨ ਤੇ ਲੋਕਾਂ ਨੂੰ ਇਕਜੁੱਟ ਹੋ ਕੇ ਹੰਭਲਾ ਮਾਰਨ ਦਾ ਸੱਦਾ ਦਿੱਤਾ।



ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਇਹ ਸਿਰਫ਼ ਕੋਈ ਰਸਮੀ ਮੀਟਿੰਗ ਨਹੀਂ, ਸਗੋਂ ਪੰਜਾਬ ਦੀ ਹੋਂਦ ਨੂੰ ਬਚਾਉਣ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਨਸ਼ਾ ਘਰਾਂ ਦੇ ਚਿਰਾਗ਼ ਬੁਝਾ ਰਿਹਾ ਹੈ ਅਤੇ ਜਦੋਂ ਤੱਕ ਸਮਾਜ ਦਾ ਹਰ ਵਰਗ ਪ੍ਰਸ਼ਾਸਨ ਦੇ ਨਾਲ ਮਿਲ ਕੇ ਅੱਗੇ ਨਹੀਂ ਆਉਂਦਾ, ਓਦੋਂ ਤੱਕ ਇਸ ਅਲਾਮਤ ਨੂੰ ਜੜ੍ਹੋਂ ਨਹੀਂ ਪੁੱਟਿਆ ਜਾ ਸਕਦਾ। ਹਡਾਣਾ ਨੇ ਹਲਕੇ ਦੇ ਸਮੂਹ ਸਰਪੰਚਾਂ ਅਤੇ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਪਿੰਡ ਪੱਧਰ 'ਤੇ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾਵੇ। ਉਨ੍ਹਾਂ ਸਖ਼ਤ ਚਿਤਾਵਨੀ ਦਿੱਤੀ ਕਿ ਮਾਨ ਸਰਕਾਰ ਦਾ ਸਟੈਂਡ ਬਿਲਕੁਲ ਸਪੱਸ਼ਟ ਹੈ ਕਿ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲਾ ਵਿਅਕਤੀ ਭਾਵੇਂ ਜਿੰਨੀ ਮਰਜ਼ੀ ਪਹੁੰਚ ਵਾਲਾ ਹੋਵੇ, ਉਸ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਹਡਾਣਾ ਨੇ ਅੱਗੇ ਕਿਹਾ ਕਿ ਪੁਲਿਸ-ਪ੍ਰਸ਼ਾਸਨ ਅਤੇ ਪਿੰਡਾਂ ਦੀਆਂ ਪੰਚਾਇਤਾਂ ਆਪਸੀ ਤਾਲਮੇਲ ਨਾਲ ਨਿਗਰਾਨ ਕਮੇਟੀਆਂ ਬਣਾਉਣ। ਉਨ੍ਹਾਂ ਜ਼ੋਰ ਦਿੱਤਾ ਕਿ ਭਟਕ ਕੇ ਨਸ਼ੇ ਦੇ ਜਾਲ ਵਿੱਚ ਫਸ ਚੁੱਕੇ ਨੌਜਵਾਨਾਂ ਨਾਲ ਨਫ਼ਰਤ ਕਰਨ ਦੀ ਬਜਾਏ ਉਨ੍ਹਾਂ ਦਾ ਸਹੀ ਇਲਾਜ ਕਰਵਾ ਕੇ ਮੁੱਖ ਧਾਰਾ ਵਿੱਚ ਲਿਆਂਦਾ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਹਲਕੇ ਦੇ ਸਕੂਲਾਂ ਵਿੱਚ ਬਿਹਤਰ ਸੁਵਿਧਾਵਾਂ, ਖੇਡ ਮੈਦਾਨਾਂ ਦੀ ਉਸਾਰੀ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੀ ਹੈ ਤਾਂ ਜੋ ਨੌਜਵਾਨਾਂ ਦੀ ਊਰਜਾ ਸਹੀ ਪਾਸੇ ਲੱਗੇ। ਇਸ ਮੌਕੇ ਐਸ.ਡੀ.ਐਮ. ਡੀ.ਐਸ.ਪੀ., ਸਮੂਹ ਪੰਚਾਇਤੀ ਨੁਮਾਇੰਦਿਆਂ ਅਤੇ ਆਗੂਆਂ ਨੇ ਹਲਕਾ ਸਨੌਰ ਦੇ ਹਰ ਪਿੰਡ ਅਤੇ ਗਲੀ ਨੂੰ ਨਸ਼ਾ-ਮੁਕਤ ਕਰਨ ਦਾ ਸਾਂਝਾ ਪ੍ਰਣ ਲਿਆ। ਇਸ ਮੌਕੇ ਚੈਅਰਮੈਨ ਬਲਦੇਵ ਸਿੰਘ ਦੇਵੀਗੜ੍ਹ, ਚੈਅਰਮੈਨ ਹੈਪੀ ਪਹਾੜੀਪੁਰ, ਚੈਅਰਮੈਨ ਚਰਨਜੀਤ ਸਿੰਘ ਨੈਣਾ, ਚੇਅਰਮੈਨ ਹਨੀ ਮਾਹਲਾ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਘੁੰਮਣ, ਵਾਈਸ ਚੇਅਰਮੈਨ ਸਿਮਰਜੀਤ ਸਿੰਘ ਸੋਹਲ, ਨਸ਼ਾ ਮੁਕਤੀ ਮੋਰਚਾ ਤੋਂ ਬਲਜਿੰਦਰ ਸਰਾਓ ਜਿਲ੍ਹਾ ਕੋਆਰਡੀਨੇਟਰ, ਗੁਰਮੀਤ ਸਿੰਘ ਪੰਜੋਲਾ ਹਲਕਾ ਕੋਆਰਡੀਨੇਟਰ , ਵਾਈਸ ਹਲਕਾ ਕੋਆਰਡੀਨੇਟਰ ਗੁਰਮੀਤ ਅਸਰਪੁਰ, ਵਾਈਸ ਹਲਕਾ ਕੋਆਰਡੀਨੇਟਰ ਮਦਨ ਲਾਲ, ਸੀਨੀਅਰ ਵਾਈਸ ਪ੍ਰਧਾਨ ਯੁਵਰਾਜ ਸਿੰਘ, ਸਰਪੰਚ ਰਾਜਾ ਧੰਜੂ, ਮੀਤ ਪ੍ਰਧਾਨ ਲਖਵੀਰ ਸਿੰਘ ਦੇਵੀਗੜ੍ਹ, ਜਿਲ੍ਹਾ ਪ੍ਰਧਾਨ ਬੀ ਸੀ ਵਿੰਗ ਮਨਿੰਦਰ ਫ੍ਰਾਂਸਵਾਲਾ, ਮੈਂਬਰ ਜਿਲ੍ਹਾ ਪ੍ਰੀਸ਼ਦ ਰਾਮ ਇੰਦਰ ਸਿੰਘ ਜਮਨਾ, ਸਰਪੰਚ ਬਲਵਿੰਦਰ ਕੌਰ, ਸਰਪੰਚ ਗੁਰਪ੍ਰੀਤ ਸਿੰਘ, ਮੈਂਬਰ ਬਲਾਕ ਸੰਮਤੀ ਭੂਸ਼ਣ, ਬਲਾਕ ਪ੍ਰਧਾਨ ਅਮਨ ਸ਼ਾਦੀਪੁਰ, ਵੀ ਡੀ ਸੀ ਦੇ ਸਾਰੇ ਆਗੂ ਤੇ ਹੋਰ ਮੈਂਬਰ ਸਹਿਬਾਨਾਂ ਤੋਂ ਇਲਾਵਾ ਸੈਂਕੜੇ ਸਰਪੰਚ-ਪੰਚ, ਬਲਾਕ ਪ੍ਰਧਾਨ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ‘ਹਮਾਰੇ ਰਾਮ’ ਨਾਟਕ ਦੇ ਦਿਲਕਸ਼ ਮੰਚਨ ਨੇ ਕੀਲੇ ਪਟਿਆਲਾ ਵਾਸੀ

## ਭਗਵੰਤ ਮਾਨ ਸਰਕਾਰ ਵੱਲੋਂ ਸੱਚ, ਧਰਮ, ਦਇਆ ਤੇ ਏਕਤਾ ਦਾ ਸੰਦੇਸ਼ ਫੈਲਾਉਣ ਸਮੇਤ ਸਨਾਤਨ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਉਪਰਾਲਾ : ਡਾ. ਬਲਬੀਰ ਸਿੰਘ



**ਪਟਿਆਲਾ, 23 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਭਗਵਾਨ ਸ੍ਰੀ ਰਾਮ ਦੇ ਸਦੀਵੀ ਉਪਦੇਸ਼ਾਂ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਉਦੇਸ਼ ਨਾਲ ਕਰਵਾਏ ਜਾ ਰਹੇ ਪ੍ਰਸਿੱਧ ਨਾਟਕ ’ਹਮਾਰੇ ਰਾਮ’ ਦੇ ਪਟਿਆਲਾ ਵਿਖੇ ਪਹਿਲੇ ਦਿਨ ਮੰਚਨ ਮੌਕੇ ਵਿਲੱਖਣ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਇਸ ਨਾਟਕ ਵਿੱਚ ਮਸ਼ਹੂਰ ਅਦਾਕਾਰ ਆਸ਼ੂਤੋਸ਼ ਰਾਣਾ ਨੇ ਮੁੱਖ ਭੂਮਿਕਾ ਵਿੱਚ ਦਮਦਾਰ ਅਦਾਕਾਰੀ ਪੇਸ਼ ਕੀਤੀ।

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਰਾਜੀਵ ਗਾਂਧੀ ਨੈਸ਼ਨਲ ਯੂਨੀਵਰਸਿਟੀ ਆਫ ਲਾਅ ਵਿਖੇ ਵੱਡੀ ਗਿਣਤੀ ਪੁੱਜੇ ਦਰਸ਼ਕਾਂ ਨਾਲ ਸ਼ਾਮਲ ਹੋਏ। ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਓਐਸਡੀ ਸ਼ਹਿਰੀ ਵਿਕਾਸ ਮੁਕਿਲਨ ਆਰ, ਏਡੀਸੀ ਦਮਨਜੀਤ ਸਿੰਘ ਮਾਨ, ਕਰਨਲ ਜੇ.ਵੀ, ਜਸਬੀਰ ਸਿੰਘ ਗਾਂਧੀ ਸਮੇਤ ਵੱਡੀ ਗਿਣਤੀ ਦਰਸ਼ਕ ਹਾਜ਼ਰ ਸਨ।

ਸਿਹਤ ਮੰਤਰੀ ਨੇ ਦੱਸਿਆ ਕਿ ਇਹ ਸ਼ੋਅ ਪੰਜਾਬ ਸਰਕਾਰ ਵੱਲੋਂ ਰਾਜ ਭਰ ਵਿੱਚ ਲੋਕਾਂ ਲਈ ਮੁਫ਼ਤ ਕਰਵਾਏ ਜਾ ਰਹੇ 41 ਥੀਏਟਰ ਸ਼ੋਅ ਦੀ ਸੂਬਾ ਪੱਧਰੀ ਸੱਭਿਆਚਾਰਕ ਮੁਹਿੰਮ ਦਾ ਹਿੱਸਾ ਹੈ, ਤਾਂ ਜੋ ਸਮਾਜ ਦੇ ਹਰ ਵਰਗ ਦੇ ਲੋਕ ਭਗਵਾਨ ਸ੍ਰੀ ਰਾਮ ਦੇ ਜੀਵਨ ਅਤੇ ਆਦਰਸ਼ਾਂ ਤੋਂ ਪ੍ਰੇਰਨਾ ਲੈ ਸਕਣ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਥੀਏਟਰ ਦੇ ਪ੍ਰਭਾਵਸ਼ਾਲੀ ਮਾਧਿਅਮ ਰਾਹੀਂ ਸੱਚ, ਧਰਮ, ਦਇਆ ਅਤੇ ਏਕਤਾ ਦਾ ਸੰਦੇਸ਼ ਫੈਲਾਉਣ ਦੇ ਨਾਲ-ਨਾਲ ਸਨਾਤਨ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਲਈ ਅਹਿਮ ਉਪਰਾਲਾ ਕੀਤਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਰਵਾਇਤੀ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਇਹ ਉਪਰਾਲਾ ਭਗਵਾਨ ਸ੍ਰੀ ਰਾਮ ਦੇ ਸਦੀਵੀ ਉਪਦੇਸ਼ਾਂ ਅਤੇ ਆਦਰਸ਼ਾਂ ਨੂੰ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ 19 ਸਤੰਬਰ ਨੂੰ ਵੀ ਇੱਥੇ ਦੋ ਸ਼ੋਅ ਹੋਰ ਕਰਵਾਏ ਜਾਣਗੇ।

ਸਿਹਤ ਮੰਤਰੀ ਨੇ ਦੱਸਿਆ ਕਿ ਇਸ ਨਾਟਕ ਦੀ ਖਾਸ ਗੱਲ ਇਹ ਹੈ ਕਿ ਕੌਮਾਂਤਰੀ ਪੱਧਰ ’ਤੇ ਮਸ਼ਹੂਰ ਅਦਾਕਾਰ ਆਸ਼ੂਤੋਸ਼ ਰਾਣਾ ਇਸ ਸ਼ੋਅ ਦਾ ਮੁੱਖ ਆਕਰਸ਼ਨ ਹਨ, ਜਿਨ੍ਹਾਂ ਦੀ ਦਮਦਾਰ ਅਦਾਕਾਰੀ ਇਸ ਸ਼ੋਅ ਦੀ ਖਿੱਚ ਨੂੰ ਹੋਰ ਵਧਾਉਂਦੀ ਹੈ।

ਉਨ੍ਹਾਂ ਕਿਹਾ, ਸੂਬਾ ਸਰਕਾਰ ਰਾਮਾਇਣ ਦੇ ਇਤਿਹਾਸਕ ਮਹਾਂਕਾਵਿ ਰਾਹੀਂ ਸਨਾਤਨ ਧਰਮ ਦੇ ਸਦੀਵੀ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵਚਨਬੱਧ ਹੈ।

ਉਨ੍ਹਾਂ ਅੱਗੇ ਕਿਹਾ, ਭਗਵੰਤ ਮਾਨ ਸਰਕਾਰ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਕਿ ਅਜਿਹੇ ਪ੍ਰੋਗਰਾਮ ਸਨਾਤਨ ਧਰਮ ਦੀਆਂ ਸਿੱਖਿਆਵਾਂ ਨੂੰ ਲੋਕਾਂ ਦੇ ਨੇੜੇ ਲੈ ਕੇ ਜਾਣ ਅਤੇ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਸਦੀਵੀ ਕਦਰਾਂ-ਕੀਮਤਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨ।

# ਸ਼ਰਧਾਲੂਆਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਵਿਧਾਇਕ ਕੋਹਲੀ ਨੇ ਤੀਰਥ ਯਾਤਰਾ ਬੱਸ ਕੀਤੀ ਰਵਾਨਾ



**ਪਟਿਆਲਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਟਿਆਲਾ ਤੋਂ ਸ਼ਰਧਾਲੂਆਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਲੈ ਕੇ ਜਾਣ ਵਾਲੀ ਬੱਸ ਨੂੰ ਅੱਜ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸਫ਼ਾਬਾਦੀ ਗੇਟ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਦੌਰਾਨ ਹਲਕਾ ਕੋਆਰਡੀਨੇਟਰ ਹਰਵਿੰਦਰਪਾਲ ਸਿੰਘ ਵਿੰਟੀ ਵੀ ਮੌਜੂਦ ਰਹੇ।

ਵਿਧਾਇਕ ਕੋਹਲੀ ਨੇ ਕਿਹਾ ਕਿ ਤੀਰਥ ਯਾਤਰਾ ਲਈ ਰਵਾਨਾ ਹੋਈ ਇਹ ਬੱਸ ਹਰਿਦੁਆਰ ਅਤੇ ਰਿਸ਼ੀਕੇਸ਼ ਦੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਵਾਏਗੀ। ਉਨ੍ਹਾਂ ਦੱਸਿਆ ਕਿ ਯਾਤਰਾ ਨਾਲ ਸਬੰਧਤ ਸਾਰਾ ਖਰਚਾ ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਸ਼ਰਧਾਲੂਆਂ ਤੋਂ ਕਿਸੇ ਤਰ੍ਹਾਂ ਦੀ ਕੋਈ ਰਕਮ ਨਹੀਂ ਲਈ ਜਾ ਰਹੀ। ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਹੁਣ ਤੱਕ ਵੱਡੀ ਗਿਣਤੀ ਵਿੱਚ ਸ਼ਰਧਾਲੂ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨ ਕਰ ਚੁੱਕੇ ਹਨ ਅਤੇ ਲਗਾਤਾਰ ਲੋਕ ਇਸ ਯਾਤਰਾ ਦਾ ਲਾਭ ਲੈਣ ਲਈ ਆਪਣੇ ਇਲਾਕੇ ਦੇ ਆਗੂਆਂ ਨਾਲ ਸੰਪਰਕ ਕਰ ਰਹੇ ਹਨ।

ਬੱਸ ਰਵਾਨਾ ਹੋਣ ਮੌਕੇ ਸ਼ਰਧਾਲੂਆਂ ਵਿੱਚ ਖਾਸਾ ਉਤਸ਼ਾਹ ਨਜ਼ਰ ਆਇਆ। ਯਾਤਰਾ ’ਤੇ ਜਾ ਰਹੀਆਂ ਸੰਗਤਾਂ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਰਾਹੀਂ ਲੋਕਾਂ ਨੂੰ ਦੇਸ਼ ਦੇ ਵੱਖ-ਵੱਖ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਦਾ ਸੁਖਦ ਮੌਕਾ ਮਿਲ ਰਿਹਾ ਹੈ।

ਵਿਧਾਇਕ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਲੋਕਾਂ ਦੀ ਭਲਾਈ ਅਤੇ ਉਨ੍ਹਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਨਿਰੰਤਰ ਕਾਰਜ ਕਰ ਰਹੀ ਹੈ।

ਅੰਤ ਵਿੱਚ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਯਾਤਰਾ ’ਤੇ ਰਵਾਨਾ ਹੋਏ ਸਾਰੇ ਸ਼ਰਧਾਲੂਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੀ ਯਾਤਰਾ ਸੁਖਦ ਤੇ ਮੰਗਲਮਈ ਹੋਣ ਦੀ ਕਾਮਨਾ ਕੀਤੀ। ਇਸ ਮੌਕੇ ਸ਼ਰਧਾਲੂਆਂ ਵੱਲੋਂ ਵੀ ਪੰਜਾਬ ਸਰਕਾਰ ਦੇ ਇਸ ਉਪਰਾਲੇ ਲਈ ਧੰਨਵਾਦ ਪ੍ਰਗਟ ਕੀਤਾ ਗਿਆ।

# ਪੀਐਸਪੀਸੀਐਲ ਤੇ ਪੀਐਸਟੀਸੀਐਲ ਦੇ ਨਵੇਂ ਚੇਅਰਮੈਨ ਆਈਏਐਸ ਗੁਰਕੀਰਤ ਕਿਰਪਾਲ ਸਿੰਘ ਨੇ ਕੀਤੀ ਪਲੇਠੀ ਮੀਟਿੰਗ



**ਪਟਿਆਲਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਅਤੇ ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ (ਪੀਐਸਟੀਸੀਐਲ) ਦੇ ਨਵ-ਨਿਯੁਕਤ ਚੇਅਰਮੈਨ ਆਈਏਐਸ ਗੁਰਕੀਰਤ ਕਿਰਪਾਲ ਸਿੰਘ ਨੇ ਅੱਜ ਪਟਿਆਲਾ ਸਥਿਤ ਬਿਜਲੀ ਨਿਗਮ ਦੇ ਮੁੱਖ ਦਫ਼ਤਰ ਵਿਖੇ ਪਹੁੰਚ ਕੇ ਦੋਵੇਂ ਕਾਰਪੋਰੇਸ਼ਨਾਂ ਦੇ ਡਾਇਰੈਕਟਰਾਂ ਅਤੇ ਸੀਨੀਅਰ ਅਧਿਕਾਰੀਆਂ ਨਾਲ ਪਲੇਠੀ ਮੀਟਿੰਗ ਕੀਤੀ। ਇਸ ਮੌਕੇ ਡਾਇਰੈਕਟਰ ਵੰਡ ਇੰਜ. ਇੰਦਰਪਾਲ ਸਿੰਘ, ਡਾਇਰੈਕਟਰ ਜਨਰੇਸ਼ਨ ਇੰਜ. ਪੁਨਰਦੀਪ ਸਿੰਘ ਬਰਾੜ, ਡਾਇਰੈਕਟਰ ਕਮਰਸ਼ੀਅਲ ਇੰਜ. ਹਰਸ਼ਰਨ ਕੌਰ ਤ੍ਰੇਹਨ, ਡਾਇਰੈਕਟਰ ਵਿੱਤ ਪੀਐਸਟੀਸੀਐਲ ਸੀ.ਏ. ਵਿਨੋਦ ਬਾਂਸਲ ਅਤੇ ਪੀਐਸਪੀਸੀਐਲ ਦੇ ਹੈੱਡ ਆਫ਼ ਦਿ ਡਿਪਾਰਟਮੈਂਟਸ ਉਨ੍ਹਾਂ ਦੇ ਸਵਾਗਤ ਲਈ ਮੌਜੂਦ ਸਨ।

ਮੀਟਿੰਗ ਦੌਰਾਨ ਚੇਅਰਮੈਨ ਨੇ ਪੀਐਸਪੀਸੀਐਲ ਅਤੇ ਪੀਐਸਟੀਸੀਐਲ ਦੇ ਕੰਮਕਾਜ ਦੀ ਮੌਜੂਦਾ ਸਥਿਤੀ ਦਾ ਵਿਸਥਾਰਪੂਰਵਕ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਸੂਬੇ ਵਿੱਚ ਬਿਜਲੀ ਦੀ ਮੰਗ ਅਤੇ ਸਪਲਾਈ, ਬਿਜਲੀ ਉਤਪਾਦਨ, ਪਾਵਰ ਪਰਚੇਜ਼, ਮੌਜੂਦਾ ਥਰਮਲ ਪਲਾਂਟਾਂ ਦੀ ਕਾਰਗੁਜ਼ਾਰੀ, ਕੋਲੇ ਦੀ ਉਪਲਬਧਤਾ, ਟਰਾਂਸਮਿਸ਼ਨ ਅਤੇ ਸਪਲਾਈ ਪ੍ਰਬੰਧਾਂ ਤੋਂ ਇਲਾਵਾ ਬਿਜਲੀ ਬਿੱਲਾਂ ਸਮੇਤ ਵੱਖ-ਵੱਖ ਅਹਿਮ ਮੁੱਦਿਆਂ ਬਾਰੇ ਅਧਿਕਾਰੀਆਂ ਤੋਂ ਜਾਣਕਾਰੀ ਹਾਸਲ ਕੀਤੀ।

ਚੇਅਰਮੈਨ ਨੇ ਸਪੱਸ਼ਟ ਕੀਤਾ ਕਿ ਪੰਜਾਬ ਦੇ ਘਰੇਲੂ ਅਤੇ ਵਪਾਰਕ ਬਿਜਲੀ ਖਪਤਕਾਰਾਂ ਨੂੰ ਨਿਰਵਿਘਨ ਅਤੇ ਭਰੋਸੇਯੋਗ ਬਿਜਲੀ ਸਪਲਾਈ ਮੁਹੱਈਆ ਕਰਵਾਉਣਾ ਬਿਜਲੀ ਨਿਗਮ ਦੀ ਮੁੱਖ ਤਰਜੀਹ ਹੈ। ਇਸ ਦੇ ਨਾਲ ਹੀ ਕਿਸਾਨਾਂ ਨੂੰ ਨਿਰਧਾਰਤ ਸਮੇਂ ਅਨੁਸਾਰ 8 ਘੰਟੇ ਨਿਰਵਿਘਨ ਖੇਤੀਬਾੜੀ ਬਿਜਲੀ ਸਪਲਾਈ ਯਕੀਨੀ ਬਣਾਉਣਾ ਵੀ ਬਿਜਲੀ ਨਿਗਮ ਦੀ ਅਹਿਮ ਜ਼ਿੰਮੇਵਾਰੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਵਿੱਚ ਬਿਜਲੀ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਬਿਜਲੀ ਉਤਪਾਦਨ, ਟਰਾਂਸਮਿਸ਼ਨ ਅਤੇ ਸਪਲਾਈ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਅਤੇ ਸੁਚਾਰੂ ਬਣਾਉਣ ਲਈ ਲੋੜੀਂਦੇ ਪ੍ਰਬੰਧ ਯਕੀਨੀ ਬਣਾਏ ਜਾਣ। ਇਸ ਦੇ ਨਾਲ ਹੀ ਮੌਜੂਦਾ ਥਰਮਲ ਪਲਾਂਟਾਂ ਦੀ ਕਾਰਗੁਜ਼ਾਰੀ, ਕੋਲੇ ਦੀ ਉਪਲਬਧਤਾ ਅਤੇ ਪਾਵਰ ਪਰਚੇਜ਼ ਦੀ ਸਥਿਤੀ ’ਤੇ ਨਿਰੰਤਰ ਨਿਗਰਾਨੀ ਰੱਖਣ ਦੇ ਨਿਰਦੇਸ਼ ਦਿੱਤੇ ਗਏ।

ਚੇਅਰਮੈਨ ਨੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਘਰੇਲੂ, ਖੇਤੀਬਾੜੀ ਅਤੇ ਵਪਾਰਕ ਬਿਜਲੀ ਸਪਲਾਈ ਨਾਲ ਸਬੰਧਤ ਕਿਸੇ ਵੀ ਸਮੱਸਿਆ ਦਾ ਤੁਰੰਤ ਹੱਲ ਯਕੀਨੀ ਬਣਾਇਆ ਜਾਵੇ ਅਤੇ ਫੀਲਡ ਪੱਧਰ ’ਤੇ ਨਿਗਰਾਨੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਅਤੇ ਬਿਜਲੀ ਸੇਵਾਵਾਂ ਦੀ ਗੁਣਵੱਤਾ ਵਿੱਚ ਲਗਾਤਾਰ ਸੁਧਾਰ ਲਈ ਸਰਗਰਮ ਭੂਮਿਕਾ ਨਿਭਾਉਣ ਲਈ ਵੀ ਆਖਿਆ।

ਇਸ ਮੌਕੇ ਉਨ੍ਹਾਂ ਨੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਹਰ ਸੁਝਾਅ ਦਾ ਹਮੇਸ਼ਾਂ ਹੀ ਸਵਾਗਤ ਕੀਤਾ ਜਾਵੇਗਾ ਅਤੇ ਮੀਡੀਆ ਸਾਥੀ ਉਨ੍ਹਾਂ ਨੂੰ ਕਿਸੇ ਵੀ ਸਮੇਂ ਉਨ੍ਹਾਂ ਦੇ ਦਫ਼ਤਰ ਆ ਕੇ ਮਿਲ ਸਕਦੇ ਹਨ।

ਇਸ ਦੇ ਨਾਲ ਹੀ ਉਨ੍ਹਾਂ ਨੇ ਸੋਸ਼ਲ ਮੀਡੀਆ ਦੀ ਮਹੱਤਤਾ ’ਤੇ ਵੀ ਜ਼ੋਰ ਦਿੱਤਾ ਅਤੇ ਪੀਐਸਪੀਸੀਐਲ ਦੀਆਂ ਨਵੀਆਂ ਪਹਿਲਕਦਮੀਆਂ ਅਤੇ ਸਰਕਾਰੀ ਨੀਤੀਆਂ ਬਾਰੇ ਸਹੀ ਅਤੇ ਸਮੇਂ ਸਿਰ ਜਾਣਕਾਰੀ ਲਈ ਖਪਤਕਾਰਾਂ ਨੂੰ ਪੀਐਸਪੀਸੀਐਲ ਦੇ ਸੋਸ਼ਲ ਮੀਡੀਆ ਹੈਂਡਲਜ਼ ਨੂੰ Facebook, Instagram, X ਅਤੇ YouTube ’ਤੇ ਫਾਲੋ ਕਰਨ ਲਈ ਪ੍ਰੇਰਿਤ ਕੀਤਾ।

ਮੀਟਿੰਗ ਦੇ ਅੰਤ ਵਿੱਚ ਚੇਅਰਮੈਨ ਨੇ ਦੋਵੇਂ ਕਾਰਪੋਰੇਸ਼ਨਾਂ ਦੇ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਦਿਆਂ ਬਿਜਲੀ ਪ੍ਰਬੰਧਾਂ ਨੂੰ ਹੋਰ ਸੁਚਾਰੂ ਬਣਾਉਣ ਅਤੇ ਖਪਤਕਾਰਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਲਈ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।

# ਸਰਕਾਰ ਦੀਆਂ ਮਾੜੀਆਂ ਨੀਤੀਆਂ ਪੰਜਾਬ ਪੰਜਾਬ ਨੂੰ ਲੈ ਡੋਬੀਆਂ : ਭਾਨਰੀ



**ਪਟਿਆਲਾ, 23 ਸਤੰਬਰ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਸਰਕਾਰ ਦੀਆਂ ਮਾੜੀਆਂ ਨੀਤੀਆਂ ਸੂਬੇ ਨੂੰ ਲੈ ਡੋਬੀਆਂ ਹਨ ਜਿਸ ਕਾਰਨ ਅੱਜ ਪੰਜਾਬ ਵੈਂਟੀਲੇਟਰ ਤੇ ਆ ਗਿਆ ਹੈ ਕਿਉਂਕਿ ਜਿਹੜੇ ਸੂਬੇ ਸਿਰ ਕਰਜ਼ੇ ਦੀ ਪੰਡ ਭਾਰੀ ਹੋ ਜਾਵੇ ਉਸ ਨੂੰ ਮੁੜ ਤੋਂ ਉੱਠਣਾ ਬਹੁਤ ਹੀ ਮੁਸ਼ਕਿਲ ਹੈ ਜਿਸ ਕਾਰਨ ਸਰਕਾਰ ਦੀਆਂ ਮਾੜੀਆਂ ਨੀਤੀਆਂ ਸੂਬੇ ਤੇ ਆਮ ਲੋਕਾਂ ਨੂੰ ਵੀ ਲੈ ਡੁਬਦੀਆਂ ਹਨ ਜਿਸ ਦਾ ਖਮਿਆਜਾ ਪੰਜਾਬ ਦੇ ਲੋਕਾਂ ਨੂੰ ਭੁਗਤਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਮਾਣਾ ਹਲਕੇ ਦੇ ਕੋਆਰਡੀਨੇਟਰ ਗੁਰਧਿਆਨ ਸਿੰਘ ਭਾਨਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਉਹਨਾਂ ਕਿਹਾ ਕਿ ਅੱਜ ਪੰਜਾਬ ਦੇ ਹਾਲਾਤ ਮਾੜੇ ਹਨ ਜਿੱਥੇ ਦਿਨ ਦਿਹਾੜੇ ਲੁੱਟਾਂ ਖੋਹਾਂ ਕਤਲੇਆਮ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ ਜਿਸ ਵੱਲ ਸਰਕਾਰ ਦੀ ਕੋਈ ਨਿਗਾ ਨਹੀਂ ਇਹਨਾਂ ਵਾਰਦਾਤਾਂ ਤੋਂ ਸਾਫ ਝਲਕਦਾ ਹੈ ਕਿ ਸੂਬੇ ਅੰਦਰ ਲਾ ਇਨ ਆਰਡਰ ਦੀ ਹਾਲਤ ਬਿਲਕੁਲ ਖਸਤਾ ਹੋ ਚੁੱਕੀ ਹੈ। ਜਿਸ ਕਰਕੇ ਦਿਨ ਦਿਹਾੜੇ ਹੀ ਸ਼ਰੇਆਮ ਕਤਲੇਆਮ ਤੇ ਲੁੱਟਾਂ ਖੋਹਾਂ ਹੋ ਰਹੀਆਂ ਹਨ ਉਹਨਾਂ ਕਿਹਾ ਕੀ ਸੂਬੇ ਦੇ ਵਿੱਚ ਕਾਨੂੰਨ ਵਿਵਸਥਾ ਢ ਢਹਿ ਢੇਰੀ ਹੋ ਚੁੱਕੀ ਹੈ ਉਹਨਾਂ ਕਿਹਾ ਕਿ ਜਦੋਂ ਪੰਜਾਬ ਅੰਦਰ ਮਰਹੂਮ ਨੇਤਾ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸਮੇਂ ਪੰਜਾਬ ਦੇ ਲੋਕ ਅਮਨ ਅਮਾਨ ਨਾਲ ਰਹਿੰਦੇ ਸਨ ਤਾਂ ਹੀ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਮੁੜ ਤੋਂ ਪੰਜਾਬ ਅੰਦਰ ਦੇਖਣ ਲਈ ਉਤਾਵਲੇ ਹਨ ਕਿਉਂਕਿ ਕਾਂਗਰਸ ਤੇ ਆਪ ਸਰਕਾਰ ਤੋਂ ਪੰਜਾਬ ਦੇ ਲੋਕ ਬੁਰੀ ਤਰ੍ਹਾਂ ਅੱਕ ਅਤੇ ਥੱਕ ਚੁੱਕੇ ਹਨ।

# ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ 19 ਲੋੜਵੰਦ ਪਰਿਵਾਰਾਂ ਨੂੰ ਮਾਲੀ ਸਹਾਇਤਾ ਦੇ ਚੈੱਕ ਤਕਸੀਮ



**ਧੂਰੀ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਧੂਰੀ ਹਲਕੇ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਦੇ ਨਾਲ-ਨਾਲ ਲੋੜਵੰਦ ਪਰਿਵਾਰਾਂ ਨੂੰ ਮਾਲੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਇਸੇ ਲੜੀ ਤਹਿਤ ਅੱਜ ਓ.ਐਸ.ਡੀ. ਸੁਖਵੀਰ ਸਿੰਘ ਵੱਲੋਂ 19 ਲੋੜਵੰਦ ਪਰਿਵਾਰਾਂ ਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚੋਂ ਕੁੱਲ 6 ਲੱਖ 65 ਹਜ਼ਾਰ ਰੁਪਏ ਦੀ ਮਾਲੀ ਸਹਾਇਤਾ ਦੇ ਚੈੱਕ ਤਕਸੀਮ ਕੀਤੇ ਗਏ ਅਤੇ ਆਂਗਣਵਾੜੀ ਹੈਲਪਰਾਂ ਨੂੰ ਨਿਯੁਕਤੀ ਪੱਤਰ ਵੀ ਸੌਂਪੇ ਗਏ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਗੰਭੀਰ ਬਿਮਾਰੀਆਂ ਦੇ ਇਲਾਜ ਅਤੇ ਘਰਾਂ ਦੇ ਨੁਕਸਾਨ ਸਬੰਧੀ ਪ੍ਰਾਪਤ ਹੋਈਆਂ ਅਰਜ਼ੀਆਂ ਵਿੱਚੋਂ 19 ਅਰਜ਼ੀਆਂ ਨੂੰ ਪ੍ਰਵਾਨਗੀ ਮਿਲਣ ਉਪਰੰਤ ਸਬੰਧਤ ਲਾਭਪਾਤਰੀ ਪਰਿਵਾਰਾਂ ਨੂੰ ਇਹ ਸਹਾਇਤਾ ਰਾਸ਼ੀ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਕਿਹਾ ਕਿ ਲੋੜਵੰਦ ਪਰਿਵਾਰਾਂ ਨੂੰ ਸਮੇਂ ਸਿਰ ਸਹਾਇਤਾ ਪਹੁੰਚਾਉਣਾ ਸਰਕਾਰ ਦੀ ਤਰਜੀਹ ਹੈ।

ਓ.ਐਸ.ਡੀ. ਸੁਖਵੀਰ ਸਿੰਘ ਨੇ ਦੱਸਿਆ ਕਿ ਧੂਰੀ ਹਲਕੇ ਦੇ ਵਿਕਾਸ ਕਾਰਜਾਂ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਲਗਭਗ 35 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਜਾ ਰਹੀ ਹੈ, ਜਿਸ ਨਾਲ ਪਿੰਡਾਂ ਵਿੱਚ ਰਹਿੰਦੇ ਵਿਕਾਸ ਕਾਰਜਾਂ ਨੂੰ ਜਲਦੀ ਪੂਰਾ ਕਰਨ ਵਿੱਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਰਪੰਚਾਂ ਨਾਲ ਲਗਾਤਾਰ ਤਾਲਮੇਲ ਕਰਕੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਜਾ ਰਿਹਾ ਹੈ, ਤਾਂ ਜੋ ਲੋਕਾਂ ਦੀਆਂ ਲੋੜਾਂ ਅਤੇ ਮੰਗਾਂ ਅਨੁਸਾਰ ਕੰਮ ਪਾਰਦਰਸ਼ੀ ਢੰਗ ਨਾਲ ਅਤੇ ਸਮੇਂ ਸਿਰ ਮੁਕੰਮਲ ਕੀਤੇ ਜਾ ਸਕਣ।

ਉਨ੍ਹਾਂ ਦੱਸਿਆ ਕਿ ਪਿਛਲੇ ਦਸ ਦਿਨਾਂ ਤੋਂ ਧੂਰੀ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਮੰਗਾਂ ਸਿੱਧੇ ਤੌਰ ’ਤੇ ਸੁਣੀਆਂ ਜਾ ਰਹੀਆਂ ਹਨ। ਇਸ ਨਾਲ ਵਿਕਾਸ ਕਾਰਜਾਂ ਦੀ ਤਰਜੀਹ ਤੈਅ ਕਰਨ ਅਤੇ ਲੋਕਾਂ ਦੀਆਂ ਲੋੜਾਂ ਅਨੁਸਾਰ ਉਪਰਾਲੇ ਕਰਨ ਵਿੱਚ ਮਦਦ ਮਿਲ ਰਹੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰਨਾਂ ਪਿੰਡਾਂ ਲਈ ਵੀ ਵਿਕਾਸ ਫੰਡਾਂ ਅਤੇ ਗ੍ਰਾਂਟਾਂ ਦੀਆਂ ਅਗਲੀਆਂ ਕਿਸ਼ਤਾਂ ਦੇ ਚੈੱਕ ਜਲਦੀ ਜਾਰੀ ਕੀਤੇ ਜਾਣਗੇ, ਤਾਂ ਜੋ ਹਲਕੇ ਵਿੱਚ ਸਰਬਪੱਖੀ ਵਿਕਾਸ ਦੀ ਰਫ਼ਤਾਰ ਨੂੰ ਹੋਰ ਤੇਜ਼ ਕੀਤਾ ਜਾ ਸਕੇ।

ਇਸ ਮੌਕੇ ਐਸ.ਡੀ.ਐਮ ਧੂਰੀ ਡਾ. ਇਸਮਤ ਵਿਜੈ ਸਿੰਘ, ਮੁੱਖ ਮੰਤਰੀ ਫੀਲਡ ਅਫਸਰ ਅਰਵਿੰਦ ਕੁਮਾਰ, ਵਕਫ ਬੋਰਡ ਤੇ ਮੈਂਬਰ ਡਾ. ਅਨਵਰ ਭਸੌੜ, ਪ੍ਰਧਾਨ ਨਗਰ ਕੌਂਸਲ ਧੂਰੀ ਅਮਰਜੋਤ ਕੌਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਜਿੰਦਰ ਸਿੰਘ ਕਾਂਝਲਾ, ਗਗਨ ਜਵੰਧਾ, ਰੂਬਲ ਬਾਜਵਾ ਸਮੇਤ ਵੱਡੀ ਗਿਣਤੀ ਲਾਭਪਾਤਰੀ ਅਤੇ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਨੌਜਵਾਨ ਮੌਜੂਦ ਸਨ।

# ਨਾਭਾ ਵਿਖੇ ਵਿਸ਼ਾਲ ਮੋਟਰਸਾਈਕਲ ਜਾਗਰੂਕਤਾ ਮਾਰਚ 28 ਸਤੰਬਰ ਨੂੰ

**ਨਾਭਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੇ ਮਹਾਨ ਸਪੂਤ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਨੌਜਵਾਨ ਆਗੂ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ‘ਜੱਸੀ ਸੋਹੀਆਂ ਵਾਲਾ’ ਦੀ ਅਗਵਾਈ ਹੇਠ ਨੌਜਵਾਨਾਂ ਨੂੰ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਖ਼ਿਲਾਫ਼ ਜਾਗਰੂਕ ਕਰਨ ਲਈ ਨਾਭਾ ਹਲਕੇ ਦੇ ਨੌਜਵਾਨਾਂ ਦੇ ਸਹਿਯੋਗ ਨਾਲ *ਵਿਸ਼ਾਲ ਮੋਟਰਸਾਈਕਲ ਜਾਗਰੂਕਤਾ ਮਾਰਚ* 28 ਸਤੰਬਰ ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਸ਼ਹੀਦ ਭਗਤ ਸਿੰਘ ਚੌਂਕ, ਪਾਰਬਤੀ ਖੋਖਾ ਨਾਭਾ ਤੋਂ ਸ਼ੁਰੂ ਹੋਵੇਗਾ। ਹਲਕੇ ਦੇ ਨੌਜਵਾਨ ਸਾਥੀਆਂ ਨੂੰ ਬੇਨਤੀ ਹੈ ਕਿ ਵਧ ਚੜ੍ਹਕੇ ਇਸ ਮੋਟਰਸਾਈਕਲ ਜਾਗਰੂਕਤਾ ਮਾਰਚ ਦਾ ਹਿੱਸਾ ਬਣੋ।

# ਓਵਰਲੋਡਿੰਗ ਅਤੇ ‘ਜੁਗਾੜੂ’ ਵਾਹਨਾਂ ਵਿਰੁੱਧ ਆਰ.ਟੀ.ਓ. ਵੱਲੋਂ ਸਖ਼ਤ ਰੁਖ਼, ਨਿਯਮਾਂ ਦੀ ਉਲੰਘਣਾ ’ਤੇ ਹੋਵੇਗੀ ਕਾਰਵਾਈ



**ਮਲੇਰਕੋਟਲਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੜਕ ਹਾਦਸਿਆਂ ਦੇ ਖ਼ਤਰੇ ਨੂੰ ਘਟਾਉਣ ਅਤੇ ਆਵਾਜਾਈ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਮੱਦੇਨਜ਼ਰ ਰਿਜਨਲ ਟਰਾਂਸਪੋਰਟ ਅਫ਼ਸਰ ਕਰਨਬੀਰ ਸਿੰਘ ਛੀਨਾ ਨੇ ਵਾਹਨ ਚਾਲਕਾਂ ਅਤੇ ਟਰਾਂਸਪੋਰਟਰਾਂ ਨੂੰ ਓਵਰਲੋਡਿੰਗ ਅਤੇ ਅਣਅਧਿਕਾਰਤ ਢੰਗ ਨਾਲ ਤਿਆਰ ਕੀਤੇ ‘ਜੁਗਾੜੂ’ ਵਾਹਨਾਂ ਦੀ ਵਰਤੋਂ ਤੋਂ ਗੁਰੇਜ਼ ਕਰਨ ਦੀ ਹਦਾਇਤ ਕੀਤੀ ਹੈ।

ਰਿਜਨਲ ਟਰਾਂਸਪੋਰਟ ਅਫ਼ਸਰ ਨੇ ਕਿਹਾ ਕਿ ਵਾਹਨ ਦੀ ਨਿਰਧਾਰਤ ਸਮਰੱਥਾ ਤੋਂ ਵੱਧ ਭਾਰ ਲੱਦਣਾ ਨਾ ਸਿਰਫ਼ ਆਵਾਜਾਈ ਨਿਯਮਾਂ ਦੀ ਉਲੰਘਣਾ ਹੈ, ਸਗੋਂ ਇਹ ਸੜਕ ’ਤੇ ਚੱਲਣ ਵਾਲੇ ਹੋਰ ਲੋਕਾਂ ਦੀ ਸੁਰੱਖਿਆ ਲਈ ਵੀ ਗੰਭੀਰ ਖ਼ਤਰਾ ਪੈਦਾ ਕਰ ਸਕਦਾ ਹੈ। ਵੱਧ ਭਾਰ ਕਾਰਨ ਵਾਹਨ ਨੂੰ ਕਾਬੂ ਕਰਨ ਅਤੇ ਸਮੇਂ ਸਿਰ ਰੋਕਣ ਵਿੱਚ ਮੁਸ਼ਕਲ ਆ ਸਕਦੀ ਹੈ, ਜਿਸ ਨਾਲ ਹਾਦਸੇ ਦਾ ਖ਼ਤਰਾ ਵਧਦਾ ਹੈ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਵਾਹਨਾਂ ਦੇ ਮੂਲ ਢਾਂਚੇ ਵਿੱਚ ਅਣਅਧਿਕਾਰਤ ਤਬਦੀਲੀਆਂ ਕਰਕੇ ਤਿਆਰ ਕੀਤੇ ਗਏ ‘ਜੁਗਾੜੂ’ ਵਾਹਨ ਵੀ ਸੜਕ ਸੁਰੱਖਿਆ ਲਈ ਚਿੰਤਾ ਦਾ ਵਿਸ਼ਾ ਹਨ। ਅਜਿਹੇ ਵਾਹਨਾਂ ਦੀ ਜਾਂਚ ਦੌਰਾਨ ਨਿਯਮਾਂ ਦੀ ਉਲੰਘਣਾ ਸਾਹਮਣੇ ਆਉਣ ’ਤੇ ਮੋਟਰ ਵਾਹਨ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਕਰਨਬੀਰ ਸਿੰਘ ਛੀਨਾ ਨੇ ਕਿਹਾ ਕਿ ਵਿਭਾਗ ਦਾ ਮਕਸਦ ਕੇਵਲ ਕਾਰਵਾਈ ਕਰਨਾ ਨਹੀਂ, ਸਗੋਂ ਵਾਹਨ ਚਾਲਕਾਂ ਵਿੱਚ ਜ਼ਿੰਮੇਵਾਰ ਅਤੇ ਸੁਰੱਖਿਅਤ ਆਵਾਜਾਈ ਪ੍ਰਤੀ ਵਿਹਾਰਕ ਸੋਚ ਵਿਕਸਿਤ ਕਰਨਾ ਵੀ ਹੈ। ਉਨ੍ਹਾਂ ਟਰਾਂਸਪੋਰਟਰਾਂ ਨੂੰ ਅਪੀਲ ਕੀਤੀ ਕਿ ਮਾਲ ਦੀ ਢੋਆ-ਢੁਆਈ ਵਾਹਨ ਦੀ ਮਨਜ਼ੂਰਸ਼ੁਦਾ ਸਮਰੱਥਾ ਅਨੁਸਾਰ ਹੀ ਕੀਤੀ ਜਾਵੇ ਅਤੇ ਵਾਹਨ ਵਿੱਚ ਕਿਸੇ ਕਿਸਮ ਦੀ ਅਣਅਧਿਕਾਰਤ ਤਬਦੀਲੀ ਨਾ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਸੁਰੱਖਿਅਤ ਸੜਕਾਂ ਸਿਰਫ਼ ਨਿਯਮ ਲਾਗੂ ਕਰਨ ਨਾਲ ਨਹੀਂ, ਸਗੋਂ ਹਰ ਵਾਹਨ ਚਾਲਕ ਵੱਲੋਂ ਆਪਣੀ ਜ਼ਿੰਮੇਵਾਰੀ ਨਿਭਾਉਣ ਨਾਲ ਬਣਦੀਆਂ ਹਨ।

# ਲੋਕਾਂ ਦੀ ਸਰਗਰਮ ਭਾਗੀਦਾਰੀ ਨਾਲ ਹੀ ਪਿੰਡਾਂ ਨੂੰ ਸਾਫ਼-ਸੁਥਰਾ ਬਣਾਇਆ ਜਾ ਸਕਦਾ ਹੈ: ਹਰਦੀਪ ਸਿੰਘ ਮੁੰਡੀਆਂ




**ਲੁਧਿਆਣਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਾਹਨੇਵਾਲ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਪਿੰਡ ਮੁੰਡੀਆਂ ਤੋਂ ‘ਸਵੱਛਤਾ ਹੀ ਸੇਵਾ-2026’ ਮੁਹਿੰਮ ਦੀ ਰਸਮੀ ਸ਼ੁਰੂਆਤ ਕੀਤੀ। ਇਸ ਮੌਕੇ ਉਨ੍ਹਾਂ ਲੁਧਿਆਣਾ ਜ਼ਿਲ੍ਹੇ ਦੀਆਂ ਗ੍ਰਾਮ ਪੰਚਾਇਤਾਂ ਨੂੰ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਅਤੇ ਸਵੱਛਤਾ ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦੀ ਅਪੀਲ ਕੀਤੀ।

ਮੁੰਡੀਆਂ ਨੇ ਕਿਹਾ ਕਿ ਸਾਫ਼-ਸੁਥਰਾ ਵਾਤਾਵਰਣ ਸਿਹਤਮੰਦ ਜੀਵਨ ਦਾ ਆਧਾਰ ਹੈ ਅਤੇ ਸਵੱਛਤਾ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਹਰੇਕ ਨਾਗਰਿਕ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਲੋਕਾਂ ਨੂੰ ਕੂੜੇ ਦੇ ਸਹੀ ਨਿਪਟਾਰੇ ਅਤੇ ਆਪਣੇ ਆਲੇ-ਦੁਆਲੇ ਦੀ ਸਫ਼ਾਈ ਪ੍ਰਤੀ ਜਾਗਰੂਕ ਹੋਣ ਦਾ ਸੱਦਾ ਦਿੱਤਾ।

ਇਸ ਦੌਰਾਨ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਸੋਸ਼ਲ ਅਤੇ ਆਈ.ਈ.ਸੀ. ਵਿੰਗ ਵੱਲੋਂ ਸਫ਼ਾਈ, ਸਾਫ਼ ਪਾਣੀ, ਸਿਹਤ ਅਤੇ ਵਾਤਾਵਰਣ ਸੰਭਾਲ ਸਬੰਧੀ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ। ਵਿਭਾਗ ਨੇ ਪੰਚਾਇਤਾਂ ਅਤੇ ਪਿੰਡ ਵਾਸੀਆਂ ਨੂੰ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ।

# ਬੀਐਲਓ ਯੂਨੀਅਨ ਲੁਧਿਆਣਾ ਨੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨਾਲ ਕੀਤੀ ਵਿਸ਼ੇਸ਼ ਮੀਟਿੰਗ



**ਲੁਧਿਆਣਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਐਲਓ ਯੂਨੀਅਨ ਲੁਧਿਆਣਾ ਵੱਲੋਂ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਸਿੰਘ ਕਲੇਰ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੌਰਾਨ ਬੂਥ ਲੈਵਲ ਅਫ਼ਸਰਾਂ (ਬੀਐਲਓਜ਼) ਨੂੰ ਡਿਊਟੀ ਨਿਭਾਉਣ ਦੌਰਾਨ ਦਰਪੇਸ਼ ਵੱਖ-ਵੱਖ ਮੁਸ਼ਕਿਲਾਂ ਅਤੇ ਸਮੱਸਿਆਵਾਂ ਬਾਰੇ ਡਿਪਟੀ ਕਮਿਸ਼ਨਰ ਨੂੰ ਜਾਣੂ ਕਰਵਾਇਆ ਗਿਆ।

ਯੂਨੀਅਨ ਆਗੂਆਂ ਨੇ ਬੀਐਲਓਜ਼ ਦੇ ਕੰਮ ਨਾਲ ਸਬੰਧਤ ਮੁੱਦੇ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦੇ ਅਤੇ ਉਨ੍ਹਾਂ ਦੇ ਹੱਲ ਲਈ ਵਿਚਾਰ-ਵਟਾਂਦਰਾ ਕੀਤਾ।

# ਵਿਧਾਇਕ ਚੱਢਾ ਵਲੋਂ ਸਰਥਲੀ ਪਿੰਡ ਦੇ ਵਿਕਾਸ ਲਈ 5 ਲੱਖ ਰੁਪਏ ਦੀ ਗ੍ਰਾਂਟ ਜਾਰੀ



**ਨੂਰਪੁਰਬੇਦੀ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਰੂਪਨਗਰ ਦੇ ਵੱਖ-ਵੱਖ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗ੍ਰਾਂਟ ਰਾਸ਼ੀਆਂ ਜਾਰੀ ਕਰਨ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਇਸੇ ਕੜੀ ਤਹਿਤ ਪਿੰਡ ਸਰਥਲੀ ਦੇ ਵਿਕਾਸ ਕਾਰਜਾਂ ਲਈ 5 ਲੱਖ ਰੁਪਏ ਦੀ ਗ੍ਰਾਂਟ ਦਾ ਚੈੱਕ ਪੰਚਾਇਤ ਨੂੰ ਸੌਂਪਿਆ ਗਿਆ। ਇਹ ਚੈੱਕ ਹਲਕਾ ਵਿਧਾਇਕ ਦਿਨੇਸ਼ ਚੱਢਾ ਦੀ ਟੀਮ ਦੇ ਮੈਂਬਰ ਬਲਾਕ ਸੰਮਤੀ ਦੇ ਵਾਈਸ ਚੇਅਰਮੈਨ ਰਾਮ ਪ੍ਰਤਾਪ ਤਾਰੀ ਅਤੇ ਡੀ.ਸੀ.ਯੂ. ਦੇ ਚੇਅਰਮੈਨ ਤੀਰਥ ਸਿੰਘ ਬਹਿਣੀਵਾਲ ਵੱਲੋਂ ਪੰਚਾਇਤ ਨੂੰ ਪ੍ਰਦਾਨ ਕੀਤਾ ਗਿਆ। ਵਿਧਾਇਕ ਦਿਨੇਸ਼ ਚੱਢਾ ਵੱਲੋਂ ਅਕਸਰ ਇਸ ਗੱਲ ’ਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਸਰਕਾਰ ਲੋਕਾਂ ਦੀ ਹੈ ਅਤੇ ਸਰਕਾਰੀ ਖ਼ਜ਼ਾਨੇ ਵਿੱਚ ਆਉਣ ਵਾਲਾ ਪੈਸਾ ਵੀ ਲੋਕਾਂ ਦਾ ਹੀ ਹੁੰਦਾ ਹੈ। ਇਸ ਲਈ ਜਨਤਕ ਫੰਡਾਂ ਦੀ ਵਰਤੋਂ ਦਾ ਮੁੱਖ ਉਦੇਸ਼ ਲੋਕਾਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਅਤੇ ਪਿੰਡਾਂ ਦੀਆਂ ਵਿਕਾਸ ਲੋੜਾਂ ਨੂੰ ਪੂਰਾ ਕਰਨਾ ਹੋਣਾ ਚਾਹੀਦਾ ਹੈ। ਇਸੇ ਸੋਚ ਤਹਿਤ ਗ੍ਰਾਂਟ ਰਾਸ਼ੀਆਂ ਨੂੰ ਪਿੰਡ ਪੱਧਰ ’ਤੇ ਲੋੜੀਂਦੇ ਵਿਕਾਸ ਕਾਰਜਾਂ ਲਈ ਮੁਹੱਈਆ ਕਰਵਾਉਣ ਦੀ ਗੱਲ ਕਹੀ ਜਾ ਰਹੀ ਹੈ। ਇਸ ਮੌਕੇ ਰਾਮ ਪ੍ਰਤਾਪ ਤਾਰੀ ਨੇ ਕਿਹਾ ਕਿ ਪਿੰਡਾਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਫੰਡਾਂ ਦੀ ਸਹੀ ਵਰਤੋਂ ਰਾਹੀਂ ਪਿੰਡਾਂ ਵਿੱਚ ਬੁਨਿਆਦੀ ਸਹੂਲਤਾਂ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਦਿਨੇਸ਼ ਚੱਢਾ ਵੱਲੋਂ ਹਲਕੇ ਦੇ ਵਿਕਾਸ ਕਾਰਜਾਂ ਨੂੰ ਲਗਾਤਾਰ ਅੱਗੇ ਵਧਾਇਆ ਜਾ ਰਿਹਾ ਹੈ। ਤੀਰਥ ਸਿੰਘ ਬਹਿਣੀਵਾਲ ਨੇ ਕਿਹਾ ਕਿ ਪਿੰਡਾਂ ਦਾ ਵਿਕਾਸ ਸਰਕਾਰ ਦੀਆਂ ਤਰਜੀਹਾਂ ਵਿੱਚ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਵਿਕਾਸ ਕਾਰਜ ਕਰਵਾਉਣ ਅਤੇ ਪੰਚਾਇਤਾਂ ਨੂੰ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਨਾਲ ਪਿੰਡਾਂ ਦੀ ਦਿੱਖ ਅਤੇ ਸਹੂਲਤਾਂ ਵਿੱਚ ਤਬਦੀਲੀ ਆ ਰਹੀ ਹੈ। ਇਸ ਮੌਕੇ ਸਰਪੰਚ ਵਿਜੇ ਕੁਮਾਰ, ਬਲਦੇਵ ਸਿੰਘ ਪੰਚ, ਪ੍ਰਦੀਪ ਕੁਮਾਰ ਪੰਚ, ਧਰਮਪਾਲ ਪੰਚ, ਬਲਿਹਾਰ ਸਿੰਘ ਪੰਚ, ਬਲਕਾਰ ਸਿੰਘ ਬਹਿਣੀਵਾਲ, ਪੂਰਨ ਚੰਦ, ਸੁਖਦੇਵ ਸਿੰਘ ਸਾਬਕਾ ਪੰਚ, ਵਰਿੰਦਰ ਕੁਮਾਰ, ਮਦਨ ਸੈਣੀ ਸੀਨੀਅਰ ਆਮ ਆਦਮੀ ਪਾਰਟੀ ਆਗੂ, ਸੁਖਵਿੰਦਰ ਸਿੰਘ ਸੈਕਟਰੀ, ਜਸਵਿੰਦਰ ਸਿੰਘ ਬਿੰਦੂ, ਪਿਆਰਾ ਲਾਲ, ਪਲਵਿੰਦਰ ਸਿੰਘ ਅਤੇ ਲਾਲਾ ਸੇਵਾ ਦਾਸ ਸਾਬਕਾ ਪੰਚ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਭੰਗਾਲਾ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਤਹਿਤ ਦਰਬਾਰ ਸਾਹਿਬ ਲਈ ਬੱਸ ਰਵਾਨਾ

**ਰੂਪਨਗਰ, 23 ਸਤੰਬਰ-ਸੰਦੀਪ ਜੋਸ਼ੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਪਿੰਡ ਭੰਗਾਲਾ ਤੋਂ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦਰਸ਼ਨਾਂ ਲਈ ਸੰਗਤਾਂ ਨਾਲ ਭਰੀ ਬੱਸ ਰਵਾਨਾ ਕੀਤੀ ਗਈ। ਬੱਸ ਨੂੰ ਹਲਕਾ ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵਿਧਾਇਕ ਨੇ ਤੀਰਥ ਯਾਤਰਾ ’ਤੇ ਜਾਣ ਵਾਲੀਆਂ ਸੰਗਤਾਂ ਨੂੰ ਸ਼ੁਭਕਾਮਨਾਵਾਂ ਭੇਟ ਕਰਦਿਆਂ ਉਨ੍ਹਾਂ ਦੀ ਸੁਖਦ ਅਤੇ ਸੁਰੱਖਿਅਤ ਯਾਤਰਾ ਦੀ ਕਾਮਨਾ ਕੀਤੀ। ਇਸ ਮੌਕੇ ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਦੀ ਇੱਛਾ ਰੱਖਣ ਵਾਲੀਆਂ ਸੰਗਤਾਂ ਲਈ ਤੀਰਥ ਯਾਤਰਾ ਸਕੀਮ ਇੱਕ ਮਹੱਤਵਪੂਰਨ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਜਾਣ ਵਾਲੀਆਂ ਸੰਗਤਾਂ ਨੂੰ ਯਾਤਰਾ ਦੌਰਾਨ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਪ੍ਰਬੰਧ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਉਹ ਮਹਾਨ ਪਵਿੱਤਰ ਅਸਥਾਨ ਹੈ, ਜਿੱਥੇ ਦੇਸ਼-ਵਿਦੇਸ਼ ਤੋਂ ਸੰਗਤਾਂ ਨਤਮਸਤਕ ਹੋਣ ਲਈ ਪਹੁੰਚਦੀਆਂ ਹਨ। ਉਨ੍ਹਾਂ ਕਿਹਾ ਕਿ ਪਿੰਡ ਭੰਗਾਲਾ ਤੋਂ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਬੱਸ ਰਾਹੀਂ ਰਵਾਨਾ ਕਰਨ ਦਾ ਉਦੇਸ਼ ਸ਼ਰਧਾਲੂਆਂ ਨੂੰ ਸੁਵਿਧਾਜਨਕ ਢੰਗ ਨਾਲ ਧਾਰਮਿਕ ਅਸਥਾਨ ਦੇ ਦਰਸ਼ਨ ਕਰਵਾਉਣਾ ਹੈ। ਬੱਸ ਰਵਾਨਾ ਹੋਣ ਸਮੇਂ ਸੰਗਤਾਂ ਵਿੱਚ ਵੀ ਉਤਸ਼ਾਹ ਦੇਖਣ ਨੂੰ ਮਿਲਿਆ। ਸੰਗਤਾਂ ਵੱਲੋਂ ਇਸ ਯਾਤਰਾ ਲਈ ਕੀਤੇ ਗਏ ਪ੍ਰਬੰਧਾਂ ’ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸਰਕਾਰ ਅਤੇ ਵਿਧਾਇਕ ਦਿਨੇਸ਼ ਚੱਢਾ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪਿੰਡ ਭੰਗਾਲਾ ਦੇ ਪੰਚਾਇਤ ਮੈਂਬਰ, ਪਿੰਡ ਵਾਸੀ, ਸੰਗਤਾਂ ਅਤੇ ਵਿਧਾਇਕ ਦਿਨੇਸ਼ ਚੱਢਾ ਦੀ ਟੀਮ ਦੇ ਮੈਂਬਰ ਹਾਜ਼ਰ ਸਨ।

# ਘੁਮਾਣਾ ਦੇ ਦੰਗਲ ਮੇਲੇ ’ਚ ਅਸੀਸ਼ ਹੁੱਡਾ ਨੇ ਭੋਲਾ ਠਾਕੁਰ ਨੂੰ ਚਿੱਤ ਕਰਕੇ ਜਿੱਤੀ ਝੰਡੀ



**ਮਾਛੀਵਾੜਾ ਸਾਹਿਬ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਰਾਹੋ ਰੋਡ ’ਤੇ ਪੈਂਦੇ ਪਿੰਡ ਘੁਮਾਣਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਧੰਨ ਧੰਨ ਸਿੱਧ ਚਾਨੋ ਜੀ ਦੀ ਯਾਦ ਵਿੱਚ ਘੁਮਾਣਾ ਖਾਨਪੁਰ ਬੇਟ, ਬਹਾਦਰਪੁਰ, ਰਹੀਮਾਬਾਦ ਕਲਾਂ, ਮੰਡ ਉਧੋਵਾਲ, ਉਧੋਵਾਲ ਕਲਾਂ ਵਲੋਂ ਸਾਂਝੇ ਰੂਪ ਵਿਚ ਦੰਗਲ ਮੇਲਾ ਕਰਵਾਇਆ ਗਿਆ ਜਿਸ ਵਿਚ 120 ਤੋਂ ਵੱਧ ਪਹਿਲਵਾਨਾਂ ਨੇ ਆਪਣੇ ਜੌਹਰ ਦਿਖਾ ਲੋਕਾਂ ਤੋਂ ਵਾਹ-ਵਾਹ ਖੱਟੀ। ਚੇਅਰਮੈਨ ਰੁਸਤਮੇ ਹਿੰਦ ਕੁਸ਼ਤੀ ਸੰਸਥਾ ਭਾਰਤ ਸਰਕਾਰ ਪਹਿਲਵਾਨ ਭੁਪਿੰਦਰਪਾਲ ਜਾਡਲਾ ਦੀ ਦੇਖਰੇਖ ਅਤੇ ਪ੍ਰਧਾਨ ਧਰਮਵੀਰ ਸਿੰਘ ਫੌਜੀ ਸਰਪੰਚ ਦੀ ਅਗਵਾਈ ਹੇਠ ਹੋਏ ਦੰਗਲ ਮੇਲੇ ’ਚ ਝੰਡੀ ਦੀਆਂ ਤਿੰਨ ਕੁਸ਼ਤੀਆਂ , ਪਹਿਲੀ ਝੰਡੀ ਦੀ ਮੋਟਰਸਾਈਕਲ ਇਨਾਮੀ ਕੁਸ਼ਤੀ ਵਿੱਚ ਭੋਲਾ ਠਾਕੁਰ ਦਿੱਲੀ ਤੇ ਆਸ਼ੀਸ਼ ਹੁੱਡਾ ਵਿਚਕਾਰ ਕਰਵਾਈ ਗਈ ਇਸ ਕਸ਼ਮਕਸ਼ ਵਾਲੀ ਕੁਸ਼ਤੀ ਵਿੱਚ ਅਖੀਰ ਨੂੰ ਆਸ਼ੀਸ਼ ਹੁੱਡਾ ਨੇ ਭੋਲਾ ਠਾਕੁਰ ਦੀ ਪਿੱਠ ਲਾ ਕੇ ਜਿੱਤ ਪ੍ਰਾਪਤ ਕੀਤੀ।

ਦੂਸਰੀ ਮੋਟਰਸਾਈਕਲ ਇਨਾਮੀ ਝੰਡੀ ਦੀ ਕੁਸ਼ਤੀ ਤੀਰਥ ਫਗਵਾੜਾ ਨੇ ਸ਼ੈਂਟੀ ਵਾਰਨ ਨੂੰ ਹਰਾ ਕੇ ਜਿੱਤ ਹਾਸਲ ਕੀਤੀ। ਤੀਜੇ ਨੰਬਰ ਦੀ51000/ਰੁਪਏ ਇਨਾਮੀ ਕੁਸ਼ਤੀ ਵਿਚ ਲੱਕੀ ਗਰਚਾ ਨੇ ਮੰਨਾ ਡੂਮੇਵਾਲ ਨੂੰ ਚਿੱਤ ਕੀਤਾ । ਇਸ ਦੰਗਲ ਮੇਲੇ ਵਿੱਚ ਪਹਿਲਵਾਨਾਂ ਲਈ ਸਰਪੰਚ ਧਰਮਵੀਰ ਸਿੰਘ ਫੌਜੀ ਪਰਿਵਾਰ ਵੱਲੋ ਇੱਕ ਮੋਟਰਸਾਈਕਲ ਦਾਨ ਵਜ ਦਿੱਤਾ ਗਿਆ ਦੂਸਰਾ ਮੋਟਰਸਾਈਕਲ ਸੋਹਣ ਲਾਲ ਅਤੇ ਮੋਹਣ ਲਾਲ ਸਪੁੱਤਰ ਅਮਰ ਲਾਲ ਪਰਿਵਾਰ ਵੱਲੋਂ ਦਾਨ ਵਜੋਂ ਦਿੱਤਾ ਗਿਆ। ਹਰਭਗਤ ਸਿੰਘ ਨੰਬਰਦਾਰ ਸਪੁੱਤਰ ਰਾਏ ਸਿੰਘ ਪਰਿਵਾਰ ਵੱਲੋਂ ਇਕ ਲੱਖ ਰੁਪਏ ਦੀ ਰਾਸ਼ੀ ਪ੍ਰਬੰਧਕਾਂ ਨੂੰ ਦਾਨ ਵਜੋਂ ਦਿੱਤੀ ਗਈ ।

ਇਸ ਦੰਗਲ ਮੇਲੇ ਵਿੱਚ ਲਾਲ ਮੰਡ ਚੌਂਤਾ, ਸੁਖ ਮੰਡ ਚੌਂਤਾ, ਲਾਲੀ ਮੰਡ ਚੌਂਤਾ, ਪੂਰਨ ਮੰਡ ਚੌਂਤਾਂ ਨੇ ਆਪਣੇ ਵਿਰੋਧੀ ਪਹਿਲਵਾਨਾਂ ਨੂੰ ਹਰਾ ਕੇ ਜਿੱਤ ਪ੍ਰਾਪਤ ਕੀਤੀ। ਕਸ਼ਮੀਰੀ ਲਾਲ ਪਰਿਵਾਰ ਵੱਲੋਂ ਸੰਗਤਾਂ ਲਈ ਲੰਗਰਾਂ ਦੀ ਸੇਵਾ ਕੀਤੀ ਗਈ। ਅਖਾੜੇ ਵਿੱਚ ਮਹਿੰਦਰ ਪਹਿਲਵਾਨ ਮਾਛੀਵਾੜਾ, ਜੀਤੀ ਪਹਿਲਵਾਨ ਮਾਛੀਵਾੜਾ ਪਾਲੀ ਪਹਿਲਵਾਨ ਮਾਛੀਵਾੜਾ ਅਤੇ ਬੂਟਾ ਪਹਿਲਵਾਨ ਮਾਛੀਆਂ ਨੇ ਰੈਫਰੀ ਦੀ ਡਿਊਟੀ ਬਾਖ਼ੂਬੀ ਨਿਭਾਈ, ਤੇ ਪਹਿਲਵਾਨਾਂ ਦੇ ਜੋੜ ਉਸਤਾਦ ਭੁਪਿੰਦਰ ਪਾਲ ਸਿੰਘ ਜਾਡਲਾ ਨੇ ਬਣਾਏ।

## ਕੁਝ ਕਹਿੰਦੀ ਐ ਤਸਵੀਰ...

• ਸੁਖਵੰਤ ਸਿੰਘ ਮੁੰਡੀ



*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

ਵਿਅੰਗ

# ਨੇਤਾ ਜੀ ਦੀ ਰੁਜ਼ਗਾਰ ਯੋਜਨਾ



• ਪ੍ਰਿੰ. ਬਲਦੇਵ ਸਿੰਘ ਆਜ਼ਾਦ

94176 71364

*ਸਾਡੇ ਬੱਚੇ ਦੂਜੇ ਦੇਸ਼ਾਂ 'ਚ ਜਾ ਕੇ ਪੋਚੇ ਲਾਉਂਦੇ ਹਨ, ਭਾਂਡੇ ਮਾਂਜਦੇ ਤੇ ਡਰਾਈਵਰੀ ਕਰਦੇ ਹਨ ਜੇ ਇੱਥੇ ਕੁੱਤੇ ਪਾਲ਼ ਲੈਣਗੇ, ਪਲੰਬਰ ਬਣ ਜਾਣਗੇ ਜਾਂ ਹਲਵਾਈ ਦਾ ਕੰਮ ਕਰ ਲੈਣਗੇ ਤਾਂ ਕੀ ਲੋੜਾ ਆ ਜਾਵੇਗਾ? ਆਪਣਾ ਰੁਜ਼ਗਾਰ ਫਿਰ ਵੀ ਆਪਣਾ ਹੁੰਦਾ ਹੈ ਨਾ ਕਿਸੇ ਦੀ ਕੋਈ ਹਿੜਕ ਨਾ ਝਿੜਕ...*

ਨੇਤਾ ਜੀ ਨੇ ਵੋਟਾਂ ਲੈਣ ਲਈ ਇਸ ਵਾਰ ਲੋਕਾਂ ਨਾਲ ਬਹੁਤ ਵਾਅਦੇ ਕੀਤੇ। ਅਖੇ ਅਸੀਂ ਘਰ-ਘਰ ਰੁਜ਼ਗਾਰ ਦਿਆਂਗੇ। ਕਿਸਾਨਾਂ-ਮਜ਼ਦੂਰਾਂ ਦੇ ਸਾਰੇ ਕਰਜ਼ੇ ਮਾਫ਼ ਕਰਾਂਗੇ। ਨੌਜਵਾਨਾਂ ਨੂੰ ਮੁਫ਼ਤ ਲੈਪਟਾਪ ਅਤੇ ਮੋਬਾਈਲ ਦਿਆਂਗੇ। ਭ੍ਰਿਸ਼ਟਾਚਾਰ ਦਾ ਸੰਪੂਰਨ ਖ਼ਾਤਮਾ ਕਰਾਂਗੇ। ਕਾਨੂੰਨ ਦਾ ਰਾਜ ਕਾਇਮ ਕਰਾਂਗੇ। ਲੋੜਵੰਦਾਂ ਨੂੰ ਬੁਢਾਪਾ ਪੈਨਸ਼ਨਾਂ ਦਿਆਂਗੇ। ਗ਼ਰੀਬਾਂ ਨੂੰ ਆਟਾ-ਦਾਲ ਦੇ ਨਾਲ-ਨਾਲ ਮੁਫ਼ਤ ਖੰਡ ਅਤੇ ਚਾਹ-ਪੱਤੀ ਵੀ ਦਿਆਂਗੇ। ਜਦੋਂ ਕਿਸੇ ਪਰਿਵਾਰ ਵਿਚ ਲੜਕੇ ਦੀ ਸ਼ਾਦੀ ਹੋਇਆ ਕਰੇਗੀ ਤਾਂ ਬਰਾਤ ਵਾਸਤੇ ਬੱਸਾਂ-ਕਾਰਾਂ ਦਾ ਮੁਫ਼ਤ ਪ੍ਰਬੰਧ ਕਰ ਕੇ ਦਿਆ ਕਰਾਂਗੇ। ਕਿਸੇ ਘਰ ਲੜਕਾ ਪੈਦਾ ਹੋਣ 'ਤੇ ਉਸ ਘਰ ਪੰਜੀਰੀ ਅਸੀਂ ਪੂਰੇ ਢੋਲ-ਢਮੱਕੇ ਨਾਲ ਲੈ ਕੇ ਜਾਇਆ ਕਰਾਂਗੇ। ਲੋਕ ਇਨ੍ਹਾਂ ਵਾਅਦਿਆਂ ਤੋਂ ਐਨੇ ਪ੍ਰਭਾਵਤ ਹੋਏ ਕਿ ਉਨ੍ਹਾਂ ਨੇ ਨੇਤਾ ਜੀ ਅਤੇ ਉਨ੍ਹਾਂ ਦੀ ਪਾਰਟੀ ਨੂੰ ਵੱਡੇ ਫ਼ਰਕ ਨਾਲ ਜਿਤਾ ਦਿੱਤਾ। ਪਰ ਜਿੱਤਣ ਤੋਂ ਬਾਅਦ ਕਿਸੇ ਨੇ ਵੀ ਲੋਕਾਂ ਦੀ ਸਾਰ ਨਹੀਂ ਲਈ।

ਇਕ ਦਿਨ ਅਚਾਨਕ ਨੇਤਾ ਜੀ ਆਪਣੇ ਹਲਕੇ ਨਾਲ ਸਬੰਧਤ ਪਾਰਟੀ ਵਰਕਰ ਦੇ ਬੇਟੇ ਦੀ ਸ਼ਾਦੀ ਸਮਾਗਮ ਵਿਚ ਭਾਗ ਲੈਣ ਲਈ ਇਕ ਪਿੰਡ ਵਿਚ ਗਏ। ਜਿਵੇਂ-ਜਿਵੇਂ ਲੋਕਾਂ ਨੂੰ ਪਤਾ ਲੱਗਿਆ ਉਹ ਨੇਤਾ ਜੀ ਨੂੰ ਮਿਲਣ ਲਈ ਉਸ ਪਾਰਟੀ ਵਰਕਰ ਦੇ ਘਰ ਜਾ ਪਹੁੰਚੇ।

'ਨੇਤਾ ਜੀ, ਮੈਂ ਇਸ ਪਿੰਡ ਵਿਚ ਪਰਚੂਨ ਦੀ ਦੁਕਾਨ ਚਲਾ ਆਪਣਾ ਪਰਿਵਾਰ ਪਾਲ ਰਿਹਾ ਹਾਂ। ਮੈਂ ਤੁਹਾਡਾ ਬਹੁਤ ਹੀ ਪੁਰਾਣਾ ਸਮਰਥਕ ਹਾਂ ਅਤੇ ਤੁਹਾਡੀ ਖ਼ਾਤਰ ਮੈਂ ਪਿੰਡ ਦੇ ਕਈ ਲੋਕਾਂ ਨਾਲ ਵੈਰ ਵੀ ਸਹੇੜਿਆ ਹੈ ... ਮੇਰਾ ਬੇਟਾ ਇੰਜੀਨੀਅਰ ਹੈ, ਜਿਸ ਨੂੰ ਮੈਂ ਬਹੁਤ ਹੀ ਮੁਸ਼ਕਲ ਨਾਲ ਪੜ੍ਹਾਇਆ ਹੈ। ਪਰ ਹੁਣ ਰੁਜ਼ਗਾਰ ਦੀ ਖ਼ਾਤਰ ਦਰ-ਦਰ ਦੀਆਂ ਠੋਕਰਾਂ ਖਾ ਰਿਹਾ ਹੈ। ਕਿਰਪਾ ਕਰ ਕੇ ਇਸ ਨੂੰ ਕਿਸੇ ਸਰਕਾਰੀ ਨੌਕਰੀ 'ਤੇ ਜ਼ਰੂਰ ਲੁਆਓ ...।' ਜਿਉਂ ਹੀ ਨੇਤਾ ਜੀ ਵਿਹਾਂਦੜ ਜੋੜੀ ਨੂੰ ਅਸ਼ੀਰਵਾਦ ਦੇਣ ਉਪਰੰਤ ਸਟੇਜ ਤੋਂ ਹੇਠਾਂ ਉਤਰੇ ਸੇਠ ਸ਼ਗਨ ਲਾਲ ਨੇ ਨੇਤਾ ਜੀ ਅੱਗੇ ਦੋਵੇਂ ਹੱਥ ਜੋੜ ਕੇ ਫ਼ਰਿਆਦ ਕੀਤੀ।

'ਲਾਲਾ ਜੀ, ਸਰਕਾਰ ਦਾ ਖ਼ਜ਼ਾਨਾ ਬਿਲਕੁਲ ਹੀ ਖ਼ਾਲੀ ਹੈ। ਸਾਡੇ ਕੋਲ ਤਾਂ ਪਹਿਲੇ ਮੁਲਾਜ਼ਮਾਂ ਨੂੰ ਤਨਖਾਹ ਦੇਣ ਵਾਸਤੇ ਵੀ ਪੈਸੇ ਹੈਨੀ ਤੇ ਨਵੀਆਂ ਨਿਯੁਕਤੀਆਂ ਕਿਵੇਂ ਕਰੀਏ। ਤੁਸੀਂ ਆਪਣੇ ਬੇਟੇ ਦੀ ਯੋਗਤਾ ਦੇ ਅਨੁਸਾਰ ਉਸ ਨੂੰ ਕੋਈ ਵਧੀਆ ਜਿਹਾ ਕਾਰੋਬਾਰ ਸ਼ੁਰੂ ਕਰਵਾ ਦਿਓ। ਮਸਲਨ ਤੁਹਾਡਾ ਬੇਟਾ ਇੰਜੀਨੀਅਰ ਹੈ, ਇਹਦੇ ਲਈ ਪਲੰਬਰ ਦਾ ਕੰਮ ਵਧੀਆ ਰਹੇਗਾ। ਵੈਸੇ ਵੀ ਅੱਜ ਕੱਲ੍ਹ ਘਰਾਂ ਵਿਚ ਟੂਟੀਆਂ ਫਿੱਟ ਕਰਨ ਲਈ ਪਲੰਬਰਾਂ ਦੀ ਬਹੁਤ ਹੀ ਜ਼ਿਆਦਾ ਡਿਮਾਂਡ ਹੈ। ਲੋਕ ਧੜਾਧੜ ਕੋਠੀਆਂ ਬਣਾਈ ਜਾ ਰਹੇ ਹਨ। ਸਾਡੇ ਅਨੁਮਾਨ ਦੇ ਅਨੁਸਾਰ ਇਕ ਪਲੰਬਰ ਅੱਜ ਦੀ ਤਰੀਕ ਵਿਚ ਡੀਸੀ ਤੋਂ ਵੱਧ ਕਮਾਈ ਕਰ ਰਿਹੈ। ਐਵੇਂ ਸਰਕਾਰੀ ਨੌਕਰੀਆਂ ਲਈ ਫ਼ਾਰਮ ਭਰ-ਭਰ ਕੇ ਆਪਣੇ ਪੈਸੇ ਬਰਬਾਦ ਨਾ ਕਰੋ। ਉਂ ਵੀ ਸਰਕਾਰੀ ਨੌਕਰੀਆਂ ਆਮ ਬੰਦੇ ਦੀ ਪਹੁੰਚ ਵਿੱਚੋਂ ਬਾਹਰ ਹਨ।' ਨੇਤਾ ਜੀ ਦਾ ਗੋਲ-ਮੋਲ ਜਿਹਾ ਜਵਾਬ ਸੁਣ ਸੇਠ ਸ਼ਗਨ ਲਾਲ ਸੁੰਨ ਜਿਹਾ ਹੋ ਗਿਆ ਸੀ।

'ਨੇਤਾ ਜੀ, ਮੈਂ ਪੰਜ ਕੁ ਕਿੱਲਿਆਂ ਦੀ ਮਾਲਕੀ ਵਾਲਾ ਕਿਸਾਨ ਹਾਂ। ਮੈਂ ਢਿੱਡ-ਪੇਟ ਬੰਨ ਕੇ ਆਪਣੇ ਬੇਟੇ ਨੂੰ ਬੀ.ਐੱਡ ਅਤੇ ਬੇਟੀ ਨੂੰ ਪੀ.ਐੱਚ.ਡੀ. ਕਰਵਾਈ ਹੈ। ਹੁਣ ਦੋਵੇਂ ਬੱਚੇ ਬੇ-ਰੁਜ਼ਗਾਰ ਹਨ। ਥੋਨੂੰ ਜਿਤਾਉਣ ਲਈ ਅਸੀਂ ਇਸ ਵਾਰ ਬਹੁਤ ਭੱਜ-ਨੱਸ ਵੀ ਕੀਤੀ ਹੈ। ਹੁਣ ਕਿਰਪਾ ਕਰੋ ਤੇ ਮੇਰੇ ਬੱਚਿਆਂ ਨੂੰ ਕੋਈ ਰੁਜ਼ਗਾਰ ਜ਼ਰੂਰ ਦੁਆਓ।" ਮਿੱਠੂ ਮਾਨ ਨੇਤਾ ਜੀ ਵੱਲ ਬਹੁਤ ਹੀ ਉਮੀਦ ਭਰੀ ਨਿਗ੍ਹਾ ਨਾਲ ਵੇਖਦਾ ਹੈ।

"ਵੇਖ ਭਾਈ ਮਿੱਠੂ ਸਿਹਾਂ, ਅੱਜ ਕੱਲ ਸਰਕਾਰੀ ਨੌਕਰੀਆਂ ਵਿਚ ਕੁਝ ਨਹੀਂ ਪਿਆ। ਸਾਰੀਆਂ ਨੌਕਰੀਆਂ ਠੇਕੇ 'ਤੇ ਹੀ ਹੋ ਗਈਆਂ ਹਨ। ਇਕ ਠੇਕੇ ਵਾਲੇ ਅਧਿਆਪਕ ਨੂੰ ਉੱਕਾ-ਪੁੱਕਾ ਦਸ ਹਜ਼ਾਰ ਰੁਪਏ ਮਿਲਦੇ ਹਨ। ਹੁਣ ਤੂੰ ਹੀ ਦੱਸ, ਏਸ ਦਸ ਹਜ਼ਾਰ ਰੁਪਏ ਨੂੰ ਤੂੰ ਉੱਤੇ ਲਏਂਗਾ ਕਿ ਹੇਠਾਂ ਵਿਛਾਏਂਗਾ ... ਤੂੰ ਚੁੱਪ ਕਰਕੇ ਮੁੰਡੇ ਨੂੰ ਆਹ ਚਿੱਬੇ ਜਿਹੇ ਮੂੰਹ ਵਾਲੇ ਕੁੱਤਿਆਂ ਦਾ ਕਾਰੋਬਾਰ ਸ਼ੁਰੂ ਕਰਵਾ ਦੇ ... ਓ ਕੀ ਨਾਂ ਲੈਂਦੇ ਹੁੰਦੇ ਐ ਇਨ੍ਹਾਂ ਦਾ ... ਹਾਂ ਸਚ, ਯਾਦ ਆਇਆ ਡੋਗੋ ਅਰਜਨਟੀਨੋ ... ਗਾਹਕ ਇਸ ਨਸਲ ਦੇ ਇਕ ਕਤੂਰੇ ਨੂੰ ਹੱਸ ਕੇ ਪੰਜਾਹ ਤੋਂ ਸੱਠ ਹਜ਼ਾਰ ਰੁਪਏ ਵਿਚ ਖ਼ਰੀਦ ਲੈਂਦਾ ਹੈ। ਇਸ ਨਸਲ ਦੀ ਕੁੱਤੀ ਤਿੰਨ ਮਹੀਨਿਆਂ ਬਾਅਦ ਸੂਅ ਪੈਂਦੀ ਹੈ ਤੇ ਇਕ ਵਾਰ ਦਰਜਨ ਤੋਂ ਵੱਧ ਕਤੂਰਿਆਂ ਨੂੰ ਜਨਮ ਦੇ ਦਿੰਦੀ ਹੈ। ਤੇਰੇ ਕੋਲ ਦਿਨਾਂ ਵਿਚ ਹੀ ਐਨੇ ਪੈਸੇ ਹੋ ਜਾਣਗੇ ਕਿ ਤੇਰੇ ਤੋਂ ਸਾਂਭੇ ਨਹੀਂ ਜਾਣੇ।' ਨੇਤਾ ਜੀ ਦਾ ਜਵਾਬ ਸੁਣ ਮਿੱਠੂ ਮਾਨ ਉਦਾਸ ਜਿਹਾ ਹੋ ਗਿਆ ਸੀ।

'ਨੇਤਾ ਜੀ, ਮੇਰੀ ਬੱਸ ਅੱਡੇ ਤੇ ਸਾਈਕਲਾਂ ਦੀ ਦੁਕਾਨ ਐ। ਮੇਰੇ ਬੇਟੇ ਨੂੰ ਸਟੈਨੋ ਦਾ ਕੋਰਸ ਕੀਤਿਆਂ ਪੂਰੇ ਪੰਜ ਸਾਲ ਹੋਗੇ ਐ ਪਰ ਨੌਕਰੀ ਨਹੀਂ ਮਿਲੀ। ਹੁਣ ਤੁਸੀਂ ਕਿਰਪਾ ਕਰੋ ਤੇ ਸਾਡਾ ਬੇੜਾ ਪਾਰ ਲਾਓ। ਐਤਕੀਂ ਵੋਟਾਂ ਵੇਲੇ ਮੇਰੇ ਬੇਟੇ ਨੇ ਥੋਡੀ ਪੂਰੀ ਮਦਦ ਕੀਤੀ ਸੀ। ਥੋਡੀ ਖਾਤਰ ਵੋਟਾਂ ਵੀ ਵਾਧੂ ਮੁੱਲ ਲਈਆਂ ਸਨ ਅਤੇ ਵੋਟਰਾਂ ਨੂੰ ਸ਼ਰਾਬ ਵੀ ਵਾਧੂ ਪਿਆਈ ਸੀ। ਹੁਣ ਤੁਸੀਂ ਵੀ ਵਿੜੀ ਦਾ ਵੱਟਾ ਲਾਹੋ ਅਤੇ ਮੇਰੇ ਬੇਟੇ ਨੂੰ ਨੌਕਰੀ ਦੁਆਓ।" ਪੰਮਾ ਪੈਂਚਰਾਂ ਵਾਲਾ ਨੇਤਾ ਜੀ ਮੂਹਰੇ ਦੋਵੇਂ ਹੱਥ ਜੋੜੀ ਖੜ੍ਹਾ ਸੀ।

"ਪੰਮਾ ਸਿਹਾਂ, ਸਰਕਾਰੀ ਨੌਕਰੀ ਨੂੰ ਤੂੰ ਮਾਰ ਗੋਲੀ ਚੁੱਪ ਕਰ ਕੇ ਮੁੰਡੇ ਨੂੰ ਆਵਦੀ ਦੁਕਾਨ ਦੇ ਬਿਲਕੁਲ ਨਾਲ ਹਲਵਾਈ ਦੀ ਦੁਕਾਨ ਖੋਲ੍ਹ ਦੇ। ਅੱਜ ਕੱਲ ਮੋਤੀਚੂਰ ਦੇ ਲੱਡੂਆਂ ਦੀ ਬਹੁਤ ਡੀਮਾਂਡ ਐ। ਦੋਵੇਂ ਪਿਓ ਪੁੱਤ ਰਲ ਕੇ ਮੋਤੀਚੂਰ ਦੇ ਲੱਡੂ ਬਣਾਇਆ ਕਰੋ, ਲੋੜਵੰਦਾਂ ਨੂੰ ਖੁਆਇਆ ਕਰੋ ਅਤੇ ਚੱਤੋ-ਪਹਿਰ ਸਾਡੇ ਗੁਣ ਗਾਇਆ ਕਰੋ। ਜਦੋਂ ਆਥਣ ਹੋ ਜਏ, ਉਦੋਂ ਗਰਮਾ-ਗਰਮ ਪਕੌੜੇ ਕੱਢ ਲਿਆ ਕਰਿਓ। ਦਾਰੂ ਦੇ ਪਿਆਕੜ ਗਰਮਾ-ਗਰਮ ਪਕੌੜਿਆਂ ਨੂੰ ਬੜੇ ਚਾਅ ਨਾਲ ਖਾਂਦੇ ਐ। ਸਰਕਾਰੀ ਨੌਕਰੀ ਨਾਲੋਂ ਆਵਦਾ ਕੰਮ ਬਾਹਲਾ ਵਧੀਆ ਹੁੰਦੈ। ਨਾ ਕਿਸੇ ਦੀ ਹਿੜਕ ਤੇ ਨਾ ਝਿੜਕ।' ਨੇਤਾ ਜੀ ਨੇ ਪੰਮੇ ਪੈਂਚਰਾਂ ਵਾਲੇ ਨੂੰ ਵੀ ਗੱਲੀਂ-ਬਾਤੀਂ ਟਰਕਾ ਦਿੱਤਾ ਸੀ।

ਵੈਸੇ ਅਸੀਂ ਪੱਛਮੀ ਦੇਸ਼ਾਂ ਵਾਂਗ ਆਪਣੇ ਨੌਜਵਾਨਾਂ ਲਈ ਇਕ ਨਵੀਂ ਕਿਸਮ ਦੀ ਰੁਜ਼ਗਾਰ ਯੋਜਨਾ ਤਿਆਰ ਕੀਤੀ ਹੈ। ਸਾਡੇ ਪੜ੍ਹੇ-ਲਿਖੇ ਨੌਜਵਾਨ ਬਾਹਰ ਜਾ ਕੇ ਕੀ ਕਰਦੇ ਹਨ ਤੁਹਾਨੂੰ ਪਤਾ ਹੀ ਹੈ। ਨਾਲੇ ਘਰ-ਘਰ ਰੁਜ਼ਗਾਰ ਦੇਣ ਵਾਲੀ ਸਾਡੀ ਵੋਟਾਂ ਲੈਣ ਲਈ ਛੱਡੀ ਗਈ ਸ਼ੁਰਲੀ ਸੀ ਤੇ ਸ਼ੁਰਲੀਆਂ ਕਦੇ ਸੱਚ ਨਹੀਂ ਹੁੰਦੀਆਂ।" •

ਕਹਾਣੀ

*ਆਮ ਕਿਹਾ ਜਾਂਦਾ ਹੈ ਕਿ ਪਿਆਰ ਕੁਰਬਾਨੀ ਮੰਗਦਾ ਹੈ। ਕਿਸੇ ਨਾਲ ਵੀ ਕੀਤਾ ਪਿਆਰ ਤੁਹਾਨੂੰ ਜ਼ਿੰਦਗੀ ਜਿਊਣ ਲਈ ਉਤਸ਼ਾਹਿਤ ਕਰਦਾ ਹੈ। ਪਿਆਰ ਦੀ ਖ਼ਾਤਰ ਦੋਵੇਂ ਧਿਰਾਂ ਇਕ ਦੂਜੇ ਲਈ ਕੁਝ ਵੀ ਕੁਰਬਾਨ ਕਰਨ ਨੂੰ ਤਿਆਰ ਰਹਿੰਦੀਆਂ ਹਨ। ਕੁਝ ਅਜਿਹਾ ਹੀ ਬਿਆਨਦੀ ਹੈ ਇਹ ਪਿਆਰ ਕਹਾਣੀ...*

# ਪਿਆਰ ਦੀ ਖ਼ਾਤਰ



ਮੂਲ ਲੇਖਕ

**ਓ ਹੈਨਰੀ**

ਪੰਜਾਬੀ ਰੂਪ

**ਬਲਰਾਜ 'ਧਾਰੀਵਾਲ'**

9878317796

ਜਦੋਂ ਕੋਈ ਆਪਣੀ ਕਲਾ ਨੂੰ ਪਿਆਰ ਕਰਦਾ ਹੈ ਤਾਂ ਉਸ ਲਈ ਕੋਈ ਕੰਮ ਕਰਨਾ ਵੀ ਮੁਸ਼ਕਿਲ ਨਹੀਂ ਜਾਪਦਾ। ਇਹ ਇਸ ਕਹਾਣੀ ਦੀ ਭੂਮਿਕਾ ਹੈ। ਇਸ ਕਹਾਣੀ ਤੋਂ ਜੋ ਸਿੱਟਾ ਨਿਕਲੇਗਾ, ਉਸਦੇ ਨਾਲ ਹੀ ਇਹ ਭੂਮਿਕਾ ਗ਼ਲਤ ਸਿੱਧ ਹੋ ਜਾਏਗੀ। ਤਰਕ ਦੀ ਦੁਨੀਆ 'ਚ ਇਹ ਨਵੀਂ ਗੱਲ ਹੋਏਗੀ ਤੇ ਕਹਾਣੀਆਂ ਸੁਣਾਉਣ ਦਾ ਇਹ ਕਾਰਨਾਮਾ ਚੀਨ ਦੀ ਮਹਾਨ ਦੀਵਾਰ ਤੋਂ ਕੁਝ ਪੁਰਾਣਾ ਹੀ ਲੱਗੇਗਾ।

ਜੋਅ ਲੈਰੇਬੀ ਮਿਡਲ ਵੈਸਟ 'ਚ ਬਲੂਤ ਦੇ ਦਰੱਖ਼ਤਾਂ ਦੇ ਪਿਛਲੇ ਪਾਸੇ ਬਣੇ ਫਲੈਟਾਂ 'ਚੋਂ ਇਕ ਫਲੈਟ 'ਚ ਰਹਿੰਦਾ ਸੀ। ਉਸ ਅੰਦਰ ਚਿੱਤਰ-ਕਲਾ ਲਈ ਬੇਹੱਦ ਉਤਸ਼ਾਹ ਸੀ। ਛੇ ਸਾਲ ਦੀ ਉਮਰ 'ਚ ਉਸ ਨੇ ਸ਼ਹਿਰ 'ਚ ਲੱਗੇ ਨਲਕੇ ਦਾ ਇਕ ਚਿੱਤਰ ਬਣਾਇਆ, ਜਿਸ ਦੇ ਨੇੜਿਓਂ ਇਕ ਅਸਰ ਰਸੂਖ ਵਾਲੀ ਸ਼ਖ਼ਸੀਅਤ ਤੇਜ਼ੀ ਨਾਲ ਲੰਘ ਰਹੀ ਸੀ। ਇਹ ਚਿੱਤਰ ਫਰੇਮ ਕਰ ਕੇ ਇਕ ਦਵਾਈਆਂ ਵਾਲੇ ਸਟੋਰ ਦੀ ਖਿੜਕੀ 'ਚ ਉੱਚੇ ਨੀਵੇਂ ਲੱਗੇ ਚਿੱਤਰਾਂ ਦੀਆਂ ਕਤਾਰਾਂ 'ਚ ਟੰਗੇ ਹੋਏ ਇਕ ਮੱਕੀ ਦੇ ਸਿੱਟੇ ਦੇ ਚਿੱਤਰ ਨੇੜੇ ਟੰਗ ਦਿੱਤਾ ਗਿਆ। ਵੀਹ ਸਾਲ ਦੀ ਉਮਰ 'ਚ ਕੁਝ ਪੈਸਾ ਕਮਾ ਕੇ ਜੋਅ ਇਸ ਕੰਮ ਲਈ ਨਿਊਯਾਰਕ ਚਲਾ ਗਿਆ।

ਉਧਰ ਡੇਲੀਆ ਖ਼ਰੂਥੇਸ ਜੋ ਕਿ ਦੱਖਣੀ ਪਾਸੇ ਦੇ ਇਕ ਪਿੰਡ, ਜਿੱਥੇ ਕਿ ਬਹੁਤ ਸਾਰੇ ਚੀਲ ਦੇ ਦਰੱਖ਼ਤ ਸਨ, ਵਿਚ ਰਹਿੰਦੀ ਹੋਈ ਸੰਗੀਤ ਦੀ ਕਲਾ ਵਿਚ ਬੜਾ ਆਸ਼ਾਜਨਕ ਕੰਮ ਕਰ ਰਹੀ ਸੀ। ਉਸ ਦਾ ਇਸ ਖੇਤਰ 'ਚ ਕੰਮ ਏਨਾ ਵਧੀਆ ਸੀ ਕਿ ਉਸ ਦੇ ਸਕੇ-ਸਬੰਧੀ ਉਸ ਦੇ ਇਸ ਕੰਮ 'ਚ ਦਖ਼ਲ ਦੇਣ ਲੱਗ ਪਏ ਤੇ ਕਹਿਣ ਲੱਗ ਪਏ ਕਿ ਉਹ ਉੱਤਰ ਵਾਲੇ ਪਾਸੇ ਜਾ ਕੇ ਇਸ ਕੰਮ ਨੂੰ ਨੇਪਰੇ ਚਾੜ੍ਹੇ। ਉਹ ਇਸ ਕੰਮ ਨੂੰ ਨੇਪਰੇ ਚੜ੍ਹਦਿਆਂ ਹੋਇਆਂ ਤਾਂ ਨਾ ਦੇਖ ਸਕੇ, ਪਰ ਹੁਣ ਸਾਡੀ ਕਹਾਣੀ ਸ਼ੁਰੂ ਹੁੰਦੀ ਹੈ।

ਜੋਅ ਤੇ ਡੇਲੀਆ ਇਕ ਸਟੂਡੀਓ 'ਚ ਮਿਲੇ, ਜਿੱਥੇ ਕਿ ਬਹੁਤ ਸਾਰੇ ਪੇਂਟਿੰਗ ਤੇ ਸੰਗੀਤ ਦੇ ਵਿਦਿਆਰਥੀ ਇਕੱਠੇ ਹੋ ਕੇ ਚਿੱਤਰਾਂ 'ਚ ਧੁੱਪ ਤੇ ਛਾਂ ਦੇ ਭਾਵ ਦਰਸਾਉਣ ਬਾਰੇ, Wagner (ਜਰਮਨ ਦਾ ਮਸ਼ਹੂਰ ਸੰਗੀਤਕਾਰ) ਦੇ ਕੰਮਾਂ ਬਾਰੇ Rembrandt (ਡੱਚ ਕਲਾਕਾਰ) ਦੀਆਂ ਬਣਾਈਆਂ ਪੇਂਟਿੰਗਾਂ ਬਾਰੇ, Waldteufel (ਫਰਾਂਸ ਦਾ ਮਸ਼ਹੂਰ ਸੰਗੀਤਕਾਰ) ਦੇ ਸੰਗੀਤ ਬਾਰੇ, ਵਾਲ-ਪੇਪਰ ਬਾਰੇ, Chopin (ਪੋਲੈਂਡ ਦਾ ਮਸ਼ਹੂਰ ਪਿਆਨੋਵਾਦਕ) ਤੇ ਊਲੋਂਗ (ਇਕ ਕਿਸਮ ਦੀ ਚਾਹ-ਪੱਤੀ) ਬਾਰੇ ਬਹਿਸਾਂ ਕਰਦੇ। ਜੋਅ ਤੇ ਡੇਲੀਆ ਇਕ ਦੂਜੇ ਦੇ ਏਨੇ ਨੇੜੇ ਆ ਗਏ ਕਿ ਉਨ੍ਹਾਂ ਨੇ ਜਲਦੀ ਹੀ ਵਿਆਹ ਕਰਵਾ ਲਿਆ। (ਹੁਣ ਉੱਪਰ ਵਾਲੀਆਂ ਸਤਰਾਂ ਦੇਖੋ) "ਜਦੋਂ ਕੋਈ ਆਪਣੀ ਕਲਾ ਨੂੰ ਪਿਆਰ ਕਰਦਾ ਹੈ, ਉਸ ਲਈ ਕੋਈ ਕੰਮ ਕਰਨਾ ਵੀ ਮੁਸ਼ਕਲ ਨਹੀਂ ਜਾਪਦਾ।"

ਸ੍ਰੀਮਾਨ ਤੇ ਸ੍ਰੀਮਤੀ ਲੈਰੇਬੀ ਇਕ ਫਲੈਟ 'ਚ ਰਹਿਣ ਲੱਗ ਪਏ। ਇਹ ਫਲੈਟ ਇਕਾਂਤ ਜਿਹੀ ਜਗ੍ਹਾ 'ਤੇ ਗਲੀ ਦੇ ਖੱਬੇ ਪਾਸੇ ਅਖ਼ੀਰ 'ਚ, ਕੁਝ ਨੀਵੀਂ ਜਿਹੀ ਥਾਂ 'ਤੇ ਬਣਿਆ ਹੋਇਆ ਸੀ ਅਤੇ ਉਹ ਖ਼ੁਸ਼ ਸਨ ਕਿਉਂਕਿ ਉਨ੍ਹਾਂ ਕੋਲ ਕਲਾ ਸੀ ਤੇ ਇਕ ਦੂਜੇ ਦਾ ਸਾਥ ਸੀ। ਇਥੇ ਮੇਰੀ ਉਸ ਨੌਜਵਾਨ ਨੂੰ ਇਹੋ ਸਿੱਖਿਆ ਹੋਏਗੀ ਕਿ ਜੋ ਕੁਝ ਉਸ ਦੇ ਕੋਲ ਹੈ, ਉਹ ਸਭ ਉਸ ਦਰਬਾਨ ਨੂੰ ਦੇ ਦੇਵੇ, ਜਿਸ ਨੇ ਉਸਨੂੰ ਉਸਦੀ ਕਲਾ ਤੇ ਡੇਲੀਆ ਦੇ ਨਾਲ ਰਹਿਣ ਲਈ ਕੁਝ ਰਿਆਇਤ ਵੀ ਕੀਤੀ ਹੈ।

ਫਲੈਟਾਂ ਵਿਚ ਰਹਿਣ ਵਾਲੇ ਮੇਰੀ ਇਸ ਰਾਇ ਦਾ ਸਮਰਥਨ ਕਰਨਗੇ ਕਿ ਸੱਚੀ ਖ਼ੁਸ਼ੀ ਓਹੀ ਮਾਣ ਰਹੇ ਹਨ। ਜੇ ਤਾਂ ਘਰ ਵਿਚ ਖ਼ੁਸ਼ੀ ਦਾ ਮਾਹੌਲ ਹੈ ਤਾਂ ਛੋਟਾ ਘਰ ਵੀ ਸੌੜਾ ਨਹੀਂ ਹੋ ਸਕਦਾ। ਭਾਂਡਿਆਂ ਵਾਲੀ ਅਲਮਾਰੀ ਨੂੰ ਥੱਲੇ ਇਕੱਠੀ ਕਰ ਲਓ। ਉਹ ਬਿਲੀਅਰਡ ਖੇਡਣ ਦਾ ਮੇਜ਼ ਬਣ ਜਾਏਗਾ। ਕਾਰਨਸ ਨੂੰ ਤੁਸੀਂ ਚੱਪੂ ਮਾਰਨ ਵਾਂਗ ਵਰਜਸ਼ ਕਰਨ ਵਾਲੀ ਮਸ਼ੀਨ 'ਚ ਬਦਲ ਸਕਦੇ ਹੋ। ਲਿਖਣ ਪੜ੍ਹਨ ਦੇ ਮੇਜ਼ ਨੂੰ ਤਸੀਂ ਇਕ ਵਾਧੂ ਸੌਣ ਵਾਲਾ ਕਮਰਾ ਬਣਾ ਸਕਦੇ ਹੋ। ਹੱਥ ਮੂੰਹ ਧੋਣ ਲਈ ਬਰਤਨ ਰੱਖਣ ਵਾਲੇ ਮੇਜ਼ ਨੂੰ ਸਿੱਧਾ ਉੱਪਰ ਨੂੰ ਖੜ੍ਹਾ ਕਰਕੇ ਪਿਆਨੋ 'ਚ ਬਦਲ ਸਕਦੇ ਹੋ। ਜੇ ਘਰ ਦੀਆਂ ਚਾਰੇ ਕੰਧਾਂ ਡਿੱਗ ਪੈਣ ਤਾਂ ਤੁਸੀਂ ਤੇ ਡੇਲੀਆ ਉਨ੍ਹਾਂ ਦੇ ਵਿਚਕਾਰ ਹੀ ਰਹੋਗੇ। ਪਰ ਜੇ ਘਰ ਹੋਰ ਕਿਸੇ ਕਿਸਮ ਦਾ ਹੋਵੇਗਾ, ਜਿਵੇਂ ਕਿ ਬਹੁਤ ਲੰਬਾ ਤੇ ਚੌੜਾ ਹੋਵੇਗਾ, ਤਾਂ ਤੁਸੀਂ ਸੁਨਹਿਰੀ ਗੇਟ ਰਾਹੀਂ ਅੰਦਰ ਆਓਗੇ ਤੇ ਆਪਣਾ ਟੋਪ ਤੇ ਬਾਹਾਂ ਤੋਂ ਬਿਨਾਂ ਬਣਿਆ ਹੋਇਆ ਛੋਟਾ ਚੋਗਾ ਪਹਿਨ ਕੇ ਆਪਣੇ ਲੈਬਰਡੋਰ ਕੁੱਤੇ ਨਾਲ ਬਾਹਰ ਚਲੇ ਜਾਓਗੇ।

ਜੋਅ ਯੂਨੀਵਰਸਿਟੀ ਦੀ ਕਲਾਸ ਵਿਚ ਇਕ ਮਹਾਨ ਪ੍ਰੋਫੈਸਰ ਕੋਲੋਂ ਪੇਂਟਿੰਗ ਦਾ ਕੰਮ ਸਿੱਖਣ ਲੱਗ ਪਿਆ ਸੀ। ਤੁਸੀਂ ਇਨ੍ਹਾਂ ਪ੍ਰੋਫੈਸਰਾਂ ਦੀ ਮਸ਼ਹੂਰੀ ਬਾਰੇ ਜਾਣਦੇ ਹੀ ਹੋ। ਉਸ ਪ੍ਰੋਫੈਸਰ ਦੀ ਫ਼ੀਸ ਬਹੁਤ ਜ਼ਿਆਦਾ ਸੀ ਤੇ ਜੋ ਉਹ ਸਿਖਾਉਂਦਾ ਸੀ, ਉਹ ਬਹੁਤ ਸੂਖਮ ਕਲਾ ਸੀ। ਉਸ ਦੇ ਕੰਮ ਦੀ ਵਿਸ਼ੇਸ਼ਤਾ ਨੇ ਹੀ ਉਸ ਨੂੰ ਮਸ਼ਹੂਰ ਕਰ ਦਿੱਤਾ ਸੀ। ਡੇਲੀਆ, ਰੋਜ਼ਨਸਟਾਅ ਕੋਲੋਂ ਸੰਗੀਤ ਸਿੱਖਣ ਲੱਗ ਪਈ।

ਜਿੰਨਾ ਚਿਰ ਤਕ ਉਨ੍ਹਾਂ ਕੋਲ ਪੈਸੇ ਰਹੇ, ਉਹ ਬਹੁਤ ਹੀ ਖ਼ੁਸ਼ ਸਨ। ਹਰ ਕਿਸੇ ਨਾਲ ਏਦਾਂ ਹੀ ਹੁੰਦਾ ਹੈ। ਪਰ ਮੈਂ ਕੋਈ ਫ਼ਿਲਾਸਫ਼ਰ ਵੀ ਨਹੀਂ ਹਾਂ। ਉਨ੍ਹਾਂ ਦੇ ਟੀਚੇ ਬੜੇ ਸਪੱਸ਼ਟ ਤੇ ਨਿਸ਼ਚਿਤ ਸਨ। ਜੋਅ ਬੜੀ ਛੇਤੀ ਚਿੱਤਰ ਬਣਾਉਣ ਦੀ ਕਲਾ 'ਚ ਮਾਹਿਰ ਹੋਣਾ ਚਾਹੁੰਦਾ ਸੀ, ਤਾਂ ਕਿ ਪਤਲੀਆਂ ਮੁੱਛਾਂ ਵਾਲੇ ਤੇ ਆਪਣੇ ਕੋਲ ਮੋਟੀਆਂ ਜੇਬੀ ਪੁਸਤਕਾਂ ਰੱਖਣ ਵਾਲੇ ਚੰਗੇ ਰਈਸ ਲੋਕ ਉਸਦੇ ਸਟੂਡੀਓ 'ਚ ਆਉਣ ਤੇ ਉਸ ਦੇ ਚਿੱਤਰ ਖ਼ਰੀਦਣ ਲਈ ਇਕ ਦੂਜੇ ਤੋਂ ਅੱਗੇ ਹੋਣ। ਡੇਲੀਆ ਵੀ ਚਾਹੁੰਦੀ ਸੀ ਕਿ ਉਹ ਸੰਗੀਤ ਕਲਾ 'ਚ ਬਹੁਤ ਮਾਹਿਰ ਹੋ ਜਾਏ ਤੇ ਨਾਲ ਹੀ ਏਨੀ ਗੁਸਤਾਖ਼ ਵੀ ਹੋ ਜਾਏ ਕਿ ਜਦੋਂ ਉਸਨੂੰ ਪਤਾ ਲੱਗੇ ਕਿ ਸੰਗੀਤ ਸੁਣਨ ਵਾਲੀਆਂ ਮਹੱਤਵਪੂਰਨ ਸ਼ਖ਼ਸੀਅਤਾਂ ਦੀਆਂ ਸੀਟਾਂ 'ਤੇ ਖ਼ਾਸ ਸਰੋਤਿਆਂ ਲਈ ਬੈਠਣ ਲਈ ਬਣੀਆਂ ਵੱਖਰੀਆਂ ਥਾਵਾਂ ਖ਼ਾਲੀ ਪਈਆਂ ਹਨ, ਤਾਂ ਉਹ ਗਲਾ ਖ਼ਰਾਬ ਹੋਣ ਦਾ ਬਹਾਨਾ ਕਰੇ ਤੇ ਆਪਣੇ ਕਮਰੇ 'ਚ ਝੀਂਗਾ ਮੱਛੀ ਦੇ ਨਰਮ ਮਾਸ ਦਾ ਆਨੰਦ ਮਾਣੇ ਤੇ ਸਟੇਜ 'ਤੇ ਜਾਣ ਤੋਂ ਇਨਕਾਰ ਕਰ ਦੇਵੇ।

ਪਰ ਸਭ ਤੋਂ ਵਧੀਆ ਗੱਲ ਤਾਂ ਇਹ ਸੀ ਕਿ ਇਕ ਛੋਟੇ ਜਿਹੇ ਫਲੈਟ 'ਚ ਘਰੇਲੂ ਜ਼ਿੰਦਗੀ ਬਿਤਾਉਣੀ, ਦਿਨ ਵੇਲੇ ਅਧਿਐਨ ਕਰਨ ਤੋਂ ਬਾਅਦ ਗਰਮਜੋਸ਼ੀ ਨਾਲ ਗੱਪਸ਼ੱਪ ਮਾਰਨੀ, ਪਿਆਰ ਨਾਲ ਰਾਤ ਦਾ ਤਾਜ਼ਾ ਭੋਜਨ ਖਾਣਾ, ਸਵੇਰੇ ਹਲਕਾ ਜਿਹਾ ਨਾਸ਼ਤਾ ਕਰਨਾ, ਆਪਣੀਆਂ ਖ਼ਾਹਿਸ਼ਾਂ ਇਕ ਦੂਜੇ ਨੂੰ ਦੱਸਣੀਆਂ, ਆਪਣੀਆਂ ਰੀਝਾਂ ਜਾਂ ਹੋਰ ਵੀ ਕਈ ਮਾਮੂਲੀ ਗੱਲਾਂ ਇਕ ਦੂਜੇ ਨਾਲ ਪਰਸਪਰ ਸਾਂਝੀਆਂ ਕਰਨੀਆਂ। ਇਕ ਦੂਜੇ ਦੀ ਮਦਦ ਕਰਨੀ, ਇਕ ਦੂਜੇ ਦੀ ਪ੍ਰੇਰਨਾ ਬਣਨਾ ਅਤੇ ਮੇਰੀ ਗੱਲ ਕਹਿਣ ਦੇ ਸਿੱਧੇ ਸਾਦੇ ਢੰਗ ਨੂੰ ਨਜ਼ਰ ਅੰਦਾਜ਼ ਕਰਨਾ, ਮੀਟ ਅਤੇ ਮੱਖਣ ਵਾਲੇ ਸੈਂਡਵਿਚ ਰਾਤ ਦੇ ਗਿਆਰਾਂ ਵਜੇ ਖਾਣੇ।

ਕੁਝ ਚਿਰਾਂ ਬਾਅਦ ਉਸ ਦੀ ਕਲਾ ਦਾ ਰੰਗ ਫਿੱਕਾ ਪੈ ਗਿਆ। ਅਕਸਰ ਏਦਾਂ ਹੀ ਹੁੰਦਾ ਹੈ। ਇਥੋਂ ਤਕ ਕਿ ਜਦੋਂ ਕੋਈ ਰੇਲਵੇ ਸਟੇਸ਼ਨ ਦਾ ਸਵਿਚਮੈਨ ਵੀ ਕੁਝ ਚਿਰ ਕੱਪੜੇ ਦੀ ਝੰਡੀ ਨਾ ਹਿਲਾਏ ਤਾਂ ਉਸ ਦਾ ਰੰਗ ਵੀ ਫਿੱਕਾ ਪੈ ਜਾਂਦਾ ਹੈ। ਉਜੱਡ ਆਦਮੀਆਂ ਵਾਂਗ, ਘਰ 'ਚੋਂ ਹਰ ਚੀਜ਼ ਬਾਹਰ ਜਾ ਰਹੀ ਸੀ, ਪਰ ਘਰ ਦੇ ਅੰਦਰ ਕੁਝ ਵੀ ਨਹੀਂ ਸੀ ਆ ਰਿਹਾ। ਪੇਂਟਿੰਗ ਦੇ ਪ੍ਰੋਫੈਸਰ ਤੇ ਹੇਆਰ ਰੋਜ਼ਨਸਟਾਅ ਨੂੰ ਫ਼ੀਸਾਂ ਦੇਣ ਲਈ ਪੈਸੇ ਘਟ ਗਏ ਸਨ। ਜਦੋਂ ਕੋਈ ਆਪਣੀ ਕਲਾ ਨੂੰ ਪਿਆਰ ਕਰਦਾ ਹੈ ਤਾਂ ਉਸ ਲਈ ਕੋਈ ਵੀ ਕੰਮ ਕਰਨਾ ਔਖਾ ਨਹੀਂ ਜਾਪਦਾ। ਇਸ ਲਈ ਡੇਲੀਆ ਨੇ ਕਿਹਾ ਕਿ ਉਹ ਘਰ ਦਾ ਚੁੱਲ੍ਹਾ ਗਰਮ ਰੱਖਣ ਲਈ ਬੱਚਿਆਂ ਨੂੰ ਸੰਗੀਤ ਦੇ ਸਬਕ ਪੜ੍ਹਾਏਗੀ।

ਦੋ ਤਿੰਨ ਦਿਨ ਵਾਸਤੇ ਉਹ ਵਿਦਿਆਰਥੀਆਂ ਨੂੰ ਸੰਗੀਤ ਪੜ੍ਹਨ ਵਾਸਤੇ ਪ੍ਰੇਰਦੀ ਰਹੀ। ਇਕ ਦਿਨ ਉਹ ਬੜੀ ਖ਼ੁਸ਼ੀ-ਖ਼ੁਸ਼ੀ ਘਰ ਆਈ।

ਉਹ ਜੋਅ ਨੂੰ ਖ਼ੁਸ਼ੀ ਨਾਲ ਦੱਸਣ ਲੱਗੀ, 'ਪਿਆਰੇ ਜੋਅ, ਮੈਨੂੰ ਇਕ ਵਿਦਿਆਰਥੀ ਮਿਲ ਗਿਆ ਹੈ ਅਤੇ ਉਫ਼, ਉਹ ਬਹੁਤ ਹੀ ਪਿਆਰੇ ਲੋਕ ਹਨ! ਜਨਰਲ ਏ. ਬੀ. ਪਿੰਕਨੇ ਤੇ ਉਸ ਦੀ ਬੇਟੀ - ਉਹ ਇਕਹੱਤਰ ਨੰਬਰ ਗਲੀ 'ਚ ਰਹਿੰਦੇ ਹਨ। ਜੋਅ, ਉਨ੍ਹਾਂ ਦਾ ਬੜਾ ਸ਼ਾਨਦਾਰ ਘਰ ਹੈ। ਤੈਨੂੰ ਉਨ੍ਹਾਂ ਦਾ ਸਾਹਮਣਾ ਦਰਵਾਜ਼ਾ ਦੇਖਣਾ ਚਾਹੀਦਾ ਹੈ। ਮੇਰਾ ਖ਼ਿਆਲ ਹੈ ਕਿ ਤੂੰ ਏਸ ਨੂੰ ਨਿਰਮਾਣ-ਕਲਾ ਦਾ ਕੋਈ ਉੱਤਮ ਨਮੂਨਾ ਹੀ ਕਹੇਂਗਾ ਤੇ ਇਸ ਦੇ ਅੰਦਰਲਾ ਦ੍ਰਿਸ਼! ਉਫ਼, ਜੋਅ, ਮੈਂ ਕਦੀ ਵੀ ਪਹਿਲਾਂ ਅਜਿਹਾ ਘਰ ਨਹੀਂ ਦੇਖਿਆ।

ਉਸ ਦੀ ਬੇਟੀ ਜਿਸ ਦਾ ਨਾਮ 'ਕਲੈਮਟੀਨਾ' ਹੈ, ਉਹ ਮੇਰੀ ਵਿਦਿਆਰਥਣ ਹੈ। ਮੈਂ ਉਸ ਨੂੰ ਪਹਿਲਾਂ ਹੀ ਬਹੁਤ ਪਿਆਰ ਕਰਨ ਲੱਗ ਪਈ ਹਾਂ। ਉਹ ਬੜੀ ਹੀ ਕੋਮਲ ਹੈ। ਉਹ ਹਮੇਸ਼ਾ ਚਿੱਟੀ ਪੁਸ਼ਾਕ ਹੀ ਪਹਿਨਦੀ ਹੈ। ਉਹ ਦਾ ਸਲੀਕਾ ਸਭ ਤੋਂ ਦਿਲਕਸ਼ ਤੇ ਸਹਿਜ ਵਾਲਾ ਹੈ। ਸਿਰਫ਼ ਅਠਾਰਾਂ ਸਾਲ ਦੀ ਹੈ ਉਹ। ਮੈਂ ਸਿਰਫ਼ ਹਫ਼ਤੇ 'ਚ ਉਹ ਨੂੰ ਤਿੰਨ ਵਾਰ ਹੀ ਸੰਗੀਤ ਦੇ ਸਬਕ ਦੇਣੇ ਹਨ ਤੇ ਜੋਅ ਜ਼ਰਾ ਸੋਚ, ਇਕ ਸਬਕ ਦੇ ਮੈਨੂੰ ਪੰਜ ਡਾਲਰ ਮਿਲਣਗੇ। ਮੈਨੂੰ ਇਸ ਗੱਲ ਦਾ ਭੋਰਾ ਵੀ ਗਿਲਾ ਨਹੀਂ, ਕਿਉਂਕਿ ਮੈਨੂੰ ਜਦੋਂ ਦੋ ਜਾਂ ਤਿੰਨ ਹੋਰ ਵਿਦਿਆਰਥੀ ਮਿਲ ਗਏ ਤਾਂ ਮੈਂ ਹੇਆਰ ਰੋਜ਼ਨਸਟਾਅ ਕੋਲੋਂ ਦੁਬਾਰਾ ਸੰਗੀਤ ਸਿੱਖਣਾ ਸ਼ੁਰੂ ਕਰ ਦੇਵਾਂਗੀ। ਹੁਣ ਆਪਣੀ ਇਹ ਭਰਵੱਟਿਆਂ ਦੇ ਵਿਚਲੀ ਤਿਊੜੀ ਨੂੰ ਸਾਫ਼ ਕਰ ਲੈ ਪਿਆਰੇ, ਤੇ ਚੱਲ ਵਧੀਆ ਜਿਹਾ ਰਾਤ ਦਾ ਖਾਣਾ ਖਾਈਏ।'

ਜੋਅ ਨੇ ਮਟਰਾਂ ਵਾਲਾ ਡੱਬਾ ਤਿੱਖੇ ਤੇ ਟੇਢੇ ਚਾਕੂ ਨਾਲ ਖੋਲ੍ਹਦਿਆਂ ਹੋਇਆਂ ਕਿਹਾ, 'ਡੇਅਲ, ਇਹ ਸਭ ਤੇਰੇ ਲਈ ਠੀਕ ਹੋਵੇਗਾ, ਪਰ ਕੀ ਇਹ ਮੇਰੇ ਲਈ ਵੀ ਠੀਕ ਹੋਵੇਗਾ। ਕੀ ਤੂੰ ਸੋਚਦੀ ਹੈਂ ਕਿ ਮੈਂ ਤੈਨੂੰ ਪੈਸੇ ਕਮਾਉਣ ਲਈ ਮਜਬੂਰ ਕਰਾਂ ਤੇ ਆਪ ਉੱਤਮ ਕਲਾ ਦੇ ਨਮੂਨੇ ਬਣਾਉਣ ਲਈ ਇਧਰ ਉਧਰ ਐਸ਼ ਪ੍ਰਸਤੀ ਕਰਦਾ ਫਿਰਾਂ। ਮੈਂ Benvenuto Cellini (ਇਟਲੀ ਦਾ ਇਕ ਮਸ਼ਹੂਰ ਬੁੱਤਘਾੜਾ) ਦੀ ਸਹੁੰ ਖਾਂਦਾ ਹਾਂ ਕਿ ਇੰਜ ਕਦੀ ਵੀ ਨਹੀਂ ਹੋਏਗਾ। ਮੇਰਾ ਖ਼ਿਆਲ ਹੈ ਕਿ ਮੈਂ ਅਖ਼ਬਾਰਾਂ ਵੇਚ ਕੇ ਜਾਂ ਫ਼ਰਸ਼ਾਂ 'ਤੇ ਪੱਥਰ ਲਗਾ ਕੇ ਇਕ ਜਾਂ ਦੋ ਡਾਲਰ ਕਮਾ ਕੇ ਲਿਆ ਸਕਦਾ ਹਾਂ।'

ਡੇਲੀਆ ਉਸ ਕੋਲ ਆਈ ਤੇ ਉਸ ਦੀ ਗਰਦਨ ਦੁਆਲੇ ਬਾਂਹ ਪਾ ਕੇ ਕਹਿਣ ਲੱਗੀ, 'ਪਿਆਰੇ ਜੋਅ, ਤੂੰ ਤਾਂ ਮੂਰਖ ਹੈਂ। ਤੂੰ ਆਪਣੀ ਪੜ੍ਹਾਈ ਜਾਰੀ ਰੱਖਣੀ ਹੈ। ਇਹ ਕੋਈ ਵੱਡੀ ਗੱਲ ਨਹੀਂ ਹੈ ਕਿ ਮੈਂ ਸੰਗੀਤ ਸਿੱਖਣਾ ਛੱਡ ਕੇ ਆਪ ਸੰਗੀਤ ਸਿਖਾਉਣ ਲੱਗ ਪਈ ਹਾਂ। ਸੰਗੀਤ ਸਿਖਾਉਂਦੇ ਸਮੇਂ ਮੈਂ ਆਪ ਵੀ ਸਿੱਖਦੀ ਹਾਂ। ਮੇਰਾ ਸੰਗੀਤ ਹਮੇਸ਼ਾ ਮੇਰੇ ਨਾਲ ਹੈ ਅਤੇ ਅਸੀਂ ਹਫ਼ਤੇ ਦੇ ਪੰਦਰਾਂ ਡਾਲਰ ਕਮਾ ਕੇ ਕਰੋੜਪਤੀਆਂ ਵਾਂਗ ਰਹਿ ਸਕਦੇ ਹਾਂ। ਤੂੰ ਕਦੀ ਵੀ ਪ੍ਰੋਫੈਸਰ ਤੋਂ ਪੇਂਟਿੰਗ ਸਿੱਖਣ ਤੋਂ ਹਟਣ ਬਾਰੇ ਸੋਚਣਾ ਵੀ ਨਹੀਂ।'

ਜੋਅ ਨੀਲੇ ਰੰਗ ਦਾ ਸਬਜ਼ੀ ਬਣਾਉਣ ਵਾਲਾ ਫਰਾਈਪੈਨ ਫੜਦਾ ਹੋਇਆ ਬੋਲਿਆ, "ਠੀਕ ਹੈ, ਪਰ ਮੈਂ ਤੇਰੇ ਇਸ ਤਰ੍ਹਾਂ ਪੜ੍ਹਾਉਣ ਦੇ ਕੰਮ ਨੂੰ ਚੰਗਾ ਨਹੀਂ ਸਮਝਦਾ। ਇਹ ਕਲਾ ਨਹੀਂ ਹੈ। ਪਰ ਤੂੰ ਕਮਾਲ ਦੀ ਔਰਤ ਹੈਂ ਤੇ ਇਸ ਕੰਮ ਨੂੰ ਦਿਲੋਂ ਕਰ ਰਹੀ ਹੈਂ।'

ਅੱਗੋਂ ਡੇਲੀਆ ਕਹਿਣ ਲੱਗੀ, 'ਜਦੋਂ ਕੋਈ ਆਪਣੀ ਕਲਾ ਨੂੰ ਪਿਆਰ ਕਰਦਾ ਹੈ, ਉਸ ਨੂੰ ਕੋਈ ਕੰਮ ਵੀ ਕਰਨਾ ਔਖਾ ਨਹੀਂ ਜਾਪਦਾ।'

ਜੋਅ ਦੱਸਣ ਲੱਗਾ, 'ਉਸ ਰੇਖਾ ਚਿੱਤਰ 'ਚ ਜੋ ਮੈਂ ਅਸਮਾਨ ਚਿਤਰਿਆ ਸੀ, ਪ੍ਰੋਫੈਸਰ ਨੇ ਉਸ ਦੀ ਸ਼ਲਾਘਾ ਕੀਤੀ ਹੈ ਅਤੇ ਟਿੰਕਲ ਨੇ ਵੀ ਮੈਨੂੰ ਦੋ ਪੇਂਟਿੰਗਾਂ ਆਪਣੀ ਖਿੜਕੀ 'ਚ ਲਾਉਣ ਲਈ ਆਗਿਆ ਦੇ ਦਿੱਤੀ ਹੈ। ਇਕ ਤਾਂ ਵਿਕ ਹੀ ਜਾਏਗੀ, ਜੇ ਕਿਸੇ ਧਨਾਢ ਮੂਰਖ ਬੰਦੇ ਦੀ ਨਜ਼ਰ ਇਸ 'ਤੇ ਪੈ ਜਾਏ।'

ਡੇਲੀਆ ਪਿਆਰ ਨਾਲ ਬੋਲੀ, 'ਹਾਂ, ਜ਼ਰੂਰ ਵਿਕੇਗੀ ਤੇ ਆ ਹੁਣ ਜ਼ਰਾ ਜਨਰਲ ਪਿੰਕਨੇ ਤੇ ਏਸ ਭੁੱਜੇ ਹੋਏ ਮਾਸ ਦੇ ਸ਼ੁਕਰਗੁਜ਼ਾਰ ਹੋਈਏ।'

ਅਗਲਾ ਸਾਰਾ ਹਫ਼ਤਾ ਇਹ ਜੋੜਾ ਸਵੇਰ ਦਾ ਨਾਸ਼ਤਾ ਜਲਦੀ ਹੀ ਕਰ ਲੈਂਦਾ ਰਿਹਾ। ਜੋਅ ਸਵੇਰ ਨੂੰ ਉਤਸ਼ਾਹ ਨਾਲ ਭਰਿਆ ਹੋਇਆ ਹੁੰਦਾ। ਉਹ ਸੈਂਟ੍ਰਲ ਪਾਰਕ 'ਚ ਰੇਖਾ ਚਿੱਤਰ ਬਣਾ ਰਿਹਾ ਸੀ ਅਤੇ ਡੇਲੀਆ ਉਸ ਨੂੰ ਸੱਤ ਵਜੇ ਤਕ ਅੰਡੇ ਵਗੈਰਾ ਭੁੰਨ ਕੇ ਉਸ ਨੂੰ ਨਾਸ਼ਤਾ ਕਰਵਾ ਦਿੰਦੀ, ਉਸ ਦੀ ਤਾਰੀਫ਼ ਕਰਦੀ, ਉਸ ਨੂੰ ਚੁੰਮਦੀ ਤੇ ਫੇਰ ਉਸ ਨੂੰ ਘਰੋਂ ਤੁਰਦਾ ਕਰ ਦਿੰਦੀ। ਕਲਾ ਇਕ ਆਕ੍ਰਸ਼ਕ ਪ੍ਰੇਮਿਕਾ ਵਾਂਗ ਹੀ ਹੁੰਦੀ ਹੈ।

ਹਫ਼ਤੇ ਦੇ ਅਖ਼ੀਰ ਵਿਚ ਇਕ ਦਿਨ ਡੇਲੀਆ ਨੇ ਪਿਆਰ ਨਾਲ, ਪਰ ਕੁਝ ਬੇਦਿਲੀ ਜਿਹੀ ਨਾਲ ਤੇ ਜੇਤੂ ਅੰਦਾਜ਼ 'ਚ ਤਿੰਨ ਨੋਟ ਪੰਜ ਡਾਲਰ ਦੇ, ਫਲੈਟ ਦੀ ਅੱਠ ਫੁੱਟ ਲੰਬੀ, ਦਸ ਫੁੱਟੀ ਚੌੜੀ ਬੈਠਕ 'ਚ, ਅੱਠ ਇੰਚ ਲੰਬੇ ਤੇ ਦਸ ਇੰਚ ਚੌੜੇ ਮੇਜ਼ 'ਤੇ ਉਛਾਲ ਕੇ ਸੁੱਟੇ।

ਫੇਰ ਕੁਝ ਥੱਕੇ ਹੋਏ ਅੰਦਾਜ਼ 'ਚ ਕਹਿਣ ਲੱਗੀ, 'ਕਲੈਮਟੀਨਾ ਮੈਨੂੰ ਸਬਕ ਦੁਹਰਾਉਣ ਲਈ ਬਾਰ-ਬਾਰ ਕਹਿੰਦੀ ਹੈ। ਮੈਨੂੰ ਡਰ ਹੈ ਕਿ ਉਹ ਬਹੁਤਾ ਅਭਿਆਸ ਨਹੀਂ ਕਰਦੀ। ਮੈਨੂੰ ਉਸ ਨੂੰ ਉਹੋ ਗੱਲਾਂ ਹੀ ਬੜੀ ਵਾਰੀ ਦੱਸਣੀਆਂ ਪੈਂਦੀਆਂ ਹਨ। ਫੇਰ ਕੱਪੜੇ ਵੀ ਬਿਲਕੁਲ ਸਫ਼ੈਦ ਹੀ ਪਹਿਨਦੀ ਹੈ ਤੇ ਇਸ ਤਰ੍ਹਾਂ ਮਾਹੌਲ ਅਕਾਊ ਬਣਿਆ ਰਹਿੰਦਾ ਹੈ ਪਰ ਜਨਰਲ ਪਿੰਕਨੇ ਬਹੁਤ ਵਧੀਆ ਬਜ਼ੁਰਗ ਹੈ।

ਜੋਅ, ਮੈਂ ਚਾਹੁੰਦੀ ਹਾਂ, ਤੂੰ ਉਸ ਬਾਰੇ ਸੁਣੇਂ। ਤੈਨੂੰ ਪਤੈ, ਉਸ ਦੀ ਪਤਨੀ ਮਰ ਚੁੱਕੀ ਹੈ। ਜਦੋਂ ਕਈ ਵਾਰੀ ਮੈਂ ਕਲੈਮਟੀਨਾ ਨੂੰ ਸੰਗੀਤ ਸਿਖਾ ਰਹੀ ਹੁੰਦੀ ਹਾਂ, ਉਹ ਕਮਰੇ ਅੰਦਰ ਆ ਕੇ ਉਥੇ ਖੜ੍ਹਾ- ਖੜ੍ਹਾ ਆਪਣੀ ਬੱਕਰੇ ਵਰਗੀ ਦਾੜ੍ਹੀ ਨੂੰ ਖਿੱਚਦਾ ਰਹਿੰਦਾ ਹੈ। **(ਜਾਰੀ)**

## ਪੁਸਤਕ ਚਰਚਾ



ਹਰਸਿਮਰਨ ਕੌਰ ਦੀ ਪੁਰਜ਼ੋਰ ਕਲਮ ਹੁਣ ਤਕ ਇਕ ਅੰਗਰੇਜ਼ੀ ਪੁਸਤਕ ਸਮੇਤ 14 ਪੁਸਤਕਾਂ ਦੀ ਰਚਨਾ ਕਰ ਚੁੱਕੀ ਹੈ। ਵਿਚਾਰ ਗੋਚਰੀ ਪੁਸਤਕ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਦਰਜ ਜਿਨ੍ਹਾਂ 15 ਭਗਤਾਂ ਅਤੇ 11 ਭੱਟਾਂ ਦੀ ਬਾਣੀ ਦਰਜ ਹੈ, ਉਨ੍ਹਾਂ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਦੇ (ੳ) ਅਤੇ (ਅ) ਦੋ ਭਾਗ ਹਨ। ਪਹਿਲੇ ਭਾਗ ਵਿਚ 15 ਭਗਤਾਂ ਦੇ ਜੀਵਨ ਤੇ ਬਾਣੀ ਦਾ ਜ਼ਿਕਰ ਕਰਦਿਆਂ ਲੇਖਿਕਾ ਦਾ ਵਿਚਾਰ ਹੈ ਕਿ ਰਾਮਨੰਦ ਜੀ ਪਹਿਲੇ ਹਿੰਦੂ ਭਗਤ ਸਨ, ਜਿਨ੍ਹਾਂ ਨੇ ਜਾਤ-ਪਾਤ ਤੇ ਮੂਰਤੀ ਪੂਜਾ ਦਾ ਖੰਡਨ ਕੀਤਾ। ਉਨ੍ਹਾਂ ਨੇ ਸੰਸਕ੍ਰਿਤ ਦੀ ਥਾਂ ਲੋਕ ਬੋਲੀ ਵਿਚ ਬਾਣੀ ਉਚਾਰਨ ਕੀਤੀ।

ਕਬੀਰ ਸਾਹਿਬ ਨੇ ਜਾਤ ਪਾਤ ਨੂੰ ਵੰਗਾਰਦਿਆਂ ਇਹ ਬਚਨ ਉਚਾਰੇ:

ਜੌ ਤੂੰ ਬ੍ਰਾਹਮਣ ਬ੍ਰਾਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀਂ ਆਇਆ।

ਇਸ ਭਾਗ 'ਚ ਭਗਤਾਂ ਦੇ ਨਾਂ, ਜਨਮ ਸਾਲ, ਪਿੰਡ, ਸੂਬੇ, ਜਾਤੀ ਦੇ ਵੇਰਵੇ ਦੇ ਨਾਲ-ਨਾਲ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੇ ਸ਼ਬਦਾਂ ਦਾ ਵੇਰਵਾ ਦਰਜ ਹੈ। ਹਰੇਕ ਭਗਤ ਦੀ ਬਾਣੀ ਦੇ ਅਨੇਕਾਂ ਢੁਕਵੇਂ ਪ੍ਰਮਾਣ ਹਰ ਲੇਖ ਵਿਚ ਦਿੱਤੇ ਗਏ ਹਨ। ਇਸ ਦੇ ਨਾਲ ਨਾਲ ਭਗਤਾਂ ਨਾਲ ਸਬੰਧਤ ਸਾਖੀਆਂ ਵੀ ਦਰਜ ਹਨ। ਭਗਤਾਂ ਅੰਦਰਲੀ ਨਿਮਰਤਾ ਰਵਿਦਾਸ ਜੀ ਦੀਆਂ ਇਨ੍ਹਾਂ ਤੁੱਕਾਂ ਰਾਹੀਂ ਉਜਾਗਰ ਹੁੰਦੀ ਹੈ :

ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ।।
ਰਿਦੈ ਰਾਮ ਗੋਬਿੰਦ ਗੁਨ ਸਾਰੰ।।

ਪੁਸਤਕ ਦੇ ਦੂਜੇ ਭਾਗ ਵਿਚ 11 ਭੱਟਾਂ ਬਾਰੇ ਜਾਣਕਾਰੀ ਦਿੰਦਿਆਂ ਗਿਆਨੀ ਗੁਰਦਿਤ ਸਿੰਘ ਦੇ ਹਵਾਲੇ ਨਾਲ ਲਿਖਿਆ ਗਿਆ ਹੈ। ਪੰਜਾਬ ਦੇ ਭੱਟ ਜਾਤ ਦੇ ਬ੍ਰਾਹਮਣ ਸਨ ਅਤੇ ਸਰਸਵਤੀ ਨਦੀ ਦੇ ਕੰਢੇ 'ਤੇ ਆ ਵਸੇ। ਉਨ੍ਹਾਂ ਨੇ ਭਾਈ ਸੰਤ ਸਿੰਘ ਕੋਲੋਂ ਮਿਲੀ ਬੰਸਾਵਲੀ ਦਾ ਜ਼ਿਕਰ ਕਰਦਿਆਂ ਦੱਸਿਆ ਹੈ ਕਿ ਭੱਟ ਪਿੰਡ ਕਰ ਸਿੰਧੂ ਤਹਿਸੀਲ ਦੇ ਵਾਸੀ ਸਨ।

ਭੱਟ ਕਲ੍ਹਸਹਾਰ ਤੋਂ ਲੈ ਕੇ ਭੱਟ ਹਰਿਬੰਸ ਤਕ ਉਨ੍ਹਾਂ ਦੀ ਰਚੀ ਬਾਣੀ, ਗੁਰੂ ਗ੍ਰੰਥ ਸਾਹਿਬ ਦੇ ਪੰਨੇ ਅਤੇ ਸਬੰਧਤ ਗੁਰੂ ਦੀ ਉਸਤਤ ਵਿਚ ਉਚਾਰੀ ਗਈ ਹੈ। ਇਹ ਪੁਸਤਕ ਭਗਤਾਂ ਤੇ ਭੱਟਾਂ ਬਾਰੇ ਚੰਗੀ ਜਾਣਕਾਰੀ ਦਿੰਦੀ ਹੈ।

• ਤੀਰਥ ਸਿੰਘ ਢਿੱਲੋਂ

| | | | | |
|---|---|---|---|---|
| ਪੁਸਤਕ | : ਗੁਰੂ ਗ੍ਰੰਥ ਸਾਹਿਬ ਜੀ ਦੇ ਭਗਤ ਤੇ ਭੱਟ (ਖੋਜ) | ਪੰਨੇ | : | 103 |
| ਲੇਖਿਕਾ | : ਹਰਸਿਮਰਨ ਕੌਰ 98551-05665 | ਮੁੱਲ | : | 200/- |
| ਪ੍ਰਕਾਸ਼ਕ | : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ। | | | |



'ਜਗਦੇ ਹਰਫ਼ਾਂ ਦੀ ਡਾਰ' ਆਸਟ੍ਰੇਲੀਆ ਵਸਦੇ ਸ਼ਾਇਰ ਸਰਬਜੀਤ ਸੋਹੀ ਦੁਆਰਾ ਆਸਟ੍ਰੇਲੀਆ ਵਿਚ ਵਸਦੇ ਸੰਪਾਦਕ ਸਮੇਤ 9 ਸ਼ਾਇਰਾਂ ਦੀਆਂ ਗ਼ਜ਼ਲਾਂ ਦੀ ਇਹ ਪੁਸਤਕ ਸੰਪਾਦਿਤ ਕੀਤੀ ਹੈ। ਇਨ੍ਹਾਂ ਗ਼ਜ਼ਲਕਾਰਾਂ 'ਚ ਤਕਰੀਬਨ ਉਹੀ ਕਵੀ ਸ਼ਾਮਲ ਕੀਤੇ ਹਨ ਜਿਹੜੇ ਪੰਜਾਬ ਰਹਿੰਦਿਆਂ ਕਿਸੇ ਨਾ ਕਿਸੇ ਰੂਪ ਵਿਚ ਸਾਹਿਤ ਨਾਲ ਜੁੜੇ ਰਹੇ ਸਨ ਪਰ ਬਿਹਤਰ ਭਵਿੱਖ ਦੀ ਤਲਾਸ਼ ਵਿਚ ਇਹ ਆਸਟ੍ਰੇਲੀਆ ਦੀ ਧਰਤੀ 'ਤੇ ਪਰਵਾਸ ਕਰ ਗਏ ਉੱਥੇ ਜਾ ਕੇ ਵੀ ਪੰਜਾਬੀ ਸਾਹਿਤ ਨਾਲ ਜੁੜੇ ਰਹੇ ਜਿਸ ਦਾ ਤਿਲ-ਫੁੱਲ ਇਹ ਵਿਚਾਰ ਅਧੀਨ ਪੁਸਤਕ ਹੈ।

ਇਸ ਪੁਸਤਕ ਵਿਚ ਸ਼ਾਮਲ ਗ਼ਜ਼ਲਗੋਆਂ ਵਿਚ ਸੁਰਿੰਦਰ ਸਿਦਕ, ਕੁਲਜੀਤ ਗ਼ਜ਼ਲ, ਰਮਨਪ੍ਰੀਤ ਕੌਰ, ਹਰਜੀਤ ਸੰਧੂ, ਗੁਰਪ੍ਰੀਤ ਭੰਗੂ ਅਤੇ 5 ਇਸਤਰੀ ਗ਼ਜ਼ਲਗੋ ਹਨ ਅਤੇ ਜਸਵੰਤ ਵਾਗਲਾ, ਸ਼ੰਮੀ ਜਲੰਧਰੀ, ਰੁਪਿੰਦਰ ਸੋਜ਼ ਅਤੇ ਖ਼ੁਦ ਸੰਪਾਦਕ ਸਰਬਜੀਤ ਸੋਹੀ ਸਮੇਤ 4 ਮਰਦ ਕਵੀ ਸ਼ਾਮਿਲ ਹਨ। ਪਹਿਲਾਂ ਪਹਿਲ ਆਸਟ੍ਰੇਲੀਆ ਦੇ ਪਰਵਾਸੀ ਸਾਹਿਤ ਦੀ ਗੱਲ ਕਰਦਿਆਂ ਕੇਵਲ ਅਜੀਤ ਰਾਹੀਂ ਦਾ ਹੀ ਨਾਮ ਸਾਹਮਣੇ ਆਉਂਦਾ ਸੀ ਪਰ ਹੁਣ ਇਨ੍ਹਾਂ ਸਾਹਿਤਕਾਰਾਂ ਅਤੇ ਬ੍ਰਿਸਬੇਲ ਵਿਚ ਸਥਾਪਿਤ 'ਇੰਡੋਜ਼ ਪੰਜਾਬੀ ਸਾਹਿਤ ਸਭਾ' ਦੇ ਵਡਮੁੱਲੇ ਯੋਗਦਾਨ ਸਦਕਾ ਆਸਟ੍ਰੇਲੀਆ ਦੇ ਪੰਜਾਬੀ ਸਾਹਿਤਕਾਰ ਵੀ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਸਾਹਿਤਕਾਰਾਂ ਦੀ ਤਰ੍ਹਾਂ ਪਰਵਾਸੀ ਪੰਜਾਬੀ ਸਾਹਿਤ ਖੇਤਰ 'ਚ ਵਡਮੁੱਲਾ ਯੋਗਦਾਨ ਪਾ ਰਹੇ ਹਨ। ਸੰਪਾਦਕ ਨੇ ਇਨ੍ਹਾਂ ਸਾਹਿਤਕਾਰਾਂ ਦੀਆਂ ਗ਼ਜ਼ਲਾਂ ਦੀ ਪ੍ਰਕਾਸ਼ਨਾਂ ਤੋਂ ਪਹਿਲਾਂ ਇਨ੍ਹਾਂ ਦੇ ਪਰਿਵਾਰਕ ਜੀਵਨ, ਸਾਹਿਤ ਖੇਤਰ ਨਾਲ ਜੁੜਨ ਅਤੇ ਪੰਜਾਬੀ ਸਾਹਿਤ ਨੂੰ ਇਨ੍ਹਾਂ ਦੀ ਦੇਣ ਬਾਰੇ ਵਿਸ਼ੇਸ਼ ਜਾਣਕਾਰੀ ਪ੍ਰਸਤੁਤ ਕੀਤੀ ਹੈ। ਇਨ੍ਹਾਂ ਕਵੀਆਂ ਦੀਆਂ ਗ਼ਜ਼ਲਾਂ ਵਿਚ ਵਿਸ਼ੇ ਪੱਖੋਂ ਵਿਵਿਧ ਭਾਰਤੀ ਰੰਗ ਸ਼ਾਮਿਲ ਹੈ ਜਿਨ੍ਹਾਂ ਵਿਚ ਰੁਮਾਂਟਿਕ ਰੰਗ ਦੇ ਨਾਲ-ਨਾਲ ਸਮਾਜਿਕ, ਰਾਜਨੀਤਕ, ਸਭਿਆਚਾਰਕ ਸਮੱਸਿਆਵਾਂ ਵੀ ਪੇਸ਼ ਹਨ।

• ਸਰਦੂਲ ਸਿੰਘ ਔਜਲਾ

| | | | | |
|---|---|---|---|---|
| ਪੁਸਤਕ | : ਜਗਦੇ ਹਰਫ਼ਾਂ ਦੀ ਡਾਰ | ਪੰਨੇ | : | 110 |
| ਸੰਪਾਦਕ | : ਸਰਬਜੀਤ ਸੋਹੀ | ਮੁੱਲ | : | 200/- |
| ਪ੍ਰਕਾਸ਼ਕ | : ਚੇਤਨਾ ਪ੍ਰਕਾਸ਼ਨ, ਲੁਧਿਆਣਾ। | | | |



ਡਾ. ਸੁਖਦੇਵ ਸਿੰਘ ਪੰਜਾਬੀ ਸਾਹਿਤ ਆਲੋਚਨਾ ਅਤੇ ਖੋਜ ਖੇਤਰ ਦਾ ਜਾਣਿਆ ਪਛਾਣਿਆ ਨਾਂ ਹੈ। ਪੁਸਤਕ 'ਸੁਰਪੀਰੋ' ਕਵਿੱਤਰੀ ਪੀਰੋ ਪ੍ਰੇਮਣ ਦੇ ਜੀਵਨ ਅਤੇ ਰਚਨਾ ਦੀ ਦਾਸਤਾਨ ਹੈ। ਪੀਰੋ ਉਨ੍ਹੀਵੀਂ ਸਦੀ ਦੀ ਪੰਜਾਬੀ ਕਵਿਤਾ ਦਾ ਜ਼ਿਕਰਯੋਗ ਨਾਂ ਹੈ। ਉਸ ਦੀ ਸੁਰ ਵਿਦਰੋਹ ਅਤੇ ਸਮਾਜਿਕ ਵਰਜਣਾਵਾਂ ਦੀ ਖਿੱਲੀ ਉਡਾਉਣ ਵਾਲੀ ਹੈ। ਨਾਬਰੀ ਦੀ ਸੁਰ ਵਾਲੀ ਇਸ ਕਵਿੱਤਰੀ ਨੇ ਸਾਮੰਤੀ ਅਤੇ ਪਿਤਰਕੀ ਸੱਤਾ ਨੂੰ ਆਪਣੀ ਰਚਨਾ 'ਚ ਨਕਾਰਿਆ ਹੈ। ਪੀਰੋ ਪ੍ਰੇਮਣ ਦੇ ਜੀਵਨ ਤੇ ਰਚਨਾ ਬਾਰੇ ਭਾਵੇਂ ਪਹਿਲਾਂ ਵੀ ਕੁਝ ਖੋਜ ਕਾਰਜ ਹੋ ਚੁੱਕੇ ਹਨ ਪਰ ਡਾ. ਸੁਖਦੇਵ ਸਿੰਘ ਦੀ ਇਸ ਪੁਸਤਕ ਨਾਲ ਪੀਰੋ ਦੀ ਸ਼ਾਇਰੀ ਨਵੇਂ ਸਿਰਿਓਂ ਚਰਚਾ ਅਤੇ ਸੰਵਾਦ ਦੇ ਕੇਂਦਰ 'ਚ ਆ ਗਈ ਹੈ। ਪੀਰੋ ਦਾ ਕਲਾਮ ਖੋਖਲੀ ਮਰਯਾਦਾ ਦੀਆਂ ਜੜ੍ਹਾਂ ਨੂੰ ਹਲੂਣਦਾ ਹੋਇਆ ਆਪਣੀ ਵਿਸ਼ੇਸ਼ ਥਾਂ ਬਣਾਉਂਦਾ ਹੈ।

ਹੱਥਲੀ ਪੁਸਤਕ 'ਚ ਪੀਰੋ ਦੀ ਸ਼ਾਇਰੀ ਧਰਮ, ਨਸਲ ਤੇ ਜਾਤੀ-ਵਰਣ ਦੀ ਕੈਦ ਦੀ ਥਾਂ ਸਾਂਝੀ, ਸਮਤਾਵਾਦੀ ਅਤੇ ਬਹੁਲਤਾਵਾਦੀ ਸੰਸਕ੍ਰਿਤੀ ਦੀ ਬਾਤ ਪਾਉਂਦੀ ਹੈ। ਮਜ਼ਹਬੀ ਪਛਾਣਾਂ ਦੀ ਵਲਗਣ 'ਚ ਫਸੇ ਧਰਮ, ਸੰਪ੍ਰਦਾਵਾਂ, ਟਕਸਾਲਾਂ ਅਤੇ ਅਖੌਤੀ ਪੀਰਾਂ ਫ਼ਕੀਰਾਂ ਦੇ ਤਕੀਏ ਦੀ ਤਸਵੀਰਕਸ਼ੀ ਪੀਰੋ ਦੀਆਂ ਸੀਹਰਫ਼ੀਆਂ 'ਚ ਦੇਖਣ ਨੂੰ ਮਿਲਦੀ ਹੈ।

ਨਮੂਨਾ ਦੇਖੋ :

ਜੇਤੜੇ ਪੀਰ ਫ਼ਕੀਰ ਦੇਖੇ,
ਦੇਖਾ ਹਿੰਦੂਆਂ ਤੇ ਮੁਸਲਮਾਨ ਸੱਧੋ।
ਅਵਰ ਦੇਖਿਆਂ ਬਾਰਨ ਆਸ਼ਰਮ ਸਾਰੇ,
ਸਭੀ ਦੇਖਿਓ ਵੇਦ ਕੁਰਾਨ ਸੱਧੋ।

ਕਾਫ਼ੀਆਂ ਦੇ ਰੂਪ 'ਚ ਲਿਖੀ ਹੋਈ ਪੀਰੋ ਦੀ ਕਾਵਿ ਸਵੈ-ਜੀਵਨੀ ਜਿੱਥੇ ਉਸ ਦੇ ਜੀਵਨ ਬਿਰਤਾਂਤ ਦੇ ਵਿਭਿੰਨ ਪੱਖਾਂ ਨੂੰ ਉਜਾਗਰ ਕਰਦੀ ਹੈ ਉੱਥੇ ਸਮਕਾਲੀ ਸਮਾਜ, ਧਰਮ ਅਤੇ ਸੱਤਾ ਪ੍ਰਬੰਧ ਦੇ ਦੋਗਲੀ ਕਿਰਦਾਰ ਦੇ ਬਖੀਏ ਉਧੇੜਦੀ ਹੈ। ਪੁਸਤਕ ਦੇ ਅੰਤ 'ਚ ਪੀਰੋ-ਕਾਵਿ 'ਚ ਆਏ ਔਖੇ ਸ਼ਬਦਾਂ ਦੇ ਦਿੱਤੇ ਅਰਥ ਰਚਨਾ ਨੂੰ ਪੜ੍ਹਨ ਅਤੇ ਸਮਝਣ 'ਚ ਬਹੁਤ ਸਹਾਈ ਹੋਣਗੇ।

• ਬਿੰਦਰ ਬਸਰਾ

| | | | | |
|---|---|---|---|---|
| ਪੁਸਤਕ | : ਸੁਰਪੀਰੋ (ਕਵਿਤਾ) | ਪੰਨੇ | : | 206 |
| ਸੰਪਾਦਕ | : ਸੁਖਦੇਵ ਸਿੰਘ, 9815636565 | ਮੁੱਲ | : | 400/- |
| ਪ੍ਰਕਾਸ਼ਕ | : ਸਿੰਘ ਬ੍ਰਦਰਜ਼, ਅੰਮ੍ਰਿਤਸਰ | | | |



ਅੱਖਰਾਂ ਦੀ ਲੋਅ ਸੈਂਭੀ ਹਰਭਜਨ ਸਿੰਘ ਰਤਨ ਦੀ ਅੱਠਵੀਂ ਪੁਸਤਕ ਹੈ। ਇਸ ਸੰਗ੍ਰਹਿ ਦੀਆਂ ਕਵਿਤਾਵਾਂ ਨਿੱਜੀ ਪਿਆਰ ਤੋਂ ਸ਼ੁਰੂ ਹੋ ਕੇ ਪਰ ਦੇ ਦੁੱਖਾਂ-ਦਰਦਾਂ ਦੀ ਕਥਾ ਕਰਦੀਆਂ ਹਨ। ਸੈਂਭੀ ਨੇ ਦਿਲ ਦੀ ਪੀੜਾ ਨੂੰ ਬਹੁਤ ਹੀ ਸੂਖ਼ਮ ਮਨੋਭਾਵੀ ਬਿੰਬਾਂ ਰਾਹੀਂ ਪ੍ਰਗਟ ਕੀਤਾ ਹੈ। ਉਸ ਨੇ ਪਿਆਰ ਦੇ ਅਹਿਸਾਸਾਂ ਦੀ ਅਭਿਵਿਅਕਤੀ ਨਿਵੇਕਲੀ ਤੇ ਮੌਲਿਕ ਸ਼ੈਲੀ 'ਚ ਕੀਤੀ ਹੈ।

ਰਤਨ ਕੋਲ ਪੰਜਾਬੀ ਮਾਂ ਬੋਲੀ ਦੇ ਸ਼ਬਦਾਂ ਦਾ ਅਥਾਹ ਭੰਡਾਰ ਹੈ। ਕਾਵਿ ਬਿੰਬਾਵਲੀ, ਸਮਾਜ, ਸੰਗੀਤਮਿਕਤਾ ਅਤੇ ਸਾਦਗੀ ਉਸ ਦੀ ਕਵਿਤਾ ਦੇ ਅਮੀਰੀ ਗੁਣ ਹਨ ਜੋ ਕਿਸੇ ਵਿਰਲੇ ਕਵੀ ਦੇ ਹੀ ਹਿੱਸੇ ਆਉਂਦੇ ਹਨ। ਉਸ ਦੀਆਂ ਕਵਿਤਾ ਵਿਚ ਸ਼ਬਦ ਜੜਤ ਇਕ ਸੁਲਝੇ ਹੋਏ ਕਾਰੀਗਰ ਵਰਗੀ ਹੈ। ਉਹ ਸਮਾਜਿਕ ਯਥਾਰਥ ਅਤੇ ਇਸ ਨਾਲ ਜੁੜੇ ਸਰੋਕਾਰਾਂ ਨੂੰ ਆਪਣੀ ਕਵਿਤਾ ਦੇ ਵਿਸ਼ਿਆਂ ਵਜੋਂ ਅਪਣਾਉਂਦਾ ਹੈ। ਕਵੀ ਪਿਆਰ, ਵਸਲ, ਵਿਛੋੜੇ ਦੀਆਂ ਨਿਆਮਤਾਂ ਨੂੰ ਬੜੀ ਹੀ ਨਿਮਰਤਾ ਨਾਲ ਅਪਣਾਉਂਦਾ ਹੋਇਆ ਆਪਣੇ ਮਹਿਰਮ ਨੂੰ ਸਿਜਦਾ ਕਰਦਾ ਹੈ। ਉਸ ਦੀ ਕਵਿਤਾ ਦੇ ਪਾਤਰ ਕਿਸੇ ਵੀ ਕਾਰਜ ਨੂੰ ਅੱਧਵਾਟੇ ਨਹੀਂ ਛੱਡਦੇ ਸਗੋਂ ਉਸ ਨਾਲ ਮੰਜ਼ਿਲ ਤਕ ਦਾ ਸਫ਼ਰ ਤੈਅ ਕਰਦੇ ਹਨ। ਉਸ ਦੀ ਕਵਿਤਾ 'ਚ ਦਿਨੋ-ਦਿਨ ਡਿੱਗ ਰਹੇ ਇਨਸਾਨੀ ਕਿਰਦਾਰ ਦੀ ਵਿਆਖਿਆ ਹੈ ਜਿਵੇਂ ਕਵਿਤਾ 'ਰੋਟੀ, ਕੱਪੜਾ ਤੇ ਮਕਾਨ' ਹੈ

ਮੈਂ ਤਾਂ ਡਬਲ ਰੋਟੀ ਖਾਂਦਾ ਹਾਂ
ਰੋਟੀ, ਮੇਰਾ ਮਸਲਾ ਨਹੀਂ?
ਨਾਇਟ ਕਲੱਬਾਂ ਵਿਚ
ਨੰਗ-ਮਲੰਗੇ, ਨੱਚਣਾ
ਮੈਨੂੰ ਚੰਗਾ ਲਗਦਾ
ਕੱਪੜਾ, ਮੇਰਾ ਮਸਲਾ ਨਹੀਂ ?
ਹੋਟਲਾਂ ਵਿਚ ਰਾਤਾਂ ਕੱਟਣਾ,
ਮੇਰਾ ਸ਼ੌਕ ਜਾਂ ਮਜਬੂਰੀ
ਨਿੱਤ ਨਵੇਂ ਨਾਲ।
ਮਕਾਨ ਮੇਰਾ ਮਸਲਾ ਨਹੀਂ?
ਤੱਦੋਂ ਮੈਂ ਸਾਰੇ ਮਸਲੇ
ਹਲ ਕਰ ਲਏ ਨੇ
ਤੁਸੀਂ ਸੰਘਰਸ਼ ਕਰਦੇ ਰਹੋ
ਰੋਟੀ, ਕੱਪੜਾ ਤੇ ਮਕਾਨ ਲਈ।

'ਅੱਖਰਾਂ ਦੀ ਲੋਅ' ਪੁਸਤਕ ਦੇ ਅਧਿਐਨ ਤੋਂ ਬਾਅਦ ਕਹਿ ਸਕਦੇ ਹਾਂ ਕਿ ਪੁਸਤਕ ਪੜ੍ਹਨਯੋਗ ਹੈ। ਕਵੀ ਦੀ ਇਸ ਪੁਸਤਕ ਦਾ ਸਵਾਗਤ ਹੈ।

• ਜਸਵਿੰਦਰ ਦੂਹੜਾ

| | | | | |
|---|---|---|---|---|
| ਪੁਸਤਕ | : ਅੱਖਰਾਂ ਦੀ ਲੋਅ- ਕਾਵਿ ਸੰਗ੍ਰਹਿ | ਪੰਨੇ | : | 128 |
| ਸ਼ਾਇਰ | : ਸੈਂਭੀ ਹਰਭਜਨ ਸਿੰਘ ਰਤਨ, 98109-60100 | ਮੁੱਲ | : | 200/- |
| ਪ੍ਰਕਾਸ਼ਕ | : ਵਰਤਮਾਨ ਹਿੰਦੋਸਤਾਨੀ ਨਵੀਂ ਦਿੱਲੀ | | | |

# ਹਰਿਆਣਾ ਵਿੱਚ ਆਫ਼ਤ ਪ੍ਰਬੰਧਨ ਵਿੱਚ ਵਧੇਗੀ ਨੌਜਵਾਨਾਂ ਦੀ ਭਾਗੀਦਾਰੀ, 14 ਜ਼ਿਲ੍ਹਿਆਂ ਵਿੱਚ 5,200 ਨੌਜਵਾਨਾਂ ਨੂੰ ਮਿਲੇਗੀ ਸਿਖਲਾਈ

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਸਰਕਾਰ ਨੇ ਆਫ਼ਤ ਪ੍ਰਬੰਧਨ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਵਧਾਉਣ ਲਈ ਰਾਜ ਦੇ 14 ਜ਼ਿਲ੍ਹਿਆਂ ਵਿੱਚ 5,200 ਹੋਰ ਨੌਜਵਾਨਾਂ ਨੂੰ ਸਿਖਲਾਈ ਦੇਣ ਦੀ ਯੋਜਨਾ ਤਿਆਰ ਕੀਤੀ ਹੈ। ਹਰੇਕ ਸਿਖਲਾਈ ਪ੍ਰਾਪਤ ਨੌਜਵਾਨ ਵਾਲੰਟੀਅਰ ਨੂੰ ਐਮਰਜੈਂਸੀ ਰਿਸਪਾਂਡਰ ਕਿੱਟ ਉਪਲਬਧ ਕਰਵਾਈ ਜਾਵੇਗੀ ਅਤੇ ਤਿੰਨ ਸਾਲ ਦਾ ਜੀਵਨ ਅਤੇ ਮੈਡੀਕਲ ਬੀਮਾ ਕਵਰ ਵੀ ਦਿੱਤਾ ਜਾਵੇਗਾ। ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਦੀ ਪ੍ਰਧਾਨਗੀ ਹੇਠ ਅੱਜ ਇੱਥੇ ਰਾਜ ਆਫ਼ਤ ਪ੍ਰਬੰਧਨ ਕਾਰਜਕਾਰੀ ਕਮੇਟੀ ਦੀ ਮੀਟਿੰਗ ਆਯੋਜਿਤ ਹੋਈ।

ਮੀਟਿੰਗ ਵਿੱਚ ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਦੀ 'ਯੁਵਾ ਆਫ਼ਤ ਮਿੱਤਰ ਯੋਜਨਾ' ਤਹਿਤ ਸਾਲ 2025-26 ਵਿੱਚ ਸੂਬੇ ਦੇ ਅੱਠ ਜ਼ਿਲ੍ਹਿਆਂ ਵਿੱਚ ਨੈਸ਼ਨਲ ਕੈਡੇਟ ਕੋਰ (ਐਨ.ਸੀ.ਸੀ.), ਨੈਸ਼ਨਲ ਸਰਵਿਸ ਸਕੀਮ (ਐਨ.ਐਸ.ਐਸ.), ਨੇਹਰੂ ਯੁਵਾ ਕੇਂਦਰ ਸੰਗਠਨ (ਐਨ.ਵਾਈ.ਕੇ.ਐਸ.) ਅਤੇ ਭਾਰਤ ਸਕਾਊਟਸ ਐਂਡ ਗਾਈਡਜ਼ ਦੇ 5,400 ਯੁਵਾ ਵਾਲੰਟੀਅਰਾਂ ਨੂੰ ਸਿਖਲਾਈ ਦੇਣ ਦਾ ਟੀਚਾ ਮਿਥਿਆ ਗਿਆ ਸੀ। ਹੁਣ ਇਸ ਯੋਜਨਾ ਦਾ ਵਿਸਤਾਰ ਬਾਕੀ 14 ਜ਼ਿਲ੍ਹਿਆਂ ਵਿੱਚ 'ਹਰਿਆਣਾ ਯੁਵਾ ਆਫ਼ਤ ਮਿੱਤਰ ਯੋਜਨਾ' ਦੇ ਰੂਪ ਵਿੱਚ ਕੀਤਾ ਜਾਵੇਗਾ, ਜਿਸ ਤਹਿਤ ਜ਼ਿਲ੍ਹਿਆਂ ਦੀ ਆਬਾਦੀ ਅਤੇ ਆਫ਼ਤ ਜੋਖਮ ਦੀ ਸਥਿਤੀ ਦੇ ਆਧਾਰ 'ਤੇ 5,200 ਹੋਰ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਜਾਵੇਗੀ।

ਡਾ. ਮਿਸ਼ਰਾ ਨੇ ਦੱਸਿਆ ਕਿ ਵਾਲੰਟੀਅਰਾਂ ਦੀ ਚੋਣ ਐਨ.ਸੀ.ਸੀ., ਐਨ.ਐਸ.ਐਸ., ਐੱਨ.ਵਾਈ.ਕੇ.ਐੱਸ. ਅਤੇ ਭਾਰਤ ਸਕਾਊਟਸ ਐਂਡ ਗਾਈਡਜ਼ ਦੇ ਨਾਮਜ਼ਦ ਨੋਡਲ ਅਧਿਕਾਰੀਆਂ ਰਾਹੀਂ ਕੀਤੀ ਜਾਵੇਗੀ। ਸਿਖਲਾਈ ਪ੍ਰੋਗਰਾਮਾਂ ਦੇ ਤਾਲਮੇਲ ਦੀ ਜ਼ਿੰਮੇਵਾਰੀ ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀਆਂ ਦੀ ਹੋਵੇਗੀ।

ਚੋਣਵੇਂ ਵਾਲੰਟੀਅਰਾਂ ਨੂੰ 35 ਤੋਂ 50 ਭਾਗੀਦਾਰਾਂ ਦੇ ਬੈਚ ਵਿੱਚ ਸੱਤ ਦਿਨਾਂ ਦੀ ਰਿਹਾਇਸ਼ੀ ਸਿਖਲਾਈ ਦਿੱਤੀ ਜਾਵੇਗੀ। ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਦੁਆਰਾ ਪ੍ਰਵਾਨਿਤ ਮੋਡੀਊਲ ਅਨੁਸਾਰ ਆਯੋਜਿਤ ਇਸ ਸਿਖਲਾਈ ਵਿੱਚ ਹੜ੍ਹਾਂ ਦੌਰਾਨ ਸੁਰੱਖਿਆ ਅਤੇ ਬਚਾਅ, ਅੱਗ ਬੁਝਾਊ ਯੰਤਰਾਂ ਦੀ ਵਰਤੋਂ, ਖੋਜ ਅਤੇ ਬਚਾਅ ਤਕਨੀਕ, ਪ੍ਰਾਇਮਰੀ ਇਲਾਜ ਅਤੇ ਐਮਰਜੈਂਸੀ ਸਥਿਤੀ ਵਿੱਚ ਲੋੜੀਂਦੀ ਬੁਨਿਆਦੀ ਪ੍ਰਤੀਕਿਰਿਆ ਨਾਲ ਸਬੰਧਤ ਸਿਧਾਂਤਕ ਅਤੇ ਵਿਹਾਰਕ ਸਿਖਲਾਈ ਦਿੱਤੀ ਜਾਵੇਗੀ।

ਸਿਖਲਾਈ ਪ੍ਰਾਪਤ ਵਾਲੰਟੀਅਰਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨਾਲ ਜੋੜਿਆ ਜਾਵੇਗਾ ਅਤੇ ਜ਼ਿਲ੍ਹਾ ਪ੍ਰਸ਼ਾਸਨ, ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ, ਰਾਸ਼ਟਰੀ ਆਫ਼ਤ ਰਿਸਪਾਂਸ ਫੋਰਸ (ਐਨ.ਡੀ.ਆਰ.ਐਫ.) ਅਤੇ ਰਾਜ ਆਫ਼ਤ ਰਿਸਪਾਂਸ ਫੋਰਸ (ਐਸ.ਡੀ.ਆਰ.ਐਫ.) ਵੱਲੋਂ ਆਯੋਜਿਤ ਮੌਕ ਡ੍ਰਿਲ ਅਤੇ ਐਮਰਜੈਂਸੀ ਤਿਆਰੀਆਂ ਨਾਲ ਸਬੰਧਤ ਅਭਿਆਸਾਂ ਵਿੱਚ ਉਨ੍ਹਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ। ਇਸ ਤੋਂ ਇਲਾਵਾ, ਵੱਡੇ ਆਯੋਜਨਾਂ ਦੌਰਾਨ ਭੀੜ ਪ੍ਰਬੰਧਨ, ਰਾਹਤ ਸਮੱਗਰੀ ਵੰਡ ਅਤੇ ਮਾਨਵਤਾਵਾਦੀ ਸਹਾਇਤਾ ਸਬੰਧੀ ਕੰਮਾਂ ਵਿੱਚ ਵੀ ਇਹ ਵਾਲੰਟੀਅਰ ਪ੍ਰਸ਼ਾਸਨ ਦਾ ਸਹਿਯੋਗ ਕਰਨਗੇ।

ਮੀਟਿੰਗ ਵਿੱਚ ਖਰਾਬ ਮੌਸਮ ਦੇ ਕਾਰਨ ਫਸਲਾਂ ਦੇ ਹੋਏ ਨੁਕਸਾਨ ਲਈ ਕਿਸਾਨਾਂ ਨੂੰ ਪਹਿਲਾਂ ਹੀ ਜਾਰੀ ਕੀਤੀ ਜਾ ਚੁੱਕੀ ਮੁਆਵਜ਼ਾ ਰਾਸ਼ੀ ਨੂੰ ਕਾਰਜ-ਉੱਤਰ ਪ੍ਰਵਾਨਗੀ (post-facto approval) ਦੇਣ ਦੇ ਪ੍ਰਸਤਾਵ 'ਤੇ ਵੀ ਵਿਚਾਰ ਕੀਤਾ ਗਿਆ। ਡਾ. ਸੁਮਿਤਾ ਮਿਸ਼ਰਾ ਨੇ ਦੱਸਿਆ ਕਿ ਸਾਲ 2024-25 ਦੀ ਹਾੜ੍ਹੀ ਦੀ ਫਸਲ ਨੂੰ ਬਾਰਿਸ਼ ਅਤੇ ਗੜੇਮਾਰੀ ਨਾਲ ਹੋਏ ਨੁਕਸਾਨ ਲਈ 52.14 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ। ਬੈਠਕ ਵਿੱਚ ਸਾਲ 2025 ਦੀ ਸਾਉਣੀ ਦੀ ਫਸਲ ਨੂੰ ਭਾਰੀ ਬਾਰਿਸ਼ ਅਤੇ ਜਲ-ਥਲ (ਜਲਭਰਾਅ) ਨਾਲ ਹੋਏ ਨੁਕਸਾਨ ਲਈ ਮੁਆਵਜ਼ੇ ਦੀ ਵੀ ਸਮੀਖਿਆ ਕੀਤੀ ਗਈ, ਜਿਸ ਤਹਿਤ 116.15 ਕਰੋੜ ਰੁਪਏ ਅਤੇ 370.52 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੇ ਜਾਣ ਦੀ ਜਾਣਕਾਰੀ ਦਿੱਤੀ ਗਈ।

ਮੀਟਿੰਗ ਵਿੱਚ ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ਼੍ਰੀ ਸੁਧੀਰ ਰਾਜਪਾਲ, ਮਾਲ ਅਤੇ ਆਫ਼ਤ ਪ੍ਰਬੰਧਨ ਵਿਭਾਗ ਦੇ ਸਕੱਤਰ ਸ਼੍ਰੀ ਮਨੀ ਰਾਮ ਸ਼ਰਮਾ ਅਤੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਐਲ.ਟੀ.ਸੀ. ਲਈ ਕਰਮਚਾਰੀਆਂ, ਪੈਨਸ਼ਨਰਾਂ ਨੂੰ ਬਲੌਕ ਮਿਆਦ ਵਿੱਚ ਕਰਨਾ ਹੋਵੇਗਾ ਦਾਅਵਾ

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਐਲ.ਟੀ.ਸੀ. ਦਾ ਲਾਭ ਲੈਣ ਲਈ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਅਰਜ਼ੀ ਦੇਣੀ ਹੋਵੇਗੀ। ਸਬੰਧਤ ਬਲੌਕ ਮਿਆਦ ਸਮਾਪਤ ਹੋਣ ਤੋਂ ਬਾਅਦ ਪੇਸ਼ ਕੀਤੇ ਗਏ ਐਲ.ਟੀ.ਸੀ. ਦਾਅਵੇ ਸਵੀਕਾਰਯੋਗ ਨਹੀਂ ਹੋਣਗੇ, ਜਦੋਂ ਤੱਕ ਕਿ ਮੌਜੂਦਾ ਨਿਯਮਾਂ ਜਾਂ ਸਰਕਾਰੀ ਹਦਾਇਤਾਂ ਤਹਿਤ ਅਜਿਹੇ ਦਾਅਵੇ ਦੀ ਵਿਸ਼ੇਸ਼ ਪ੍ਰਵਾਨਗੀ ਨਾ ਹੋਵੇ। ਮੁੱਖ ਸਕੱਤਰ ਵੱਲੋਂ ਇਹ ਸਪੱਸ਼ਟੀਕਰਨ ਵੱਖ-ਵੱਖ ਵਿਭਾਗਾਂ, ਬੋਰਡਾਂ, ਨਿਗਮਾਂ ਅਤੇ ਜਨਤਕ ਖੇਤਰ ਦੇ ਅਦਾਰਿਆਂ ਤੋਂ ਪ੍ਰਾਪਤ ਉਨ੍ਹਾਂ ਮਾਮਲਿਆਂ ਦੇ ਸਬੰਧ ਵਿੱਚ ਜਾਰੀ ਕੀਤਾ ਹੈ, ਜਿਨ੍ਹਾਂ ਵਿੱਚ ਕਰਮਚਾਰੀ ਜਾਂ ਪੈਨਸ਼ਨਰ ਨਿਰਧਾਰਤ ਬਲੌਕ ਮਿਆਦ ਦੇ ਅੰਦਰ ਅਰਜ਼ੀ ਜਾਂ ਦਾਅਵਾ ਪੇਸ਼ ਨਹੀਂ ਕਰ ਸਕੇ ਅਤੇ ਮਿਆਦ ਸਮਾਪਤ ਹੋਣ ਤੋਂ ਬਾਅਦ ਲਾਭ ਦੇਣ ਦੀ ਬੇਨਤੀ ਕਰ ਰਹੇ ਸਨ।

ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਸਬੰਧਤ ਬਲੌਕ ਮਿਆਦ ਸਮਾਪਤ ਹੋਣ ਤੋਂ ਬਾਅਦ ਅਜਿਹੇ ਮਾਮਲਿਆਂ ਵਿੱਚ ਐਲ.ਟੀ.ਸੀ. ਦੀ ਪ੍ਰਵਾਨਗੀ ਨਹੀਂ ਦਿੱਤੀ ਜਾ ਸਕਦੀ। ਅਪਵਾਦ ਕੇਵਲ ਉਨ੍ਹਾਂ ਮਾਮਲਿਆਂ ਵਿੱਚ ਹੋਵੇਗਾ, ਜਿਨ੍ਹਾਂ ਵਿੱਚ ਲਾਗੂ ਸਰਕਾਰੀ ਹਦਾਇਤਾਂ ਜਾਂ ਨਿਯਮਾਂ ਵਿੱਚ ਅਜਿਹੀ ਪ੍ਰਵਾਨਗੀ ਦਾ ਸਪੱਸ਼ਟ ਉਪਬੰਧ ਹੋਵੇ।

ਸਰਕਾਰ ਨੇ ਸਮਰੱਥ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਐਲ.ਟੀ.ਸੀ. ਦੀਆਂ ਅਰਜ਼ੀਆਂ ਅਤੇ ਦਾਅਵੇ ਲਾਗੂ ਨਿਯਮਾਂ ਤਹਿਤ ਨਿਰਧਾਰਤ ਸਮਾਂ-ਸੀਮਾ ਅਤੇ ਸ਼ਰਤਾਂ ਅਨੁਸਾਰ ਹੀ ਪੇਸ਼ ਕੀਤੇ ਜਾਣ।

ਸਾਰੇ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਦੀ ਅੱਖਰ-ਅੱਖਰ ਪਾਲਣਾ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

# ਮੁੱਖ ਮੰਤਰੀ ਨੇ ਅੰਬਾਲਾ ਵਿੱਚ ਅੱਖਾਂ ਦੀ ਜਾਂਚ ਅਤੇ ਐਨੀਮੀਆ ਜਾਂਚ ਲਈ ਲਗਾਏ ਗਏ ਕੈਂਪ ਦਾ ਕੀਤਾ ਉਦਘਾਟਨ

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਸੇਵਾ ਸੰਕਲਪ ਅਭਿਆਨ ਤਹਿਤ ਸਿਹਤ ਵਿਭਾਗ ਅਤੇ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਪੁਲਿਸ ਲਾਈਨ ਅੰਬਾਲਾ ਵਿੱਚ ਅੱਖਾਂ ਦੀ ਜਾਂਚ ਅਤੇ ਐਨੀਮੀਆ ਜਾਂਚ ਲਈ ਲਗਾਏ ਗਏ ਕੈਂਪ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸਾਬਕਾ ਮੰਤਰੀ ਅਸੀਮ ਗੋਇਲ ਨਨਿਆਓਲਾ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੇਵਾ ਸੰਕਲਪ ਅਭਿਆਨ ਤਹਿਤ ਲਗਾਏ ਗਏ ਕੈਂਪ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਕੈਂਪ ਰਾਹੀਂ ਵਿਦਿਆਰਥੀਆਂ ਨੂੰ ਲਾਭ ਮਿਲੇਗਾ। ਵਿਸ਼ੇਸ਼ ਤੌਰ 'ਤੇ ਧੀਆਂ ਨੂੰ ਇਸ ਦਾ ਲਾਭ ਹੋਵੇਗਾ। ਜੋ ਧੀਆਂ ਐਨੀਮਿਕ ਹਨ, ਉਨ੍ਹਾਂ ਨੂੰ ਡਾਕਟਰਾਂ ਦੀ ਸਲਾਹ ਅਨੁਸਾਰ ਦਵਾਈ ਦੇਣ ਦਾ ਕੰਮ ਕੀਤਾ ਜਾਵੇਗਾ ਤਾਂ ਜੋ ਐਨੀਮੀਆ ਦੀ ਘਾਟ ਦੂਰ ਹੋ ਸਕੇ। ਇਸ ਮੌਕੇ ਉਨ੍ਹਾਂ ਨੇ ਧੀਆਂ ਨੂੰ ਪੋਸ਼ਣ ਕਿੱਟਾਂ ਵੀ ਵੰਡੀਆਂ।

ਇਸ ਮੌਕੇ ਅੱਖਾਂ ਦੀ ਜਾਂਚ ਕੈਂਪ ਦਾ ਨਿਰੀਖਣ ਕਰਦੇ ਹੋਏ ਮੁੱਖ ਮੰਤਰੀ ਨੇ ਮੌਜੂਦ ਡਾਕਟਰਾਂ ਤੋਂ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਸਬੰਧੀ ਕੀਤੇ ਜਾ ਰਹੇ ਕੰਮਾਂ ਦੀ ਜਾਣਕਾਰੀ ਵੀ ਲਈ। ਉਨ੍ਹਾਂ ਕਿਹਾ ਕਿ 100-ਦਿਨਾਂ ਐਨੀਮੀਆ ਮੁਕਤ ਭਾਰਤ ਅਭਿਆਨ ਦੀ ਸ਼ੁਰੂਆਤ ਕਰਨ ਦਾ ਮੁੱਖ ਉਦੇਸ਼ ਸੂਬੇ ਵਿੱਚ ਐਨੀਮੀਆ ਦੀ ਰੋਕਥਾਮ, ਜਲਦ ਪਛਾਣ ਅਤੇ ਜਨ-ਜਾਗਰੂਕਤਾ ਨੂੰ ਹੋਰ ਵਧੇਰੇ ਪ੍ਰਭਾਵੀ ਬਣਾਉਣਾ ਹੈ।

ਇਸ ਅਵਸਰ 'ਤੇ ਸਾਬਕਾ ਮੰਤਰੀ ਅਸੀਮ ਗੋਇਲ ਨੇ ਵੀ ਸੇਵਾ ਸੰਕਲਪ ਅਭਿਆਨ ਤਹਿਤ ਲਗਾਏ ਗਏ ਕੈਂਪ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੱਥੇ ਜਿਨ੍ਹਾਂ ਵੀ ਵਿਦਿਆਰਥੀਆਂ ਦੀਆਂ ਅੱਖਾਂ ਦੀ ਜਾਂਚ ਦਾ ਕੰਮ ਹੋਇਆ ਹੈ, ਉਸ ਤੋਂ ਬਾਅਦ ਉਨ੍ਹਾਂ ਨੂੰ ਡਾਕਟਰਾਂ ਦੀ ਸਲਾਹ ਅਨੁਸਾਰ ਮੁਫ਼ਤ ਐਨਕਾਂ ਵੀ ਵੰਡੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਐਨੀਮੀਆ ਮੁਕਤ ਅਭਿਆਨ ਤਹਿਤ ਸਾਰੇ ਸਕੂਲਾਂ ਵਿੱਚ ਸਿਹਤ ਵਿਭਾਗ ਵੱਲੋਂ ਬੱਚਿਆਂ ਅਤੇ ਕਿਸ਼ੋਰੀਆਂ ਦੇ ਐਚ.ਬੀ. ਦੀ ਜਾਂਚ ਕੀਤੀ ਜਾਵੇਗੀ ਅਤੇ ਜਾਂਚ ਤੋਂ ਬਾਅਦ ਉਨ੍ਹਾਂ ਨੂੰ ਪੌਸ਼ਟਿਕ ਖੁਰਾਕ ਅਤੇ ਐਨੀਮੀਆ ਤੋਂ ਬਚਾਅ ਬਾਰੇ ਜਾਣਕਾਰੀ ਵੀ ਦਿੱਤੀ ਜਾਵੇਗੀ।

ਪ੍ਰੋਗਰਾਮ ਦੌਰਾਨ ਸਿਵਲ ਸਰਜਨ ਡਾ. ਰੇਣੂ ਬੇਰੀ ਨੇ ਦੱਸਿਆ ਕਿ 100 ਦਿਨਾਂ ਦੌਰਾਨ ਜ਼ਿਲ੍ਹੇ ਵਿੱਚ ਸਿਹਤ ਸੰਸਥਾਵਾਂ, ਆਂਗਣਵਾੜੀ ਕੇਂਦਰਾਂ, ਸਕੂਲਾਂ ਅਤੇ ਭਾਈਚਾਰਕ ਪੱਧਰ 'ਤੇ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾਣਗੀਆਂ। ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਮਿਥੇ ਲਾਭਪਾਤਰੀਆਂ ਦੀ ਜਾਂਚ, ਇਲਾਜ ਅਤੇ ਫਾਲੋ-ਅੱਪ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

# ਏਕੀਕ੍ਰਿਤ ਕੇਂਦਰ ਕੁਰੂਕੇਸ਼ਤਰ ਵਿਚ ਮਿਲੇਗੀ ਮੁਫ਼ਤ ਸਿਖਲਾਈ

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਏਕੀਕ੍ਰਿਤ ਮਧੂ ਮੱਖੀ ਪਾਲਣ ਵਿਕਾਸ ਕੇਂਦਰ, ਰਾਮਨਗਰ (ਕੁਰੂਕਸ਼ੇਤਰ) ਵਿੱਚ ਰਾਜ ਸਰਕਾਰ ਵੱਲੋਂ ਸਾਲ 2026-27 ਦੌਰਾਨ ਕਿਸਾਨਾਂ ਲਈ ਵਿਗਿਆਨਕ ਮੱਖੀ ਪਾਲਣ 'ਤੇ ਵੱਖ-ਵੱਖ ਸਿਖਲਾਈ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਨ੍ਹਾਂ ਸਿਖਲਾਈਆਂ ਵਿੱਚ ਭਾਗ ਲੈਣ ਲਈ ਇੱਛੁਕ ਕਿਸਾਨਾਂ ਨੂੰ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਤੇ ਜਾ ਕੇ ਆਪਣੀ ਆਨਲਾਈਨ ਰਜਿਸਟ੍ਰੇਸ਼ਨ ਕਰਵਾਉਣੀ ਹੋਵੇਗੀ।

ਬਾਗਬਾਨੀ ਵਿਭਾਗ ਦੇ ਬੁਲਾਰੇ ਅਨੁਸਾਰ, ਇਨ੍ਹਾਂ ਸਿਖਲਾਈ ਪ੍ਰੋਗਰਾਮਾਂ ਨੂੰ ਤਿੰਨ ਮੁੱਖ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ—ਹਫ਼ਤਾਵਾਰੀ ਮਧੂ ਮੱਖੀ ਪਾਲਣ ਸਿਖਲਾਈ, ਸਵੈ-ਵਿੱਤਪੋਸ਼ਿਤ ਵਿਗਿਆਨਕ ਮਧੂ ਮੱਖੀ ਪਾਲਣ ਸਿਖਲਾਈ, ਅਤੇ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਤਹਿਤ 280 ਘੰਟੇ ਦਾ ਸਿਖਲਾਈ ਪ੍ਰੋਗਰਾਮ। ਹਫ਼ਤਾਵਾਰੀ ਮਧੂ ਮੱਖੀ ਪਾਲਣ ਦੇ ਸੈਸ਼ਨ ਸਤੰਬਰ 2026 ਤੋਂ ਜਨਵਰੀ 2027 ਦੇ ਵਿਚਕਾਰ ਆਯੋਜਿਤ ਕੀਤੇ ਜਾਣਗੇ, ਜਦਕਿ ਸਵੈ-ਵਿੱਤਪੋਸ਼ਿਤ ਅਤੇ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਵਾਲੇ ਪ੍ਰੋਗਰਾਮ ਨਵੰਬਰ 2026 ਤੋਂ ਫਰਵਰੀ 2027 ਦੇ ਵਿਚਕਾਰ ਹੋਣਗੇ।

ਉਨ੍ਹਾਂ ਦੱਸਿਆ ਕਿ ਹਰੇਕ ਸਿਖਲਾਈ ਸੈਸ਼ਨ ਲਈ ਕੁੱਲ 20 ਸੀਟਾਂ ਤੈਅ ਕੀਤੀਆਂ ਗਈਆਂ ਹਨ। ਸਿਖਿਆਰਥੀਆਂ ਦੀ ਚੋਣ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ 'ਤੇ ਆਨਲਾਈਨ ਰਜਿਸਟ੍ਰੇਸ਼ਨ ਦੀ ਤਰਜੀਹ ਅਨੁਸਾਰ ਕੀਤੀ ਜਾਵੇਗੀ। ਹਰਿਆਣਾ ਦੇ ਕਿਸਾਨਾਂ ਲਈ ਸਿਖਲਾਈ ਦੀ ਪੂਰੀ ਮਿਆਦ ਦੌਰਾਨ ਰਹਿਣ ਅਤੇ ਖਾਣੇ ਦਾ ਪ੍ਰਬੰਧ ਕੇਂਦਰ ਵੱਲੋਂ ਬਿਲਕੁਲ ਮੁਫ਼ਤ ਕੀਤਾ ਜਾਵੇਗਾ।ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਜਿਹੜੇ ਕਿਸਾਨ ਪਹਿਲਾਂ ਵੀ ਇਸੇ ਵਿਸ਼ੇ 'ਤੇ ਸਿਖਲਾਈ ਪ੍ਰਾਪਤ ਕਰ ਚੁੱਕੇ ਹਨ, ਉਹ ਦੁਬਾਰਾ ਰਜਿਸਟ੍ਰੇਸ਼ਨ ਨਾ ਕਰਵਾਉਣ।

# ਮੰਡਲ ਕਮਿਸ਼ਨਰਾਂ ਦੀਆਂ ਅਚਾਨਕ ਛੁੱਟੀਆਂ, ਦੌਰਿਆਂ ਦੀ ਪ੍ਰਵਾਨਗੀ ਸਬੰਧੀ ਨਿਰਦੇਸ਼ਾਂ ਵਿੱਚ ਸੋਧ

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਰਾਜ ਦੇ ਮੰਡਲ ਕਮਿਸ਼ਨਰਾਂ ਦੀਆਂ ਅਚਾਨਕ ਛੁੱਟੀਆਂ ਅਤੇ ਦੌਰਾ ਪ੍ਰੋਗਰਾਮਾਂ ਨਾਲ ਸਬੰਧਤ ਨਿਰਦੇਸ਼ਾਂ ਵਿੱਚ ਸੋਧ ਕੀਤੀ ਹੈ।

ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਵੱਲੋਂ ਜਾਰੀ ਸੋਧੇ ਹੋਏ ਨਿਰਦੇਸ਼ਾਂ ਤਹਿਤ ਹੁਣ ਮਾਲ ਅਤੇ ਆਫਤ ਪ੍ਰਬੰਧਨ ਅਤੇ ਚੱਕਬੰਦੀ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ ਨੂੰ ਮੰਡਲ ਕਮਿਸ਼ਨਰਾਂ ਦੀਆਂ ਅਚਾਨਕ ਛੁੱਟੀਆਂ ਅਤੇ ਦੌਰਾ ਪ੍ਰੋਗਰਾਮਾਂ ਦੇ ਸਬੰਧ ਵਿੱਚ ਆਪਣੇ ਪੱਧਰ 'ਤੇ ਮਨਜ਼ੂਰੀ ਦੇਣ ਲਈ ਅਧਿਕਾਰਤ ਕੀਤਾ ਗਿਆ ਹੈ।

ਹੁਣ ਮੰਡਲ ਕਮਿਸ਼ਨਰਾਂ ਦੀਆਂ ਅਚਾਨਕ ਛੁੱਟੀਆਂ ਅਤੇ ਦੌਰਾ ਪ੍ਰੋਗਰਾਮਾਂ ਨਾਲ ਸਬੰਧਤ ਸਾਰੇ ਬਿਨੈ-ਪੱਤਰ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ, ਮਾਲ ਅਤੇ ਆਫਤ ਪ੍ਰਬੰਧਨ ਅਤੇ ਚੱਕਬੰਦੀ ਵਿਭਾਗ ਨੂੰ ਭੇਜੇ ਜਾਣਗੇ।

ਜ਼ਿਕਰਯੋਗ ਹੈ ਕਿ 30 ਨਵੰਬਰ, 2017 ਨੂੰ ਜਾਰੀ ਪਿਛਲੇ ਨਿਰਦੇਸ਼ਾਂ ਤਹਿਤ ਮੰਡਲ ਕਮਿਸ਼ਨਰਾਂ ਦੀਆਂ ਅਚਾਨਕ ਛੁੱਟੀਆਂ ਦੇ ਬਿਨੈ-ਪੱਤਰ ਅਤੇ ਦੌਰਾ ਪ੍ਰੋਗਰਾਮਾਂ ਦੀ ਪ੍ਰਵਾਨਗੀ ਦੀਆਂ ਤਜਵੀਜ਼ਾਂ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ, ਮਾਲ ਅਤੇ ਆਫਤ ਪ੍ਰਬੰਧਨ ਅਤੇ ਚੱਕਬੰਦੀ ਵਿਭਾਗ ਦੇ ਰਾਹੀਂ ਮੁੱਖ ਸਕੱਤਰ ਨੂੰ ਭੇਜੀਆਂ ਜਾਂਦੀਆਂ ਸਨ।

# ਬਾਗਬਾਨੀ ਵਿੱਚ ਹੁਨਰ ਵਿਕਾਸ ਲਈ ਸਿਖਲਾਈ ਪ੍ਰੋਗਰਾਮ ਤਹਿਤ ਅਰਜ਼ੀਆਂ ਦੀ ਕੀਤੀ ਮੰਗ

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਦੇ ਬਾਗਬਾਨੀ ਵਿਭਾਗ ਵੱਲੋਂ ਸਿਰਸਾ ਜ਼ਿਲ੍ਹੇ ਦੇ ਮੰਗੇਆਣਾ ਸਥਿਤ ਫਲ ਉੱਤਮਤਾ ਕੇਂਦਰ ਵਿਖੇ ਸਾਲ 2026-27 ਲਈ ਕਿਸਾਨਾਂ ਦੇ ਹਿੱਤ ਵਿੱਚ ਪੰਜ ਦਿਨਾਂ ਸਿਖਲਾਈ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਰਾਜ ਦੇ ਸਾਰੇ ਜ਼ਿਲ੍ਹਿਆਂ ਦੇ ਇੱਛੁਕ ਕਿਸਾਨ ਇਸ ਸਿਖਲਾਈ ਲਈ ਬਾਗਬਾਨੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ ਆਨਲਾਈਨ ਅਰਜ਼ੀ ਦੇ ਸਕਦੇ ਹਨ।

ਇੱਕ ਸਰਕਾਰੀ ਬੁਲਾਰੇ ਅਨੁਸਾਰ, ਇਹ ਸਿਖਲਾਈ ਪ੍ਰੋਗਰਾਮ ਅਕਤੂਬਰ ਤੋਂ ਦਸੰਬਰ 2026 ਦੇ ਵਿਚਕਾਰ ਵੱਖ-ਵੱਖ ਤਾਰੀਖਾਂ ਵਿੱਚ ਆਯੋਜਿਤ ਕੀਤੇ ਜਾਣਗੇ, ਜਿਨ੍ਹਾਂ ਦਾ ਮੁੱਖ ਵਿਸ਼ਾ ਨਰਸਰੀ ਪ੍ਰਬੰਧਨ ਅਤੇ ਬਾਗ ਪ੍ਰਬੰਧਨ ਹੋਵੇਗਾ। ਹਰੇਕ ਸਿਖਲਾਈ ਬੈਚ ਵਿੱਚ ਸੀਟਾਂ ਦੀ ਗਿਣਤੀ 20 ਤੈਅ ਕੀਤੀ ਗਈ ਹੈ ਅਤੇ ਚੋਣ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ 'ਤੇ ਕੀਤੀ ਜਾਵੇਗੀ। ਸਿਖਲਾਈ ਵਿੱਚ ਭਾਗ ਲੈਣ ਲਈ ਬਿਨੈਕਾਰ ਦੀ ਉਮਰ 18 ਤੋਂ 60 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ ਅਤੇ ਉਸ ਦਾ ਹਰਿਆਣਾ ਦਾ ਸਥਾਈ ਨਿਵਾਸੀ ਹੋਣਾ ਲਾਜ਼ਮੀ ਹੈ।

ਹਾਲਾਂਕਿ, ਬੁਲਾਰੇ ਨੇ ਵਿਸ਼ੇਸ਼ ਤੌਰ 'ਤੇ ਸਪੱਸ਼ਟ ਕੀਤਾ ਕਿ ਹਰਿਆਣਾ ਵਿੱਚ ਨਰਸਰੀ ਚਲਾਉਣ ਵਾਲੇ ਗ਼ੈਰ-ਨਿਵਾਸੀ ਸੰਚਾਲਕ ਵੀ ਨਰਸਰੀ ਪ੍ਰਬੰਧਨ ਸਿਖਲਾਈ ਲਈ ਅਰਜ਼ੀ ਦੇ ਸਕਦੇ ਹਨ, ਕਿਉਂਕਿ ਨਰਸਰੀ ਲਾਇਸੈਂਸ ਪ੍ਰਾਪਤ ਕਰਨ ਲਈ ਇਹ ਸਿਖਲਾਈ ਲਾਜ਼ਮੀ ਹੈ।

ਵਿਭਾਗ ਵੱਲੋਂ ਚੁਣੇ ਗਏ ਸਿਖਿਆਰਥੀਆਂ ਲਈ ਸਿਖਲਾਈ ਦੌਰਾਨ ਰਾਤ ਦੇ ਠਹਿਰਾਅ ਅਤੇ ਖਾਣ-ਪੀਣ ਦੀ ਸਹੂਲਤ ਬਿਲਕੁਲ ਮੁਫ਼ਤ ਰਹੇਗੀ। ਚੁਣੇ ਗਏ ਕਿਸਾਨਾਂ ਨੂੰ ਆਪਣੇ ਨਾਲ ਆਧਾਰ ਕਾਰਡ, ਪਰਿਵਾਰ ਪਛਾਣ ਪੱਤਰ ਦੀ ਫੋਟੋ ਕਾਪੀ, ਪਾਸਪੋਰਟ ਆਕਾਰ ਦੀ ਫੋਟੋ ਅਤੇ ਲੋੜੀਂਦੇ ਅਸਲ ਦਸਤਾਵੇਜ਼ ਲਿਆਉਣੇ ਪੈਣਗੇ।

ਬੁਲਾਰੇ ਨੇ ਇਹ ਵੀ ਸਪੱਸ਼ਟ ਕੀਤਾ ਕਿ ਪ੍ਰਸ਼ਾਸਨਿਕ ਕਾਰਨਾਂ ਕਰਕੇ ਸਿਖਲਾਈ ਦੀ ਮਿਆਦ ਵਿੱਚ ਬਦਲਾਅ ਜਾਂ ਵਾਧਾ ਕੀਤਾ ਜਾ ਸਕਦਾ ਹੈ। ਇੱਕ ਸਰਕਾਰੀ ਬੁਲਾਰੇ ਅਨੁਸਾਰ, ਇਹ ਸਿਖਲਾਈ ਪ੍ਰੋਗਰਾਮ ਅਕਤੂਬਰ ਤੋਂ ਦਸੰਬਰ 2026 ਦੇ ਵਿਚਕਾਰ ਵੱਖ-ਵੱਖ ਤਾਰੀਖਾਂ ਵਿੱਚ ਆਯੋਜਿਤ ਕੀਤੇ ਜਾਣਗੇ, ਜਿਨ੍ਹਾਂ ਦਾ ਮੁੱਖ ਵਿਸ਼ਾ ਨਰਸਰੀ ਪ੍ਰਬੰਧਨ ਅਤੇ ਬਾਗ ਪ੍ਰਬੰਧਨ ਹੋਵੇਗਾ। ਹਰੇਕ ਸਿਖਲਾਈ ਬੈਚ ਵਿੱਚ ਸੀਟਾਂ ਦੀ ਗਿਣਤੀ 20 ਤੈਅ ਕੀਤੀ ਗਈ ਹੈ ਅਤੇ ਚੋਣ 'ਪਹਿਲਾਂ ਆਓ, ਪਹਿਲਾਂ ਪਾਓ' ਦੇ ਆਧਾਰ 'ਤੇ ਕੀਤੀ ਜਾਵੇਗੀ। ਸਿਖਲਾਈ ਵਿੱਚ ਭਾਗ ਲੈਣ ਲਈ ਬਿਨੈਕਾਰ ਦੀ ਉਮਰ 18 ਤੋਂ 60 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ ਅਤੇ ਉਸ ਦਾ ਹਰਿਆਣਾ ਦਾ ਸਥਾਈ ਨਿਵਾਸੀ ਹੋਣਾ ਲਾਜ਼ਮੀ ਹੈ।ਹਾਲਾਂਕਿ, ਬੁਲਾਰੇ ਨੇ ਵਿਸ਼ੇਸ਼ ਤੌਰ 'ਤੇ ਸਪੱਸ਼ਟ ਕੀਤਾ ਕਿ ਹਰਿਆਣਾ ਵਿੱਚ ਨਰਸਰੀ ਚਲਾਉਣ ਵਾਲੇ ਗ਼ੈਰ-ਨਿਵਾਸੀ ਸੰਚਾਲਕ ਵੀ ਨਰਸਰੀ ਪ੍ਰਬੰਧਨ ਸਿਖਲਾਈ ਲਈ ਅਰਜ਼ੀ ਦੇ ਸਕਦੇ ਹਨ, ਕਿਉਂਕਿ ਨਰਸਰੀ ਲਾਇਸੈਂਸ ਪ੍ਰਾਪਤ ਕਰਨ ਲਈ ਇਹ ਸਿਖਲਾਈ ਲਾਜ਼ਮੀ ਹੈ।ਵਧੇਰੇ ਜਾਣਕਾਰੀ ਜਾਂ ਕਿਸੇ ਵੀ ਸਵਾਲ ਚੁਣੇ ਗਏ ਕਿਸਾਨਾਂ ਨੂੰ ਆਪਣੇ ਨਾਲ ਆਧਾਰ ਕਾਰਡ, ਪਰਿਵਾਰ ਪਛਾਣ ਪੱਤਰ ਦੀ ਫੋਟੋ ਕਾਪੀ, ਪਾਸਪੋਰਟ ਆਕਾਰ ਦੀ ਫੋਟੋ ਅਤੇ ਲੋੜੀਂਦੇ ਅਸਲ ਦਸਤਾਵੇਜ਼ਲਈ ਕਿਸਾਨ ਸਿਖਲਾਈ ਇੰਚਾਰਜ ਨਾਲ ਮੋਬਾਈਲ ਨੰਬਰ 97280-54266 'ਤੇ ਸੰਪਰਕ ਕਰ ਸਕਦੇ ਹਨ।

# ਮੁਕੇਰੀਆਂ ਚ ਹਿਮਪੁੰਨ ਪੰਜਾਬ ਮਿੱਤਰ ਮੰਡਲ ਦੀ ਹੋਈ ਮੀਟਿੰਗ

**ਮੁਕੇਰੀਆਂ, 23 ਸਤੰਬਰ**
**ਸੁਖਵਿੰਦਰ ਮਹਿਰਾ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲੀ ਅਤੇ ਪੰਜਾਬੀ ਪਰਿਵਾਰਾਂ ਦਰਮਿਆਨ ਆਪਸੀ ਭਾਈਚਾਰੇ ਅਤੇ ਸੱਭਿਆਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਮੁਕੇਰੀਆਂ ਵਿਖੇ ਇਲਾਕੇ ਦੇ ਗਣਮਾਨਿਆਂ, ਸਿੱਖਿਆ ਪ੍ਰਾਪਤ ਅਤੇ ਸੂਝਵਾਨ ਵਿਅਕਤੀਆਂ ਦੀ ਇੱਕ ਅਹਿਮ ਮੀਟਿੰਗ ਹੋਈ। ਇਸ ਮੌਕੇ ਹਿਮਪੁੰਨ ਪੰਜਾਬ ਮਿੱਤਰ ਮੰਡਲ ਦੀ ਸਥਾਪਨਾ ਕੀਤੀ ਗਈ। ਮੀਟਿੰਗ ਵਿੱਚ ਸਰਬਸੰਮਤੀ ਨਾਲ ਇੰਜੀਨੀਅਰ ਰੋਹਿਤ ਸ਼ਰਮਾ ਨੂੰ ਸੰਗਠਨ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਦਿਆਂ ਕਾਰਜਕਾਰਨੀ ਦੇ ਗਠਨ ਦੇ ਪੂਰੇ ਅਧਿਕਾਰ ਸੌਂਪੇ ਗਏ।ਮੀਟਿੰਗ ਦੌਰਾਨ ਦੋਵਾਂ ਰਾਜਾਂ ਦੇ ਪਰਿਵਾਰਾਂ ਦਰਮਿਆਨ ਚੱਲੇ ਆ ਰਹੇ ਇਤਿਹਾਸਕ, ਪਰਿਵਾਰਕ ਅਤੇ ਸੱਭਿਆਚਾਰਕ ਸਬੰਧਾਂ ਬਾਰੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਸੰਗਠਨ ਦਾ ਮੁੱਖ ਉਦੇਸ਼ ਸਮਾਜ ਭਲਾਈ ਦੇ ਕਾਰਜਾਂ ਨੂੰ ਉਤਸ਼ਾਹਿਤ ਕਰਨਾ, ਹੋਣਹਾਰ ਬੱਚਿਆਂ ਦੇ ਉੱਜਵਲ ਭਵਿੱਖ ਲਈ ਵਿਸ਼ੇਸ਼ ਪ੍ਰੋਗਰਾਮ ਉਲੀਕਣਾ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਿਆਂ ਕੌਮੀ ਤਿਉਹਾਰ ਸਾਂਝੇ ਤੌਰ 'ਤੇ ਮਨਾਉਣਾ ਹੈ।ਨਵ-ਨਿਯੁਕਤ ਕਾਰਜਕਾਰੀ ਪ੍ਰਧਾਨ ਇੰਜੀਨੀਅਰ ਰੋਹਿਤ ਸ਼ਰਮਾ ਨੂੰ ਮੁਕੇਰੀਆਂ ਇਲਾਕੇ ਦੇ ਵੱਖ-ਵੱਖ ਸਥਾਨਾਂ 'ਤੇ ਜਾ ਕੇ ਦੋਵਾਂ ਭਾਈਚਾਰਿਆਂ ਦੇ ਪੱਖਪਾਤ ਰਹਿਤ ਅਤੇ ਪ੍ਰਬੁੱਧ ਵਿਅਕਤੀਆਂ ਨੂੰ ਸੰਗਠਨ ਨਾਲ ਜੋੜਨ ਦੀ ਜ਼ਿੰਮੇਵਾਰੀ ਦਿੱਤੀ ਗਈ। ਮੀਟਿੰਗ ਵਿੱਚ ਆਉਣ ਵਾਲੇ ਦੋ-ਤਿੰਨ ਮਹੀਨਿਆਂ ਦੌਰਾਨ ਆਪਸੀ ਸਾਂਝ ਦੇ ਪ੍ਰਤੀਕ ਵਜੋਂ ਇੱਕ ਵਿਸ਼ਾਲ ਮਹਾਂਸੰਮੇਲਨ ਕਰਵਾਉਣ ਦਾ ਫ਼ੈਸਲਾ ਵੀ ਲਿਆ ਗਿਆ। ਇਸ ਮੌਕੇ ਹਾਜ਼ਰ ਸਾਰਿਆਂ ਨੇ ਸੰਗਠਨ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਮੀਟਿੰਗ ਵਿੱਚ ਇੰਜੀਨੀਅਰ ਰੋਹਿਤ ਸ਼ਰਮਾ, ਰਮਨ ਡੋਗਰਾ, ਬਿਕਰਮ ਸਿੰਘ, ਰਣਜੀਤ ਸਿੰਘ ਸੈਣੀ, ਗੁਰਬਖ਼ਸ਼ ਸਿੰਘ ਜ਼ੀਰਿਆਲ, ਰਵਿੰਦਰ ਸਿੰਘ ਕੁੰਡਲ , ਮੋਹਿਤ ਸ਼ਰਮਾ, ਬਲਵੀਰ ਸਿੰਘ ਉਮਰਪੁਰ , ਹਰੀਸ਼ ਮਹਾਜਨ ਆਦਿ ਹਾਜ਼ਰ ਸਨ ।

# ਪੰਜਾਬੀ ਸਾਹਿਤ ਸਭਾ ਪਾਤੜਾਂ ਦੀ ਇਕੱਤਰਤਾ ਚ ਲੇਖਕਾਂ ਨੇ ਰੰਗ ਬੰਨਿਆ



**ਪਾਤੜਾਂ , 23 ਸਤੰਬਰ**
**ਰਣਜੀਤ ਸਿੰਘ ਮੁਧੜ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਾਹਿਤ ਸਭਾ ਪਾਤੜਾਂ (ਰਜਿ) ਪੰਜਾਬ ਦੀ ਇਕੱਤਰਤਾ ਸਟੇਟ ਅਵਾਰਡੀ ਬਾਲ ਸਾਹਿਤਕਾਰ ਬਾਜ ਸਿੰਘ ਮਹਿਲੀਆ ਅਤੇ ਮਾਸਟਰ ਹਰਦੇਵ ਸਿੰਘ ਪ੍ਰੀਤ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਦੇ ਮੀਟਿੰਗ ਹਾਲ ਵਿੱਚ ਹੋਈ। ਜਿਸ ਵਿੱਚ ਕਮੇਟੀ ਮੈਂਬਰ ਗੁਰਨਾਮ ਸਿੰਘ ਚੌਹਾਨ ਵੱਲੋਂ ਸਭਾ ਦੀ ਪ੍ਰਗਤੀ ਦੀ ਰਿਪੋਰਟ ਪੇਸ਼ ਕੀਤੀ ਗਈ।

ਸਾਹਿਤਕ ਦੌਰ ਵਿੱਚ ਪ੍ਰਸਿੱਧ ਬਾਲ ਸਾਹਿਤਕਾਰ ਬਾਜ ਸਿੰਘ ਮਹਿਲੀਆ ਨੇ ਮਿੰਨੀ ਕਹਾਣੀ, ਹਰਦੇਵ ਸਿੰਘ ਪ੍ਰੀਤ ਨੇ ਕਵਿਤਾ, ਕੁਲਵੰਤ ਸਿੰਘ ਰਿਖੀ ਨੇ ਗ਼ਜ਼ਲ, ਪੰਜ ਮੈਂਬਰੀ ਕਮੇਟੀ ਦੇ ਮੈਂਬਰ ਅਨੀਤਾ ਅਰੋੜਾ ਨੇ ਕਵਿਤਾ, ਗੁਰਨਾਮ ਸਿੰਘ ਜੱਜ ਨੇ ਸਟੇਜ ਸੈਕਟਰੀ ਦੀ ਭੂਮਿਕਾ ਨਿਭਾਉਂਦੇ ਹਨ ਇਸ਼ਾਦ ਖੜਿਆਲਵੀ ਨੇ ਗ਼ਜ਼ਲ,ਕਵਿਤਾ ਪੇਸ਼ ਕੀਤੀ। ਭੁਪਿੰਦਰਜੀਤ ਮੌਲਵੀਵਾਲਾ ਨੇ ਲੇਖ, ਗੁਰਨਾਮ ਸਿੰਘ ਚੌਹਾਨ ਨੇ ਮਿੰਨੀ ਕਹਾਣੀ, ਖੁਸ਼ਪ੍ਰੀਤ ਸਿੰਘ ਹਰੀਗੜ੍ਹ ਨੇ ਕਵਿਤਾ, ਇਸ਼ਾਦ ਖੜਿਆਲਵੀ ਨੇ ਗ਼ਜ਼ਲ, ਬਲਬੀਰ ਸਿੰਘ ਢਿੱਲੋਂ ਨੇ ਕਵਿਤਾ, ਬਲਜੀਤ ਕੌਰ ਨੇ ਗੀਤ, ਜਸ਼ਸਵੀ ਨੇ ਕਵਿਤਾ ਪੇਸ਼ ਕੀਤੀ। ਸਭਾ ਵਿੱਚ ਸ਼ਾਮਿਲ ਸਾਹਿਤਕਾਰਾਂ ਵੱਲੋਂ ਹਰ ਇੱਕ ਵੰਨਗੀ ਉੱਤੇ ਉਸਾਰੂ ਬਹਿਸ ਕੀਤੀ ਗਈ।

# ਪੰਜਾਬ ਸਰਕਾਰ ਵੱਲੋਂ ਯੁਵਕਾਂ ਨੂੰ ਲਿਖਤੀ ਅਤੇ ਫਿਜ਼ੀਕਲ ਦੀ ਮੁਫਤ ਟ੍ਰੇਨਿੰਗ ਲਈ ਕੈਂਪ

**ਫਾਜ਼ਿਲਕਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ, ਹਕੂਮਤ ਸਿੰਘ ( ਫਿਰੋਜ਼ਪੁਰ ) ਦੇ ਕੈਂਪ ਟ੍ਰੇਨਿੰਗ ਅਫਸਰ ਕੈਪਟਨ (ਰਿਟਾਇਡ) ਗੁਰਦਰਸ਼ਨ ਸਿੰਘ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਭਾਰਤ ਸਰਕਾਰ ਵੱਲੋਂ ਵੱਖ-ਵੱਖ ਫੋਰਸਾਂ ਵਿਚ 25487 ਪੋਸਟਾਂ ਸੀ.ਏ.ਪੀ.ਐਫ.(ਜੀ.ਡੀ.), ਬੀ.ਐਸ.ਐਫ., ਸੀ.ਆਈ.ਐਸ.ਐਫ, ਸੀ.ਆਰ.ਪੀ.ਐਫ., ਐਸ.ਐਸ.ਬੀ., ਆਈ.ਟੀ.ਬੀ.ਪੀ., ਏ.ਆਰ., ਐਸ.ਐਸ.ਐਫ. ਅਤੇ ਐਨ.ਆਈ.ਏ. ਲਈ ਕੱਢੀਆਂ ਜਾ ਰਹੀਆਂ ਹਨ। ਇਨ੍ਹਾਂ ਪੋਸਟਾਂ ਲਈ ਰਿਜਟ੍ਰੇਸ਼ਨ ਸਤੰਬਰ ਅਤੇ ਅਕਤੂਬਰ 2026 ਵਿੱਚ ਹੋਣ ਜਾ ਰਹੀ ਹੈ । ਇਨ੍ਹਾਂ ਪੋਸਟਾਂ ਵਿੱਚੋਂ ਕੇਵਲ ਲੜਕਿਆਂ ਨੂੰ ਲਿਖਤੀ ਪੇਪਰ ਅਤੇ ਫਿਜ਼ੀਕਲ੍ਹ ਦੀ ਟ੍ਰੇਨਿੰਗ ਕੈਂਪ ਵਿਖੇ ਫਰੀ ਕਰਵਾਈ ਜਾਵੇਗੀ ।

ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਫਾਜਿਲਕਾ, ਫਿਰੋਜ਼ਪੁਰ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ ਅਤੇ ਮੋਗਾ ਜਿਲ੍ਹੇ ਦੇ ਯੁਵਕਾਂ ਦੀ ਜਿਨ੍ਹਾਂ ਨੇ ਉਪਰੋਕਤ ਪੋਸਟਾਂ ਲਈ ਲਿਖਤੀ ਅਤੇ ਫਿਜ਼ੀਕਲ ਦੀ ਤਿਆਰੀ ਕਰਨੀ ਹੈ ਉਹ ਯੁਵਕ ਜਲਦੀ ਤੋਂ ਜਲਦੀ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ( ਸੋਮਵਾਰ ਤੋਂ ਸ਼ੁੱਕਰਵਾਰ ਤੱਕ ) ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਆਪਣਾ ਨਾਮ ਦਰਜ਼ ਕਰਵਾਉਣ ਲਈ ਰਿਪੋਰਟ ਕਰਨ। ਯੁਵਕ ਸੀ-ਪਾਈਟ ਕੈਂਪ, ਹਕੂਮਤ ਸਿੰਘ ਵਾਲਾ ਵਿਖੇ ਆਪਣਾ ਨਾਮ ਦਰਜ਼ ਕਰਵਾਉਣ/ ਟ੍ਰੇਨਿੰਗ ਲੈਣ ਲਈ ਹੇਠ ਲਿਖੇ ਦਸਤਾਵੇਜ਼ ਨਾਲ ਲੈ ਕੇ ਰਿਪੋਰਟ ਕਰ ਸਕਦੇ

ਕੈਂਪ ਵਿੱਚ ਆਉਣ ਸਮੇਂ ਉਪਰੋਕਤ ਕਿਸੇ ਵੀ ਭਰਤੀ ਲਈ ਆਨ ਲਾਈਨ ਅਪਲਾਈ ਕੀਤਾ ਹੈ ਉਸ ਦੀ ਫੋਟੋ ਸਟੇਟ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤਿ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ

# ਅਕਾਲੀ ਦਲ ਬਾਦਲ ਵੱਲੋਂ ਬਿਜਲੀ ਦੇ ਕੱਟਾਂ ਖਿਲਾਫ ਹਲਕਾ ਰੋਸ਼ ਪ੍ਰਦਰਸ਼ਨ, ਐੱਸਡੀਓ ਨੂੰ ਦਿੱਤਾ ਮੰਗ ਪੱਤਰ



**ਮੂਨਕ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਲੱਗ ਰਹੇ ਬਿਜਲੀ ਦੇ ਅਣਐਲਾਨੇ ਕੱਟਾਂ ਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਮੂਨਕ ਵਿਖੇ ਹਲਕਾ ਇੰਚਾਰਜ ਐਡਵੋਕੇਟ ਗਗਨਦੀਪ ਸਿੰਘ ਖੰਡੇਬਾਦ ਅਤੇ ਬੀਸੀ ਵਿੰਗ ਦੇ ਜ਼ਿਲਾ ਪ੍ਰਧਾਨ ਨਿਰਮਲ ਸਿੰਘ ਕੜੈਲ ਦੀ ਅਗਵਾਈ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ। ਸਮੂਹ ਲੀਡਰਸ਼ਿਪ ਅਤੇ ਵਰਕਰਾਂ ਨੇ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਗਗਨਦੀਪ ਸਿੰਘ ਖੰਡੇਬਾਦ ਅਤੇ ਆਗੂਆਂ ਨੇ ਕਿਹਾ ਕਿ ਬਿਜਲੀ ਦੇ ਕੱਟਾਂ ਕਾਰਨ ਕਿਸਾਨੀ, ਇੰਡਸਟਰੀ, ਫੈਕਟਰੀਆਂ, ਦੁਕਾਨਦਾਰਾਂ ਅਤੇ ਹੋਰ ਕਾਰੋਬਾਰਾਂ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਬਿਜਲੀ ਦੀ ਨਿਰੰਤਰ ਸਪਲਾਈ ਨਾ ਮਿਲਣ ਕਾਰਨ ਕਿਸਾਨਾਂ ਨੂੰ ਖੇਤੀਬਾੜੀ ਦੇ ਕੰਮ ਸਮੇਂ ਸਿਰ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦਕਿ ਉਦਯੋਗਿਕ ਅਤੇ ਵਪਾਰਕ ਗਤੀਵਿਧੀਆਂ ਵੀ ਪ੍ਰਭਾਵਿਤ ਹੋ ਰਹੀਆਂ ਹਨ।ਰੋਸ ਪ੍ਰਦਰਸ਼ਨ ਉਪਰੰਤ ਅਕਾਲੀ ਆਗੂਆਂ ਵੱਲੋਂ ਮੂਨਕ ਦੇ ਐੱਸਡੀਓ ਜੋਧਾ ਰਾਮ ਨੂੰ ਬਿਜਲੀ ਸਪਲਾਈ ਵਿੱਚ ਸੁਧਾਰ ਕਰਨ ਸਬੰਧੀ ਮੰਗ ਪੱਤਰ ਸੌਂਪਿਆ ਗਿਆ।

ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਵਾਸੀਆਂ ਨੂੰ ਬਿਜਲੀ ਦੇ ਲੱਗ ਰਹੇ ਕੱਟਾਂ ਤੋਂ ਜਲਦ ਤੋਂ ਜਲਦ ਰਾਹਤ ਦਿੱਤੀ ਜਾਵੇ, ਤਾਂ ਜੋ ਲੋਕ ਆਪਣੇ ਕਾਰੋਬਾਰ ਅਤੇ ਰੋਜ਼ਮਰ੍ਹਾ ਦੇ ਕੰਮ ਸੁਚਾਰੂ ਢੰਗ ਨਾਲ ਕਰ ਸਕਣ ਅਤੇ ਕਿਸਾਨ ਆਪਣੀ ਖੇਤੀਬਾੜੀ ਦਾ ਕੰਮ ਸਮੇਂ ਸਿਰ ਪੂਰਾ ਕਰ ਸਕਣ।ਇਸ ਮੌਕੇ ਐਡਵੋਕੇਟ ਗਗਨਦੀਪ ਸਿੰਘ ਖੰਡੇਬਾਦ ਨੇ ਕਿਹਾ ਕਿ ਜੇਕਰ ਬਿਜਲੀ ਦੇ ਕੱਟਾਂ ਵਿੱਚ ਜਲਦ ਸੁਧਾਰ ਨਾ ਕੀਤਾ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਪੰਜਾਬ ਰਾਜ ਬਿਜਲੀ ਬੋਰਡ ਦੇ ਮੁੱਖ ਦਫ਼ਤਰ ਅੱਗੇ ਪੱਕਾ ਮੋਰਚਾ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੋਰਚੇ ਵਿੱਚ ਹਲਕਿਆਂ ਅਨੁਸਾਰ ਪਾਰਟੀ ਦੇ ਵਰਕਰ ਅਤੇ ਅਹੁਦੇਦਾਰ ਸ਼ਮੂਲੀਅਤ ਕਰਕੇ ਸਰਕਾਰ ਤੱਕ ਲੋਕਾਂ ਦੀ ਆਵਾਜ਼ ਪਹੁੰਚਾਉਣਗੇ।

ਇਸ ਮੌਕੇ ਨੈਬ ਸਿੰਘ ਪੂਨੀਆ ਜਨਰਲ ਕੌਂਸਲ ਮੈਂਬਰ, ਟਹਿਲ ਸਿੰਘ ਮੰਡਵੀ ਜਨਰਲ ਕੌਂਸਲ ਮੈਂਬਰ, ਸੁਰਜਮੱਲ ਗੁਲਾੜੀ, ਪੀ ਏ ਸੀ ਮੈਂਬਰ, ਅਕਾਲੀ ਦਲ ਇਸਤਰੀ ਵਿੰਗ ਦੀ ਸੀਨੀਅਰ ਆਗੂ ਬੀਬੀ ਦਲਜੀਤ ਕੌਰ ਭੁੱਲਰ ,ਜੱਥੇਦਾਰ ਜਗਰਾਜ ਸਿੰਘ ਬਾਗੜੀ, ਸਰਕਲ ਪ੍ਰਧਾਨ, ਕੇਵਲ ਸਿੰਘ ਰਾਏਧਰਾਣਾ ਸਰਕਲ ਪ੍ਰਧਾਨ, ਸਰਬਜੀਤ ਸਿੰਘ ਸੁਰਜਨ ਭੈਣੀ, ਕ੍ਰਿਸ਼ਨ ਗਿੱਲ ਬੁਸੈਹਰਾ, ਸੁਰਜੀਤ ਸਿੰਘ ਰਾਓ ਬੀਸੀ ਵਿੰਗ ਦੇ ਸ਼ਹਿਰੀ ਪ੍ਰਧਾਨ, ਸੁਰਿੰਦਰ ਸਿੰਘ ਰਾਮਗੜ੍ਹ, ਗੁਜਰਾਂ ਹਲਕਾ ਪ੍ਰਧਾਨ ਬੀਸੀ ਵਿੰਗ, ਜਸਵਿੰਦਰ ਸਿੰਘ ਵਿਰਕ, ਮਲਕੀਤ ਸਿੰਘ ਮਹਾਂ ਸਿੰਘਵਾਲਾ, ਜਸਵੀਰ ਸਿੰਘ ਬਾਹਮਣੀਵਾਲਾ, ਯੂਥ ਆਗੂ ਗੁਰਵਿੰਦਰ ਸਿੰਘ ਸ਼ੇਰਗੜ੍ਹ, ਨਵਜੋਤ ਸਿੰਘ ਮਕੋਰੜ ਸਾਹਿਬ, ਜਗਦੀਪਸਿੰਘ, ਜੁਗਿੰਦਰ ਸਿੰਘ, ਲੇਹਲ ਕਲਾਂ , ਡਾ. ਵਿੱਕੀ ਭੁਟਾਲ ਖੁਰਦ, ਸੀ: ਆਗੂ ਸੇਵਾ ਸਿੰਘ ਬੱਲਰਾ, ਪ੍ਰੀਤਪਾਲ ਸਿੰਘ ਹਾਡਾਂ, ਪਰਮਜੀਤ ਸਿੰਘ ਬੰਟੀ ਕੁਦਨੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਅਹੁਦੇਦਾਰ ਹਾਜ਼ਰ ਸਨ।

## ਸੇਵਾ ਸੰਕਲਪ ਮੁਹਿੰਮ ਦਾ ਨਸ਼ਾ ਮੁਕਤ ਹਰਿਆਣਾ-ਨਮੋ ਮੈਰਾਥਨ ਦੇ ਆਯੋਜਨ ਨਾਲ ਆਗਾਜ਼

# ਨੌਜਵਾਨਾਂ ਦੀ ਊਰਜਾ ਨੂੰ ਰਾਸ਼ਟਰ ਦੀ ਤਾਕਤ ਬਣਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੋਲ੍ਹੇ ਮੌਕਿਆਂ ਦੇ ਨਵੇਂ ਦੁਆਰ : ਮੁੱਖ ਮੰਤਰੀ

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਦੇਸ਼ ਦੇ ਨੌਜਵਾਨਾਂ ਦੀ ਊਰਜਾ ਨੂੰ ਰਾਸ਼ਟਰ ਦੀ ਤਾਕਤ ਬਣਾਉਣ ਲਈ ਮੌਕਿਆਂ ਦੇ ਨਵੇਂ ਦੁਆਰ ਖੋਲ੍ਹੇ ਹਨ। ਖੇਲੋ ਇੰਡੀਆ ਨੇ ਖੇਡ ਪ੍ਰਤਿਭਾਵਾਂ ਨੂੰ ਮੰਚ ਦਿੱਤਾ, ਫਿੱਟ ਇੰਡੀਆ ਨੇ ਸਿਹਤਮੰਦ ਜੀਵਨ ਸ਼ੈਲੀ ਦਾ ਸੰਨੇਹ ਦਿੱਤਾ, ਸਕਿੱਲ ਇੰਡੀਆ ਨੇ ਹੁਨਰ ਨੂੰ ਮੌਕੇ ਨਾਲ ਜੋੜਿਆ ਅਤੇ ਸਟਾਰਟਅੱਪ ਇੰਡੀਆ ਨੇ ਨੌਜਵਾਨਾਂ ਵਿੱਚ ਉੱਦਮਤਾ ਦੀ ਨਵੀਂ ਊਰਜਾ ਪੈਦਾ ਕੀਤੀ। ਇਸੇ ਤਰ੍ਹਾਂ, ਮੁਦਰਾ ਯੋਜਨਾ ਅਤੇ ਸਟੈਂਡ-ਅੱਪ ਇੰਡੀਆ ਨੇ ਨੌਜਵਾਨਾਂ ਲਈ ਸਵੈ-ਰੁਜ਼ਗਾਰ ਅਤੇ ਉੱਦਮਤਾ ਦੇ ਰਸਤੇ ਖੋਲ੍ਹੇ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਅੰਬਾਲਾ ਸ਼ਹਿਰ ਵਿੱਚ 'ਸੇਵਾ ਸੰਕਲਪ ਮੁਹਿੰਮ' ਦੀ ਸ਼ੁਰੂਆਤ ਤਹਿਤ ਆਯੋਜਤ 'ਨਸ਼ਾ-ਮੁਕਤ ਹਰਿਆਣਾ ਨਮੋ ਮੈਰਾਥਨ' ਵਿੱਚ ਬਤੌਰ ਮੁੱਖ ਮਹਿਮਾਨ ਹਜ਼ਾਰਾਂ ਦੀ ਗਿਣਤੀ ਵਿੱਚ ਮੌਜੂਦ ਭਾਗੀਦਾਰਾਂ ਨੂੰ ਸੰਬੋਧਨ ਕਰ ਰਹੇ ਸਨ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਬੂਟੇ ਲਗਾ ਕੇ ਵਾਤਾਵਰਣ ਸੰਭਾਲ ਦਾ ਸੁਨੇਹਾ ਵੀ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦਾ ਦਿਨ ਬਹੁਤ ਖਾਸ ਹੈ। ਅੱਜ ਨੌਜਵਾਨਾਂ ਦੇ ਪ੍ਰੇਰਣਾ ਸਰੋਤ ਅਤੇ ਮਾਰਗਦਰਸ਼ਕ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦਾ ਜਨਮਦਿਨ ਹੈ। ਉਨ੍ਹਾਂ ਹਰਿਆਣਾ ਦੀ ਪੌਣੇ ਤਿੰਨ ਕਰੋੜ ਆਬਾਦੀ ਵੱਲੋਂ ਪ੍ਰਧਾਨ ਮੰਤਰੀ ਨੂੰ ਜਨਮਦਿਨ ਦੀ ਹਾਰਦਿਕ ਵਧਾਈ ਅਤੇ ਸ਼ੁਭਕਾਮਨਾਵਾਂ ਦਿੰਦੇ ਹੋਏ ਪ੍ਰਮਾਤਮਾ ਤੋਂ ਉਨ੍ਹਾਂ ਦੇ ਸਿਹਤਮੰਦ ਅਤੇ ਲੰਮੀ ਉਮਰ ਵਾਲੇ ਜੀਵਨ ਅਤੇ ਰਾਸ਼ਟਰ ਸੇਵਾ ਦੇ ਉਨ੍ਹਾਂ ਦੇ ਸੰਕਲਪ ਨੂੰ ਹੋਰ ਵੱਧ ਤਾਕਤ ਦੇਣ ਦੀ ਕਾਮਨਾ ਕੀਤੀ।

ਉਨ੍ਹਾਂ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ 25 ਸਾਲਾਂ ਦੀ ਜਨਸੇਵਾ ਨੂੰ ਨਮਨ ਕਰਦੇ ਹੋਏ ਕਿਹਾ ਕਿ ਉਹ ਸੇਵਾ ਅਤੇ ਸੰਕਲਪ ਦੀ ਨਵੀਂ ਊਰਜਾ ਨਾਲ ਅੱਗੇ ਵਧ ਰਹੇ ਹਨ। ਇਨ੍ਹਾਂ ਸਾਲਾਂ ਦਾ ਉਨ੍ਹਾਂ ਦਾ ਜਨਤਕ ਜੀਵਨ ਸਾਨੂੰ ਇੱਕੋ ਸੰਦੇਸ਼ ਦਿੰਦਾ ਹੈ—ਅਹੁਦਾ ਨਹੀਂ, ਸੇਵਾ ਵੱਡੀ ਹੈ; ਸੱਤਾ ਨਹੀਂ, ਸੰਕਲਪ ਵੱਡਾ ਹੈ ਅਤੇ ਆਪਣੇ ਤੋਂ ਪਹਿਲਾਂ ਰਾਸ਼ਟਰ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸੇ ਸੇਵਾ ਅਤੇ ਸੰਕਲਪ ਦੀ ਭਾਵਨਾ ਨਾਲ ਅੰਬਾਲਾ ਦੀ ਧਰਤੀ ਤੋਂ 'ਨਸ਼ਾ-ਮੁਕਤ ਹਰਿਆਣਾ ਨਮੋ ਮੈਰਾਥਨ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਮੈਰਾਥਨ ਵਿੱਚ ਭਾਗ ਲੈਣ ਵਾਲੇ ਹਰ ਨੌਜਵਾਨ, ਖਿਡਾਰੀ, ਵਿਦਿਆਰਥੀ, ਬੇਟੀ, ਮਾਪੇ, ਸਵੈ-ਸੇਵਕ ਦੇ ਨਾਲ-ਨਾਲ ਹੋਰ ਸਾਰੇ ਭਾਗੀਦਾਰਾਂ ਦਾ ਅਭਿਨੰਦਨ ਕਰਦਿਆਂ ਕਿਹਾ, ਨਮੋ ਹਰਿਆਣਾ ਦਾ ਇਹੀ ਅਰਮਾਨ, ਨਸ਼ਾ-ਮੁਕਤ ਰਹੇ ਹਰ ਇਨਸਾਨ।

ਨਸ਼ਾ ਕੁਝ ਸਮੇਂ ਲਈ 'ਹਾਈ' ਦੇ ਸਕਦਾ ਹੈ, ਪਰ ਪੂਰੀ ਜ਼ਿੰਦਗੀ ਨੂੰ 'ਲੋ' ਕਰ ਦਿੰਦਾ ਹੈ

ਮੁੱਖ ਮੰਤਰੀ ਨੇ ਕਿਹਾ ਕਿ ਸੇਵਾ ਦਾ ਅਰਥ ਕੇਵਲ ਕਿਸੇ ਦੀ ਮਦਦ ਕਰਨਾ ਨਹੀਂ ਹੈ, ਸਗੋਂ ਸਮਾਜ ਦੀ ਕਿਸੇ ਵੱਡੀ ਚੁਣੌਤੀ ਨੂੰ ਆਪਣਾ ਸੰਕਲਪ ਬਣਾ ਲੈਣਾ ਵੀ ਸੇਵਾ ਹੈ। ਅੱਜ ਸਾਡੇ ਸਾਹਮਣੇ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਨਸ਼ੇ ਵਿਰੁੱਧ ਫੈਸਲਾਕੁੰਨ ਲੜਾਈ ਹੈ। ਨਸ਼ਾ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ, ਸਗੋਂ ਨਸ਼ਾ ਖੁਦ ਇੱਕ ਵੱਡੀ ਸਮੱਸਿਆ ਹੈ। ਨਸ਼ਾ ਕੁਝ ਸਮੇਂ ਲਈ 'ਹਾਈ' ਦੇ ਸਕਦਾ ਹੈ, ਪਰ ਪੂਰੀ ਜ਼ਿੰਦਗੀ ਨੂੰ 'ਲੋ' ਕਰ ਦਿੰਦਾ ਹੈ। ਕੁਝ ਪਲਾਂ ਦਾ ਨਸ਼ਾ ਪੂਰੀ ਜ਼ਿੰਦਗੀ ਦੇ ਸੁਪਨਿਆਂ ਉੱਤੇ ਭਾਰੀ ਪੈ ਸਕਦਾ ਹੈ।

ਉਨ੍ਹਾਂ ਕਿਹਾ ਕਿ ਨਸ਼ਾ ਪਹਿਲਾਂ ਸਰੀਰ ਨੂੰ ਕਮਜ਼ੋਰ ਕਰਦਾ ਹੈ, ਫਿਰ ਆਤਮ-ਵਿਸ਼ਵਾਸ ਨੂੰ ਤੋੜਦਾ ਹੈ, ਸੁਪਨਿਆਂ ਨੂੰ ਖੋਹ ਲੈਂਦਾ ਹੈ, ਪਰਿਵਾਰ ਦੀਆਂ ਖੁਸ਼ੀਆਂ ਬਰਬਾਦ ਕਰਦਾ ਹੈ ਅਤੇ ਹੌਲੀ-ਹੌਲੀ ਪੂਰੇ ਸਮਾਜ ਨੂੰ ਖੋਖਲਾ ਕਰਦਾ ਹੈ। ਇਸ ਲਈ ਅੱਜ ਅੰਬਾਲਾ ਦੀਆਂ ਸੜਕਾਂ ਉੱਤੇ ਦੌੜਦਾ ਹੋਇਆ ਹਰ ਕਦਮ ਕੇਵਲ ਇੱਕ ਦੂਰੀ ਤੈਅ ਨਹੀਂ ਕਰ ਰਿਹਾ, ਸਗੋਂ ਹਰ ਕਦਮ ਨਸ਼ੇ ਤੋਂ ਦੂਰੀ ਅਤੇ ਜੀਵਨ ਨਾਲ ਜੁੜਨ ਦਾ ਸੰਨੇਹ ਦੇ ਰਿਹਾ ਹੈ।

**ਆਪਣੇ ਮਾਤਾ-ਪਿਤਾ ਦੇ ਸੁਪਨਿਆਂ ਨੂੰ ਟੁੱਟਣ ਨਾ ਦੇਣ ਨੌਜਵਾਨ**

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਨਸ਼ੇ ਨੂੰ 'ਨਾ' ਕਹੋ, ਗਲਤ ਸੰਗਤ ਨੂੰ 'ਨਾ' ਕਹੋ ਅਤੇ ਆਪਣੇ ਸੁਪਨਿਆਂ ਨੂੰ 'ਹਾਂ' ਕਹੋ। ਤੁਸੀਂ ਆਪਣੇ ਮਾਤਾ-ਪਿਤਾ ਦੀ ਉਮੀਦ ਹੋ, ਆਪਣੇ ਪਰਿਵਾਰ ਦਾ ਮਾਣ ਹੋ ਅਤੇ ਭਾਰਤ ਦੇ ਭਵਿੱਖ ਦੀ ਤਾਕਤ ਹੋ। ਤੁਹਾਡੇ ਮਾਤਾ-ਪਿਤਾ ਨੇ ਤੁਹਾਡੇ ਲਈ ਅਣਗਿਣਤ ਸੁਪਨੇ ਸਜਾਏ ਹਨ ਅਤੇ ਤੁਹਾਡੇ ਭਵਿੱਖ ਲਈ ਪਤਾ ਨਹੀਂ ਕਿੰਨੇ ਤਿਆਗ ਕੀਤੇ ਹਨ। ਤੁਹਾਡੀ ਇੱਕ ਸਫਲਤਾ ਪੂਰੇ ਪਰਿਵਾਰ ਨੂੰ ਮਾਣ ਨਾਲ ਭਰ ਦਿੰਦੀ ਹੈ। ਇਸ ਲਈ ਕਿਸੇ ਵੀ ਛਣਕਵੇਂ ਦਬਾਅ, ਦਿਖਾਵੇ ਜਾਂ ਗਲਤ ਦੋਸਤੀ ਕਾਰਨ ਆਪਣੇ ਮਾਤਾ-ਪਿਤਾ ਦੇ ਸੁਪਨਿਆਂ ਨੂੰ ਟੁੱਟਣ ਨਾ ਦਿਓ। ਤੁਹਾਡਾ ਜੀਵਨ ਅਨਮੋਲ ਹੈ, ਤੁਹਾਡਾ ਭਵਿੱਖ ਅਨਮੋਲ ਹੈ ਅਤੇ ਤੁਹਾਡੇ ਸੁਪਨੇ ਅਨਮੋਲ ਹਨ। ਉਨ੍ਹਾਂ ਕਿਹਾ ਕਿ ਸਾਡਾ ਟੀਚਾ ਕੇਵਲ ਨਸ਼ੇ ਨੂੰ ਰੋਕਣਾ ਨਹੀਂ ਹੈ, ਸਗੋਂ ਨੌਜਵਾਨਾਂ ਨੂੰ ਅਜਿਹਾ ਜੀਵਨ ਦੇਣਾ ਹੈ, ਜਿਸ ਵਿੱਚ ਨਸ਼ੇ ਦੀ ਜਗ੍ਹਾ ਖੇਡ ਹੋਵੇ, ਨਿਰਾਸ਼ਾ ਦੀ ਜਗ੍ਹਾ ਮੌਕਾ ਹੋਵੇ, ਗਲਤ ਸੰਗਤ ਦੀ ਜਗ੍ਹਾ ਚੰਗੇ ਸੰਸਕਾਰ ਹੋਣ ਅਤੇ ਭਟਕਣਾ ਦੀ ਜਗ੍ਹਾ ਟੀਚਾ ਹੋਵੇ।

**ਹਰਿਆਣਵੀ ਨੌਜਵਾਨ ਨਸ਼ੇ ਤੋਂ ਨਹੀਂ, ਆਪਣੇ ਹੌਸਲਿਆਂ ਤੋਂ ਪਛਾਣਿਆ ਜਾਵੇਗਾ**

ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨ ਸ਼ਕਤੀ ਵਿਕਸਤ ਭਾਰਤ-2047 ਦੀ ਸਭ ਤੋਂ ਵੱਡੀ ਤਾਕਤ ਹੈ। ਅਸੀਂ ਆਪਣੇ ਨੌਜਵਾਨਾਂ ਦੀ ਊਰਜਾ ਨੂੰ ਨਸ਼ੇ ਵਿੱਚ ਬਰਬਾਦ ਨਹੀਂ ਹੋਣ ਦੇ ਸਕਦੇ। ਉਨ੍ਹਾਂ ਦੇ ਹੱਥਾਂ ਵਿੱਚ ਨਸ਼ੇ ਦੀ ਪੁੜੀ ਨਹੀਂ, ਸਗੋਂ ਖੇਡ ਦਾ ਸਾਧਨ ਅਤੇ ਹੁਨਰ ਦਾ ਸੰਦ ਹੋਣਾ ਚਾਹੀਦਾ ਹੈ। ਅੱਜ ਦੀ ਇਹ ਮੈਰਾਥਨ ਕੇਵਲ ਦੌੜ ਨਹੀਂ ਹੈ, ਇਹ ਜਾਗਰੂਕਤਾ ਦੀ ਦੌੜ ਹੈ, ਜ਼ਿੰਮੇਵਾਰੀ ਦੀ ਦੌੜ ਹੈ ਅਤੇ ਸੰਕਲਪ ਦੀ ਦੌੜ ਹੈ। ਅੰਬਾਲਾ ਅੱਜ ਪੂਰੇ ਹਰਿਆਣਾ ਨੂੰ ਇਹ ਸੰਨੇਹ ਦੇ ਰਿਹਾ ਹੈ ਕਿ ਸਾਡਾ ਹਰਿਆਣਵੀ ਨੌਜਵਾਨ ਨਸ਼ੇ ਤੋਂ ਨਹੀਂ, ਆਪਣੇ ਹੌਸਲਿਆਂ ਤੋਂ ਪਛਾਣਿਆ ਜਾਵੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਸ ਮੌਕੇ ਸਾਰਿਆਂ ਨੂੰ ਵਿਸ਼ਵਕਰਮਾ ਦਿਵਸ ਦੀ ਵਧਾਈ ਵੀ ਦਿੱਤੀ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੰਦਿਆਂ ਕਿਹਾ, ਦੌੜੋ ਸੁਪਨਿਆਂ ਲਈ, ਦੌੜੋ ਸਫਲਤਾ ਲਈ, ਦੌੜੋ ਨਸ਼ਾ-ਮੁਕਤ ਹਰਿਆਣਾ ਲਈ। ਹਰਿਆਣਾ ਜਿੱਤੇਗਾ, ਨਸ਼ਾ ਹਾਰੇਗਾ। ਉਨ੍ਹਾਂ ਨਮੋ ਮੈਰਾਥਨ ਵਿੱਚ ਭਾਗ ਲੈਣ ਵਾਲੇ ਸਾਰੇ ਭਾਗੀਦਾਰਾਂ ਦੇ ਨਾਲ-ਨਾਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਵੀ ਮੈਰਾਥਨ ਦੇ ਸਫਲ ਆਯੋਜਨ ਲਈ ਵਧਾਈ ਦਿੱਤੀ।

ਮੁੱਖ ਮੰਤਰੀ ਨੇ 'ਨਸ਼ਾ-ਮੁਕਤ ਹਰਿਆਣਾ ਨਮੋ ਮੈਰਾਥਨ' ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਅਤੇ ਆਪ ਵੀ ਮੈਰਾਥਨ ਵਿੱਚ ਸ਼ਾਮਲ ਹੋ ਕੇ ਨੌਜਵਾਨਾਂ ਨੂੰ ਸਿਹਤਮੰਦ ਅਤੇ ਫਿੱਟ ਰਹਿਣ ਦਾ ਸੰਨੇਹ ਦਿੱਤਾ। ਇਸ ਮੌਕੇ ਉਨ੍ਹਾਂ ਮੌਜੂਦ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ ਦੀ ਸਹੁੰ ਵੀ ਦਿਵਾਈ। ਪ੍ਰਸਿੱਧ ਕਲਾਕਾਰ ਅਮਿਤ ਸੈਣੀ ਰੋਹਤਕੀਆ ਨੇ ਆਪਣੇ ਗੀਤਾਂ ਰਾਹੀਂ ਨੌਜਵਾਨਾਂ ਵਿੱਚ ਜੋਸ਼ ਭਰਨ ਦਾ ਕੰਮ ਕੀਤਾ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੈਰਾਥਨ ਵਿੱਚ ਸ਼ਾਮਲ ਭਾਗੀਦਾਰਾਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਉਤਸ਼ਾਹਿਤ ਵੀ ਕੀਤਾ ਗਿਆ।

ਇਸ ਮੌਕੇ ਸਾਬਕਾ ਮੰਤਰੀ ਸ੍ਰੀ ਅਸੀਮ ਗੋਇਲ ਨਨਿਆਲਾ, ਮੇਅਰ ਸ਼੍ਰੀਮਤੀ ਅਕਸ਼ਿਤਾ ਸੈਣੀ, ਭਾਜਪਾ ਜ਼ਿਲ੍ਹਾ ਪ੍ਰਧਾਨ ਸ੍ਰੀ ਮਨਦੀਪ ਰਾਣਾ, ਮੰਡਲ ਕਮਿਸ਼ਨਰ ਸ੍ਰੀ ਸੰਜੀਵ ਵਰਮਾ, ਆਈ.ਜੀ. ਅੰਬਾਲਾ ਰੇਂਜ ਸ੍ਰੀ ਪੰਕਜ ਨੈਨ, ਡਿਪਟੀ ਕਮਿਸ਼ਨਰ ਸ੍ਰੀ ਸਚਿਨ ਗੁਪਤਾ, ਪੁਲਿਸ ਕਪਤਾਨ ਸ੍ਰੀ ਅਜੀਤ ਸਿੰਘ ਸ਼ੇਖਾਵਤ ਸਮੇਤ ਪ੍ਰਸ਼ਾਸਨਿਕ ਅਧਿਕਾਰੀ ਅਤੇ ਹੋਰ ਪਤਵੰਤੇ ਵਿਅਕਤੀ ਮੌਜੂਦ ਸਨ।

# ਮੁਹਾਲੀ ਦੇ ਗਮਾਡਾ ਦਫ਼ਤਰ 'ਚ ਈ.ਡੀ. ਦਾ ਛਾਪਾ: 3 ਮੰਜ਼ਿਲਾਂ ਕੀਤੀਆਂ ਸੀਲ

## Remigate ਤੇ CLU ਧਾਂਦਲੀਆਂ ਦੇ ਰਿਕਾਰਡ ਜ਼ਬਤ; CRPF ਦੇ ਜਵਾਨਾਂ ਦੀ ਤਾਇਨਾਤੀ 'ਚ ਹੋਈ ਕਾਰਵਾਈ

**ਮੁਹਾਲੀ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਫੋਰਸਮੈਂਟ ਡਾਇਰੈਕਟੋਰੇਟ ਦੀਆਂ ਟੀਮਾਂ ਨੇ ਕੇਂਦਰੀ ਰਿਜ਼ਰਵ ਪੁਲੀਸ ਬਲ ਦੇ ਜਵਾਨਾਂ ਦੇ ਨਾਲ ਮੰਗਲਵਾਰ ਨੂੰ ਮੁਹਾਲੀ ਸਥਿਤ ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੇ ਦਫ਼ਤਰ 'ਚ ਵੱਡੇ ਪੱਧਰ 'ਤੇ ਛਾਪੇਮਾਰੀ ਕੀਤੀ। ਈ.ਡੀ. ਦੀ ਇਸ ਅਚਾਨਕ ਕਾਰਵਾਈ ਨਾਲ ਪ੍ਰਸ਼ਾਸਨਿਕ ਗਲਿਆਰਿਆਂ 'ਚ ਹੜਕੰਪ ਮਚ ਗਿਆ।



ਕੇਂਦਰੀ ਏਜੰਸੀ ਦੇ ਅਧਿਕਾਰੀਆਂ ਨੇ ਗਮਾਡਾ ਦਫ਼ਤਰ ਦੀਆਂ ਘੱਟੋ-ਘੱਟ 3 ਮੰਜ਼ਿਲਾਂ ਨੂੰ ਸੀਲ ਕਰ ਦਿੱਤਾ ਅਤੇ ਉੱਥੇ ਮੌਜੂਦ ਚੋਟੀ ਦੇ ਅਧਿਕਾਰੀਆਂ ਦੇ ਮੋਬਾਈਲ ਫ਼ੋਨ ਆਪਣੇ ਕਬਜ਼ੇ ਵਿੱਚ ਲੈ ਲਏ। ਇਸ ਛਾਪੇਮਾਰੀ ਦੌਰਾਨ ਈ.ਡੀ. ਨੇ ਰੇਮੀਗੇਟ ਮਾਮਲੇ ਦੇ ਨਾਲ-ਨਾਲ ਨਿੱਜੀ ਬਿਲਡਰਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਜ਼ਮੀਨ ਦੀ ਵਰਤੋਂ ਬਦਲਣ ਦੀਆਂ ਮਨਜ਼ੂਰੀਆਂ ਦੇਣ ਦੇ ਰਿਕਾਰਡ ਜ਼ਬਤ ਕਰ ਲਏ ਹਨ।

ਸੂਤਰਾਂ ਅਨੁਸਾਰ, ਗਮਾਡਾ ਦੇ ਸੀਨੀਅਰ ਅਧਿਕਾਰੀਆਂ, ਜਿਨ੍ਹਾਂ ਵਿੱਚ ਅਸਟੇਟ ਅਫ਼ਸਰ, ਵਧੀਕ ਮੁੱਖ ਪ੍ਰਸ਼ਾਸਕ ਅਤੇ ਮੁੱਖ ਇੰਜੀਨੀਅਰ ਸ਼ਾਮਲ ਹਨ, ਨੂੰ ਹਾਊਸਿੰਗ ਸਕੱਤਰ ਦੇ ਕਮਰੇ ਵਿੱਚ ਬੁਲਾਇਆ ਗਿਆ, ਜਿੱਥੇ ਈ.ਡੀ. ਅਧਿਕਾਰੀਆਂ ਵੱਲੋਂ ਉਨ੍ਹਾਂ ਤੋਂ ਲਗਾਤਾਰ ਪੁੱਛਗਿੱਛ ਕੀਤੀ ਜਾ ਰਹੀ ਹੈ।

ਜਾਂਚ ਏਜੰਸੀ ਦੇ ਅਧਿਕਾਰੀਆਂ ਮੁਤਾਬਕ, ਈ.ਡੀ. ਜ਼ਮੀਨ ਐਕਵਾਇਰ ਕਰਨ ਦੇ ਮਾਮਲਿਆਂ, ਨਿੱਜੀ ਰੀਅਲਟਰਾਂ/ਬਿਲਡਰਾਂ ਨੂੰ ਦਿੱਤੇ ਗਏ ਅਣਉਚਿਤ ਲਾਭਾਂ, ਸੀ.ਐੱਲ.ਯੂ. ਮਨਜ਼ੂਰੀਆਂ ਅਤੇ ਸਰਕਾਰੀ ਜਾਇਦਾਦਾਂ ਦੀ ਨਿਲਾਮੀ ਵਿੱਚ ਹੋਈਆਂ ਵੱਡੀਆਂ ਗੜਬੜੀਆਂ ਤੇ ਵਿੱਤੀ ਧਾਂਦਲੀਆਂ ਦੀ ਪੜਤਾਲ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਈ.ਡੀ. ਪਿਛਲੇ ਕੁਝ ਮਹੀਨਿਆਂ ਤੋਂ ਮੁਹਾਲੀ ਅਤੇ ਨਿਊ ਚੰਡੀਗੜ੍ਹ ਖੇਤਰ ਵਿੱਚ ਬਿਲਡਰਾਂ ਤੇ ਗਮਾਡਾ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੋਏ ਕਰੋੜਾਂ ਰੁਪਏ ਦੇ ਸੀ.ਐੱਲ.ਯੂ. ਘੁਟਾਲੇ ਅਤੇ ਫ਼ੀਸ ਡਿਫ਼ਾਲਟ ਮਾਮਲਿਆਂ ਦੀ ਜਾਂਚ ਕਰ ਰਹੀ ਹੈ। ਅੱਜ ਦੀ ਇਸ ਕਾਰਵਾਈ ਨਾਲ ਮੁਹਾਲੀ ਦੇ ਰੀਅਲ ਅਸਟੇਟ ਖੇਤਰ ਅਤੇ ਸਿਆਸੀ ਹਲਕਿਆਂ 'ਚ ਭਾਰੀ ਚਰਚਾ ਛਿੜ ਗਈ ਹੈ।

# ਰਾਜ ਸਭਾ 11 ਸੀਟਾਂ 'ਤੇ ਚੋਣਾਂ ਦਾ ਐਲਾਨ: 16 ਅਕਤੂਬਰ ਨੂੰ ਪੈਣਗੀਆਂ ਵੋਟਾਂ

## ਰਵਨੀਤ ਬਿੱਟੂ ਤੋਂ ਬਾਅਦ ਹੁਣ ਕੇਂਦਰੀ ਮੰਤਰੀ ਹਰਦੀਪ ਪੁਰੀ ਦਾ ਕਾਰਜਕਾਲ ਵੀ ਹੋ ਰਿਹਾ ਖ਼ਤਮ

**ਨਵੀਂ ਦਿੱਲੀ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਸਮੇਤ 11 ਰਾਜ ਸਭਾ ਮੈਂਬਰਾਂ ਦਾ ਕਾਰਜਕਾਲ 25 ਨਵੰਬਰ ਨੂੰ ਖ਼ਤਮ ਹੋਣ ਜਾ ਰਿਹਾ ਹੈ। ਇਸ ਦੇ ਮੱਦੇਨਜ਼ਰ ਚੋਣ ਕਮਿਸ਼ਨ ਨੇ ਅੱਜ ਇਨ੍ਹਾਂ ਸੀਟਾਂ ਲਈ ਚੋਣਾਂ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ 11 ਸੀਟਾਂ ਲਈ 16 ਅਕਤੂਬਰ ਨੂੰ ਵੋਟਾਂ ਪੈਣਗੀਆਂ।




ਹਰਦੀਪ ਸਿੰਘ ਪੁਰੀ ਉੱਤਰ ਪ੍ਰਦੇਸ਼ ਤੋਂ ਛੇ ਸਾਲਾਂ ਦੇ ਕਾਰਜਕਾਲ ਲਈ ਰਾਜ ਸਭਾ ਮੈਂਬਰ ਚੁਣੇ ਗਏ ਸਨ। ਉਨ੍ਹਾਂ ਦੀ ਥਾਂ ਕਿਸ ਨੂੰ ਰਾਜ ਸਭਾ ਭੇਜਿਆ ਜਾਵੇਗਾ, ਇਸ 'ਤੇ ਸਿਆਸੀ ਗਲਿਆਰਿਆਂ 'ਚ ਚਰਚਾ ਤੇਜ਼ ਹੋ ਗਈ ਹੈ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਮੰਤਰੀ ਮੰਡਲ ਵਿੱਚ ਉਹ ਇਸ ਵੇਲੇ ਇੱਕੋ-ਇੱਕ ਸਿੱਖ ਚਿਹਰਾ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਰਾਜ ਸਭਾ ਕਾਰਜਕਾਲ ਵੀ 20 ਜੂਨ ਨੂੰ ਖ਼ਤਮ ਹੋ ਚੁੱਕਾ ਹੈ ਅਤੇ ਉਨ੍ਹਾਂ ਨੂੰ ਦੁਬਾਰਾ ਨਾਮਜ਼ਦਗੀ ਨਹੀਂ ਮਿਲੀ ਸੀ। ਪੰਜਾਬ ਵਿੱਚ ਹੋਣ ਵਾਲੀਆਂ ਆਗਾਮੀ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਰਾਜ ਸਭਾ ਵਿੱਚ ਇਨ੍ਹਾਂ ਸਿੱਖ ਆਗੂਆਂ ਦੀ ਜਗ੍ਹਾ ਕੌਣ ਲਵੇਗਾ, ਇਹ ਵਿਸ਼ਾ ਕਾਫ਼ੀ ਅਹਿਮ ਮੰਨਿਆ ਜਾ ਰਿਹਾ ਹੈ।

ਉੱਤਰ ਪ੍ਰਦੇਸ਼ ਤੋਂ ਜਿਨ੍ਹਾਂ ਹੋਰ ਰਾਜ ਸਭਾ ਮੈਂਬਰਾਂ ਦਾ ਕਾਰਜਕਾਲ ਖ਼ਤਮ ਹੋ ਰਿਹਾ ਹੈ, ਉਨ੍ਹਾਂ ਵਿੱਚ ਭਾਜਪਾ ਦੇ ਸਾਬਕਾ ਜਨਰਲ ਸਕੱਤਰ ਅਰੁਣ ਸਿੰਘ, ਸਾਬਕਾ ਪ੍ਰਧਾਨ ਮੰਤਰੀ ਚੰਦਰਸ਼ੇਖਰ ਦੇ ਸਪੁੱਤਰ ਨੀਰਜ ਸ਼ੇਖਰ, ਸਮਾਜਵਾਦੀ ਪਾਰਟੀ ਦੇ ਜਨਰਲ ਸਕੱਤਰ ਰਾਮ ਗੋਪਾਲ ਯਾਦਵ ਅਤੇ ਉੱਤਰ ਪ੍ਰਦੇਸ਼ ਦੇ ਸਾਬਕਾ ਡਿਪਟੀ ਸੀ.ਐੱਮ. ਦਿਨੇਸ਼ ਸ਼ਰਮਾ (ਜਿਨ੍ਹਾਂ ਨੂੰ ਹਾਲ ਹੀ ਵਿੱਚ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਦਾ ਲੈਫਟੀਨੈਂਟ ਗਵਰਨਰ ਨਿਯੁਕਤ ਕੀਤਾ ਗਿਆ ਹੈ) ਸ਼ਾਮਲ ਹਨ।

ਚੋਣ ਕਮਿਸ਼ਨ ਅਨੁਸਾਰ ਇਨ੍ਹਾਂ ਚੋਣਾਂ ਲਈ ਨੋਟੀਫਿਕੇਸ਼ਨ 29 ਸਤੰਬਰ ਨੂੰ ਜਾਰੀ ਕੀਤਾ ਜਾਵੇਗਾ, ਜਦੋਂਕਿ ਨਾਮਜ਼ਦਗੀ ਪੱਤਰ ਦਾਖ਼ਲ ਕਰਨ ਦੀ ਆਖ਼ਰੀ ਮਿਤੀ 6 ਅਕਤੂਬਰ ਤੈਅ ਕੀਤੀ ਗਈ ਹੈ। ਉੱਤਰ ਪ੍ਰਦੇਸ਼ ਦੀਆਂ 10 ਸੀਟਾਂ ਤੋਂ ਇਲਾਵਾ ਉੱਤਰਾਖੰਡ ਦੀ ਵੀ ਇੱਕ ਰਾਜ ਸਭਾ ਸੀਟ 'ਤੇ ਚੋਣ ਹੋਵੇਗੀ। ਉੱਤਰਾਖੰਡ ਤੋਂ ਮੌਜੂਦਾ ਰਾਜ ਸਭਾ ਮੈਂਬਰ ਨਰੇਸ਼ ਬੰਸਲ ਦਾ ਕਾਰਜਕਾਲ ਵੀ 25 ਨਵੰਬਰ ਨੂੰ ਹੀ ਸਮਾਪਤ ਹੋ ਰਿਹਾ ਹੈ।

# ਹੁਕਮਾਂ ਦੀ ਅਣਦੇਖੀ: ਹਾਈ ਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਅਦਾਲਤ 'ਚ ਨਿੱਜੀ ਤੌਰ 'ਤੇ ਪੇਸ਼ ਹੋਣ ਦੇ ਦਿੱਤੇ ਨਿਰਦੇਸ਼




**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਪੈਂਡਿੰਗ ਮਹਿੰਗਾਈ ਭੱਤੇ (ਡੀ.ਏ.) ਦੇ ਭੁਗਤਾਨ ਸਬੰਧੀ ਦਿੱਤੇ ਪੁਰਾਣੇ ਹੁਕਮਾਂ ਦੀ ਤਾਮੀਲ ਨਾ ਕਰਨ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਦੇ ਮੁੱਖ ਸਕੱਤਰ ਨੂੰ ਅਦਾਲਤ ਵਿੱਚ ਨਿੱਜੀ ਤੌਰ 'ਤੇ ਹਾਜ਼ਰ ਹੋਣ ਦਾ ਨਿਰਦੇਸ਼ ਦਿੱਤਾ ਹੈ। ਅਦਾਲਤ ਨੇ Prima facie ਵਿੱਚ ਪਾਇਆ ਹੈ ਕਿ ਸੂਬਾ ਸਰਕਾਰ ਅਦਾਲਤੀ ਹੁਕਮਾਂ ਦੀ ਪਾਲਣਾ ਕਰਨ ਵਿੱਚ ਨਾਕਾਮ ਰਹੀ ਹੈ।

ਮੁੱਖ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਅਤੇ ਜਸਟਿਸ ਰੋਹਿਤ ਕਪੂਰ 'ਤੇ ਆਧਾਰਿਤ ਡਿਵੀਜ਼ਨ ਬੈਂਚ ਨੇ ਇਹ ਹੁਕਮ 3 ਅਗਸਤ ਦੇ ਉਸ ਫ਼ੈਸਲੇ ਦੀ ਅਣਦੇਖੀ ਨਾਲ ਜੁੜੀਆਂ ਅਰਜ਼ੀਆਂ 'ਤੇ ਸੁਣਵਾਈ ਕਰਦਿਆਂ ਜਾਰੀ ਕੀਤੇ, ਜਿਸ ਵਿੱਚ ਪੰਜਾਬ ਸਰਕਾਰ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਕੇਂਦਰ ਸਰਕਾਰ ਦੀਆਂ ਦਰਾਂ ਮੁਤਾਬਕ ਸਾਰੀਆਂ ਬਕਾਇਆ ਡੀ.ਏ./ਡੀ.ਆਰ. ਦੀਆਂ ਕਿਸ਼ਤਾਂ ਜਾਰੀ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ।

ਸੁਣਵਾਈ ਦੀ ਸ਼ੁਰੂਆਤ ਵਿੱਚ ਬੈਂਚ ਨੇ ਪਟੀਸ਼ਨਰਾਂ ਦੀਆਂ ਦਲੀਲਾਂ ਵੱਲ ਧਿਆਨ ਦਿਵਾਇਆ, ਜਿਸ ਵਿੱਚ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਅਜਿਹਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਜਿਵੇਂ ਦੋਵਾਂ ਧਿਰਾਂ ਵਿਚਾਲੇ ਕੋਈ ਸਮਝੌਤਾ ਹੋ ਗਿਆ ਹੋਵੇ, ਜਦੋਂਕਿ ਪਟੀਸ਼ਨਰ ਸਿਰਫ਼ ਹਾਈ ਕੋਰਟ ਦੇ ਫ਼ੈਸਲੇ ਨੂੰ ਲਾਗੂ ਕਰਵਾਉਣ ਲਈ ਹੀ ਅਧਿਕਾਰੀਆਂ ਨਾਲ ਸੰਪਰਕ ਕਰ ਰਹੇ ਸਨ। ਪਟੀਸ਼ਨਰਾਂ ਦੀ ਤਰਫ਼ੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਸੰਜੇ ਕੌਸ਼ਲ ਨੇ ਅਦਾਲਤ ਦੇ ਸਾਹਮਣੇ ਉਹ ਅਖ਼ਬਾਰ ਵੀ ਪੇਸ਼ ਕੀਤੇ, ਜਿਨ੍ਹਾਂ ਵਿੱਚ ਆਜ਼ਾਦੀ ਦਿਹਾੜੇ 'ਤੇ ਦਿੱਤੇ ਗਏ ਪੂਰੇ ਪੰਨੇ ਦੇ ਇਸ਼ਤਿਹਾਰ ਛਪੇ ਸਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਇਸ਼ਤਿਹਾਰ ਅਦਾਲਤੀ ਹੁਕਮਾਂ ਦੇ ਉਲਟ ਜਾ ਕੇ ਜਨਤਾ ਦੇ ਪੈਸੇ ਦੀ ਅਣਉਚਿਤ ਵਰਤੋਂ ਕਰਨ ਦੀ ਕੋਸ਼ਿਸ਼ ਹਨ।

ਅਦਾਲਤ ਨੇ ਨੋਟ ਕੀਤਾ ਕਿ 1 ਸਤੰਬਰ ਨੂੰ ਸੂਬਾ ਸਰਕਾਰ ਵੱਲੋਂ ਦਾਇਰ ਕੀਤੀ ਗਈ ਅਪੀਲ ਵਿੱਚ ਰਜਿਸਟਰੀ ਵੱਲੋਂ ਲਗਾਈਆਂ ਗਈਆਂ ਤਰੁਟੀਆਂ ਨੂੰ ਹਾਲੇ ਤੱਕ ਦੂਰ ਨਹੀਂ ਕੀਤਾ ਗਿਆ। ਪਟੀਸ਼ਨਰਾਂ ਨੇ ਦੋਸ਼ ਲਾਇਆ ਕਿ ਸਰਕਾਰ ਮਾਮਲੇ ਨੂੰ ਲਮਕਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ 'ਤੇ ਬੈਂਚ ਨੇ ਸਖ਼ਤ ਰੁੱਖ ਅਪਣਾਉਂਦਿਆਂ ਕਿਹਾ, ਜਿੱਥੇ ਸਾਰੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਹਿੱਤ ਜੁੜੇ ਹੋਣ, ਉੱਥੇ ਸਰਕਾਰ ਤੋਂ ਕਾਨੂੰਨੀ ਚਾਰਾਜੋਈ ਵਿੱਚ ਤੇਜ਼ੀ ਦੀ ਉਮੀਦ ਕੀਤੀ ਜਾਂਦੀ ਹੈ। ਅੱਜ ਤੱਕ ਮੁੱਖ ਸਕੱਤਰ ਵੱਲੋਂ ਅਦਾਲਤੀ ਹੁਕਮਾਂ ਦੀ ਪਾਲਣਾ ਸਬੰਧੀ ਕੋਈ ਹਲਫ਼ਨਾਮਾ ਦਾਇਰ ਨਹੀਂ ਕੀਤਾ ਗਿਆ ਹੈ।

ਬੈਂਚ ਨੇ ਸਪੱਸ਼ਟ ਕੀਤਾ, ਹਾਲਾਂਕਿ ਅਸੀਂ ਅਪੀਲ ਕਰਨ ਦੇ ਸਰਕਾਰ ਦੇ ਕਾਨੂੰਨੀ ਹੱਕ ਦਾ ਸਤਿਕਾਰ ਕਰਦੇ ਹਾਂ, ਪਰ ਇਹ ਹੱਕ ਨਿਰਪੱਖ ਤਰੀਕੇ ਨਾਲ ਵਰਤਿਆ ਜਾਣਾ ਚਾਹੀਦਾ ਹੈ। ਇਸ ਮਕਸਦ ਲਈ ਅਦਾਲਤੀ ਕਾਰਵਾਈ ਨੂੰ ਅਣਮਿੱਥੇ ਸਮੇਂ ਲਈ ਨਹੀਂ ਟਾਲਿਆ ਜਾ ਸਕਦਾ।

ਹਾਈ ਕੋਰਟ ਨੇ ਨਿਰਦੇਸ਼ ਦਿੱਤਾ ਕਿ ਜੇਕਰ ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਤੋਂ ਕੋਈ ਵਿਸ਼ੇਸ਼ ਰਾਹਤ ਜਾਂ ਸਟੇਅ ਨਹੀਂ ਮਿਲਦਾ, ਤਾਂ ਪੰਜਾਬ ਦੇ ਮੁੱਖ ਸਕੱਤਰ ਨੂੰ ਅਦਾਲਤ ਦੇ ਸਾਹਮਣੇ ਨਿੱਜੀ ਤੌਰ 'ਤੇ ਹਾਜ਼ਰ ਹੋ ਕੇ ਜਵਾਬਦੇਹੀ ਦੇਣੀ ਪਵੇਗੀ।

# ਚੰਡੀਗੜ੍ਹ ਵਿੱਚ SIR ਦੌਰਾਨ 56218 ਵੋਟਾਂ ਕੱਟੀਆਂ; ਅੰਤਿਮ ਸੂਚੀ ਜਾਰੀ

## 5.16 ਲੱਖ ਵੋਟਰਾਂ 'ਚੋਂ 4.60 ਲੱਖ ਦੀ ਅੰਤਿਮ ਸੂਚੀ ਤਿਆਰ; 9,927 ਨਵੇਂ ਵੋਟਰ ਜੁੜੇ




**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਵਿੱਚ 'ਐੱਸਆਈਆਰ' ਦੌਰਾਨ 56,218 ਵੋਟਾਂ ਕੱਟੀਆਂ ਗਈਆਂ ਹਨ। ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਚੰਡੀਗੜ੍ਹ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਦਾ ਕਾਰਜ ਮੁਕੰਮਲ ਹੋਣ ਤੋਂ ਬਾਅਦ ਅੱਜ ਅੰਤਿਮ ਵੋਟਰ ਸੂਚੀ ਜਾਰੀ ਕਰ ਦਿੱਤੀ ਗਈ ਹੈ। ਕੁੱਲ 5,16,427 ਵੋਟਰਾਂ ਵਿੱਚੋਂ ਹੁਣ 4,60,209 ਵੋਟਰਾਂ ਦੀ ਅੰਤਿਮ ਸੂਚੀ ਤਿਆਰ ਹੋਈ ਹੈ।

ਚੰਡੀਗੜ੍ਹ ਦੀ ਮੁੱਖ ਚੋਣ ਅਧਿਕਾਰੀ ਪ੍ਰੇਰਨਾ ਪੁਰੀ ਨੇ ਦੱਸਿਆ ਕਿ 15 ਜੂਨ 2026 ਤੋਂ 14 ਜੁਲਾਈ 2026 ਤੱਕ ਬੀਐੱਲਓਜ਼ (BLO) ਵੱਲੋਂ ਘਰ-ਘਰ ਜਾ ਕੇ 5,16,427 ਵੋਟਰਾਂ ਨੂੰ ਫਾਰਮ ਵੰਡੇ ਗਏ ਸਨ। ਇਨ੍ਹਾਂ ਵਿੱਚੋਂ 21 ਜੁਲਾਈ 2026 ਤੱਕ 4,50,282 ਵੋਟਰਾਂ ਵੱਲੋਂ ਆਪਣੇ ਫਾਰਮ ਜਮ੍ਹਾਂ ਕਰਵਾਏ ਗਏ ਸਨ।

ਉਨ੍ਹਾਂ ਦੱਸਿਆ ਕਿ ਵੋਟਰ ਸੂਚੀਆਂ ਦਾ ਡਰਾਫਟ ਜਾਰੀ ਕਰਨ ਸਮੇਂ ਲਗਪਗ 66 ਹਜ਼ਾਰ ਵੋਟਰਾਂ ਦੇ ਨਾਮ ਵੋਟਰ ਸੂਚੀ 'ਚੋਂ ਬਾਹਰ ਕੀਤੇ ਗਏ ਸਨ। ਇਸ ਤੋਂ ਬਾਅਦ ਫਾਰਮਾਂ ਵਿੱਚ ਕਮੀਆਂ ਕਾਰਨ ਸ਼ਹਿਰ ਦੇ 1.38 ਲੱਖ ਵੋਟਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਆਏ ਦਾਅਵਿਆਂ ਤੇ ਇਤਰਾਜ਼ਾਂ ਦਾ ਨਿਪਟਾਰਾ ਕੀਤਾ ਗਿਆ। ਇਸ ਪ੍ਰਕਿਰਿਆ ਦੌਰਾਨ 9,927 ਨਵੇਂ ਵੋਟਰਾਂ ਨੂੰ ਸੂਚੀ ਵਿੱਚ ਸ਼ਾਮਲ ਵੀ ਕੀਤਾ ਗਿਆ, ਜਿਸ ਤੋਂ ਬਾਅਦ ਅੱਜ 4,60,209 ਵੋਟਰਾਂ ਦੀ ਅੰਤਿਮ ਵੋਟਰ ਸੂਚੀ ਜਾਰੀ ਕੀਤੀ ਗਈ ਹੈ। ਚੋਣ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ ਸ਼ਹਿਰ ਵਿੱਚ 1 ਅਕਤੂਬਰ 2026 ਤੋਂ ਬਾਅਦ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਨੌਜਵਾਨਾਂ ਦੀਆਂ ਨਵੀਂਆਂ ਵੋਟਾਂ ਆਮ ਵਾਂਗ ਬਣਾਈਆਂ ਜਾਣਗੀਆਂ।

# ਵਿਰੋਧੀ ਧਿਰ ਪੰਜਾਬ ਪੁਲਿਸ ਅਤੇ ਸਰਕਾਰ ਨੂੰ ਬਦਨਾਮ ਕਰਨ ਦੀ ਕਰ ਰਹੀ ਹੈ ਕੋਸ਼ਿਸ਼: ਹਰਪਾਲ ਚੀਮਾ

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਅੰਮ੍ਰਿਤਸਰ ਵਿਖੇ ਪਿਛਲੇ ਦਿਨੀਂ ਏ.ਐੱਸ.ਆਈ. ਦੇ ਕਤਲ ਤੋਂ ਬਾਅਦ ਪੁਲੀਸ ਵਿਭਾਗ ਵੱਲੋਂ ਮੁਲਾਜ਼ਮਾਂ ਨੂੰ ਵਰਦੀ ਪਾਉਣ ਦੀ ਥਾਂ ਸਿਵਲ ਕੱਪੜੇ ਪਾਉਣ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਐਡਵਾਈਜ਼ਰੀ ਨੂੰ ਲੈ ਕੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਪਸ਼ਟ ਕੀਤਾ ਕਿ ਪੰਜਾਬ ਪੁਲੀਸ ਵੱਲੋਂ ਅਜਿਹੀ ਕੋਈ ਵੀ ਐਡਵਾਈਜ਼ਰੀ ਜਾਰੀ ਨਹੀਂ ਕੀਤੀ ਗਈ ਹੈ।



ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਪੁਲੀਸ ਅਤੇ ਸੂਬਾ ਸਰਕਾਰ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਪੋਸਟ ਸੋਸ਼ਲ ਮੀਡੀਆ 'ਤੇ ਪਾਉਣ ਵਾਲੇ ਦੀ ਜਾਂਚ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਵਿੱਤ ਮੰਤਰੀ ਨੇ ਕਿਹਾ ਕਿ ਅਜਿਹੀ ਪੋਸਟ ਪਾਉਣ ਵਾਲੇ ਵਿਅਕਤੀ ਨੂੰ ਤੁਰੰਤ ਇਹ ਪੋਸਟ ਡਿਲੀਟ ਕਰਨੀ ਚਾਹੀਦੀ ਹੈ।

# ਸਿੱਖੀ ਦੇ ਪ੍ਰਚਾਰ-ਪ੍ਰਸਾਰ ਅਤੇ ਸੇਵਾ ਦੀ ਸਦੀਵੀ ਪ੍ਰੰਪਰਾ ਦਾ ਪ੍ਰਤੀਕ ਹੈ ਗੌਲੀਗੁੜਾ ਗੁਰਦੁਆਰਾ ਸਾਹਿਬ: ਕਾਲਕਾ



**ਹੈਦਰਾਬਾਦ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਅੱਜ ਇੱਥੇ ਦੱਸਿਆ ਕਿ ਤੇਲੰਗਾਨਾ ਸਿੱਖ ਸੁਸਾਇਟੀ ਵੱਲੋਂ ਸੈਂਟਰਲ ਗੁਰਦੁਆਰਾ ਸਾਹਿਬ, ਗੌਲੀਗੁੜਾ, ਹੈਦਰਾਬਾਦ ਦੇ 100 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿੱਚ ਸ਼ਾਮਲ ਹੋਣ ਦਾ ਉਨ੍ਹਾਂ ਨੂੰ ਸੁਭਾਗ ਪ੍ਰਾਪਤ ਹੋਇਆ।

ਸਰਦਾਰ ਕਾਲਕਾ ਨੇ ਕਿਹਾ ਕਿ ਇਸ ਪਵਿੱਤਰ ਮੌਕੇ 'ਤੇ ਸਿੰਘ ਸਾਹਿਬ ਸੰਤ ਬਾਬਾ ਕੁਲਵੰਤ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਅਬਚਲ ਨਗਰ ਹਜ਼ੂਰ ਸਾਹਿਬ ਅਤੇ ਬਾਬਾ ਬਲਵਿੰਦਰ ਸਿੰਘ ਜੀ ਲੰਗਰ ਸਾਹਿਬ ਵਾਲਿਆਂ ਸਮੇਤ ਸੰਗਤਾਂ ਦੇ ਦਰਸ਼ਨ ਕਰਨ ਦਾ ਸੁਭਾਗ ਮਿਲਿਆ। ਉਨ੍ਹਾਂ ਕਿਹਾ ਕਿ ਮਹਾਨ ਸੰਤਾਂ-ਮਹਾਪੁਰਖਾਂ ਦੀ ਹਾਜ਼ਰੀ ਅਤੇ ਸੰਗਤ ਦਾ ਪਿਆਰ ਇਸ ਇਤਿਹਾਸਕ ਸਮਾਗਮ ਦੀ ਆਤਮਿਕ ਮਹੱਤਤਾ ਨੂੰ ਹੋਰ ਵਧਾਉਂਦਾ ਹੈ।

ਉਨ੍ਹਾਂ ਕਿਹਾ ਕਿ ਗੌਲੀਗੁੜਾ ਦਾ ਇਹ ਇਤਿਹਾਸਕ ਗੁਰਦੁਆਰਾ ਸਾਹਿਬ ਪਿਛਲੇ 100 ਸਾਲਾਂ ਤੋਂ ਹੈਦਰਾਬਾਦ ਅਤੇ ਤੇਲੰਗਾਨਾ ਵਿੱਚ ਸਿੱਖੀ ਦੇ ਪ੍ਰਚਾਰ-ਪ੍ਰਸਾਰ, ਗੁਰਬਾਣੀ, ਸੇਵਾ ਅਤੇ ਲੰਗਰ ਦੀ ਮਹਾਨ ਪਰੰਪਰਾ ਨੂੰ ਅੱਗੇ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੱਕ ਸਦੀ ਦਾ ਇਹ ਸਫ਼ਰ ਸਿੱਖ ਸੰਗਤ ਦੀ ਗੁਰੂ ਘਰ ਪ੍ਰਤੀ ਅਟੁੱਟ ਸ਼ਰਧਾ, ਸੇਵਾ-ਭਾਵਨਾ ਅਤੇ ਇਕਜੁੱਟਤਾ ਦਾ ਪ੍ਰਤੀਕ ਹੈ।

ਸਰਦਾਰ ਕਾਲਕਾ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਸਿਰਫ਼ ਇਬਾਦਤ ਦੇ ਸਥਾਨ ਹੀ ਨਹੀਂ, ਸਗੋਂ ਮਨੁੱਖਤਾ ਦੀ ਸੇਵਾ, ਭਾਈਚਾਰਕ ਸਾਂਝ ਅਤੇ ਗੁਰੂ ਸਾਹਿਬਾਨ ਦੇ ਸਰਬੱਤ ਦੇ ਭਲੇ ਦੇ ਸੰਦੇਸ਼ ਨੂੰ ਸਮਾਜ ਤੱਕ ਪਹੁੰਚਾਉਣ ਦੇ ਕੇਂਦਰ ਹਨ।

ਉਨ੍ਹਾਂ ਕਿਹਾ ਕਿ ਗੌਲੀਗੁੜਾ ਗੁਰਦੁਆਰਾ ਸਾਹਿਬ ਦੀ ਇੱਕ ਸਦੀ ਦੀ ਸੇਵਾ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗੀ।

ਸਰਦਾਰ ਕਾਲਕਾ ਨੇ ਤੇਲੰਗਾਨਾ ਸਿੱਖ ਸੁਸਾਇਟੀ ਅਤੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਦਿੱਤੇ ਪਿਆਰ, ਸਤਿਕਾਰ ਅਤੇ ਨਿੱਘੇ ਸਵਾਗਤ ਲਈ ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੰਗਤ ਵੱਲੋਂ ਮਿਲਿਆ ਪਿਆਰ ਅਤੇ ਸਤਿਕਾਰ ਉਨ੍ਹਾਂ ਲਈ ਹਮੇਸ਼ਾ ਯਾਦਗਾਰ ਰਹੇਗਾ।

ਉਨ੍ਹਾਂ ਕਿਹਾ ਕਿ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਸਦੀ ਸਿੱਖ ਸੰਗਤ ਵੱਲੋਂ ਆਪਣੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ ਅਤੇ ਇਨ੍ਹਾਂ ਨਾਲ ਸਿੱਖ ਭਾਈਚਾਰੇ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਆਪਣੀਆਂ ਜੜ੍ਹਾਂ ਅਤੇ ਗੌਰਵਮਈ ਵਿਰਾਸਤ ਨਾਲ ਜੋੜਨ ਵਿੱਚ ਹੋਰ ਮਜ਼ਬੂਤੀ ਮਿਲਦੀ ਹੈ।

# ਡਿਪਟੀ ਕਮਿਸ਼ਨਰ ਵੱਲੋਂ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ 11 ਅਕਤੂਬਰ ਤੋਂ ਸ਼ੁਰੂ ਹੋਣ ਵਾਲੇ ਅੱਸੂ ਦੇ ਨਵਰਾਤਰਿਆਂ ਤੇ ਦੁਰਗਾ ਅਸ਼ਟਮੀ ਸਬੰਧੀ ਤਿਆਰੀਆਂ ਦਾ ਜਾਇਜ਼ਾ



**ਪਟਿਆਲਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਮਾਤਾ ਸ੍ਰੀ ਕਾਲੀ ਦੇਵੀ ਮੰਦਿਰ ਵਿਖੇ 11 ਅਕਤੂਬਰ ਤੋਂ 19 ਅਕਤੂਬਰ ਤੱਕ ਅੱਸੂ ਦੇ ਨਵਰਾਤਰਿਆਂ ਅਤੇ ਦੁਰਗਾ ਅਸ਼ਟਮੀ ਦੌਰਾਨ ਵੱਡੀ ਗਿਣਤੀ ਸ਼ਰਧਾਲੂਆਂ ਦੀ ਆਮਦ ਨੂੰ ਲੈਕੇ ਤਿਆਰੀਆਂ ਸਮੇਤ ਹੋਰ ਸਾਰੇ ਪ੍ਰਬੰਧ ਜੰਗੀ ਪੱਧਰ 'ਤੇ ਜਾਰੀ ਹਨ। ਇਨ੍ਹਾਂ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਏ.ਡੀ.ਸੀ. ਅਨੁਪ੍ਰਿਤਾ ਜੌਹਲ ਸਮੇਤ ਐਡਵਾਈਜ਼ਰੀ ਕਮੇਟੀ ਦੇ ਮੈਂਬਰਾਂ ਸੀ.ਏ ਅਜੇ ਅਲੀਪੁਰੀਆ, ਸੰਜੇ ਸਿੰਗਲਾ ਤੇ ਡਾ. ਰਾਜ ਕੁਮਾਰ ਗੁਪਤਾ ਨਾਲ ਇੱਕ ਉਚ ਪੱਧਰੀ ਬੈਠਕ ਕੀਤੀ। ਡਿਪਟੀ ਕਮਿਸ਼ਨਰ ਨੇ ਇਸ ਤਿਉਹਾਰ ਦੌਰਾਨ ਦੂਰੋਂ-ਦੂਰੋਂ ਸ਼ਰਧਾਲੂ ਇੱਥੇ ਨਤਮਸਤਕ ਹੋਣ ਲਈ ਮੰਦਿਰ 'ਚ ਪੁੱਜਣ ਵਾਲੇ ਆਮ ਸ਼ਰਧਾਲੂਆਂ ਸਮੇਤ ਦਿਵਿਆਂਗ ਸ਼ਰਧਾਲੂਆਂ ਦੀ ਸਹੂਲਤ ਲਈ ਵੀਲ੍ਹ ਚੇਅਰ ਦਾ ਪ੍ਰਬੰਧ ਕਰਨ ਸਮੇਤ ਸ਼ਰਧਾਲੂਆਂ ਲਈ ਲੰਗਰ ਤੇ ਭੰਡਾਰੇ, ਪੀਣ ਵਾਲੇ ਪਾਣੀ, ਬਾਥਰੂਮ, ਸਾਫ਼ ਸਫ਼ਾਈ, ਸਜਾਵਟ ਆਦਿ ਦੇ ਪ੍ਰਬੰਧਾਂ ਦੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਹਰ ਤਰ੍ਹਾਂ ਦੇ ਪੁਖ਼ਤਾ ਇੰਤਜਾਮ ਕੀਤੇ ਜਾਣਗੇ।

ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਸ਼ਰਧਾਲੂਆਂ ਦੀ ਵੱਡੀ ਗਿਣਤੀ ਵਿੱਚ ਆਮਦ ਨੂੰ ਲੈਕੇ ਜ਼ਿਲ੍ਹਾ ਪੁਲਿਸ ਵੱਲੋਂ ਸੁਰੱਖਿਆ ਦੇ ਪੁੱਖਤਾ ਪ੍ਰਬੰਧ ਕੀਤੇ ਜਾ ਰਹੇ ਹਨ ਤੇ ਵਾਹਨਾਂ ਦੀ ਪਾਰਕਿੰਗ ਸਮੇਤ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਟਰੈਫ਼ਿਕ ਪਲਾਨ ਵੀ ਬਣਾਇਆ ਜਾ ਰਿਹਾ ਹੈ। ਮੰਦਿਰ ਦੀ ਉੱਚ ਪੱਧਰੀ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਡਾ. ਰਾਜ ਕੁਮਾਰ ਗੁਪਤਾ ਨੇ ਦੱਸਿਆ ਕਿ ਸ਼ਾਰਦੀਆ ਨਵਰਾਤਰੀ ਅੱਸੂ ਦੇ ਮਹੀਨੇ ਦੇ ਸ਼ੁਕਲ ਪੱਖ ਦੀ ਪ੍ਰਤੀਪਦਾ ਤਿਥੀ ਦੀ ਸ਼ੁਰੂਆਤ 11 ਅਕਤੂਬਰ ਤੋਂ ਹੋ ਰਹੀ ਹੈ ਅਤੇ ਇਸ ਦੌਰਾਨ ਦੁਰਗਾ ਮਾਂ ਦੇ ਨੌਰੂਪਾਂ ਦੀ ਵਿਧੀ ਵਿਧਾਨ ਨਾਲ ਅਰਾਧਨਾ ਕੀਤੀ ਜਾਂਦੀ ਹੈ, ਜਿਸ ਲਈ ਪ੍ਰਬੰਧ ਵੱਡੀ ਪੱਧਰ 'ਤੇ ਕੀਤੇ ਜਾ ਰਹੇ ਹਨ।

# ਕਮਲ ਕੌਰ ਭਾਬੀ ਕਤਲ ਮਾਮਲੇ 'ਚ ਅੰਮ੍ਰਿਤਪਾਲ ਮਹਿਰੋਂ ਭੜਕਾਊ ਪੋਸਟਾਂ ਦੇ ਪੁਰਾਣੇ ਮਾਮਲੇ 'ਚ ਅਦਾਲਤ ਵਿੱਚ ਪੇਸ਼



**ਧਰਮਕੋਟ (ਮੋਗਾ), 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੰਚਨ ਕੁਮਾਰੀ ਉਰਫ਼ ਕਮਲ ਭਾਬੀ ਕਤਲ ਕਾਂਡ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਅੱਜ ਇੱਥੇ ਮੋਗਾ ਦੀ ਸਿਵਲ ਅਦਾਲਤ ਵਿੱਚ ਇੱਕ ਪੁਰਾਣੇ ਕੇਸ ਦੇ ਸਿਲਸਿਲੇ ਵਿੱਚ ਪੁਲੀਸ ਵੱਲੋਂ ਪੇਸ਼ ਕੀਤਾ ਗਿਆ। ਇਸ ਮੌਕੇ ਥਾਣਾ ਸਿਟੀ ਦੇ ਮੁੱਖੀ ਇੰਸਪੈਕਟਰ ਗੁਰਵਿੰਦਰ ਸਿੰਘ ਭੁੱਲਰ ਦੀ ਅਗਵਾਈ ਹੇਠ ਪੁਲੀਸ ਨੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਹੋਏ ਸਨ।

ਜਾਣਕਾਰੀ ਮੁਤਾਬਿਕ ਅੰਮ੍ਰਿਤਪਾਲ ਸਿੰਘ ਮਹਿਰੋਂ ਉੱਤੇ ਥਾਣਾ ਮਹਿਣਾ ਵਿਖੇ ਸੋਸ਼ਲ ਮੀਡੀਆ ਉੱਤੇ ਭੜਕਾਊ ਪੋਸਟਾਂ ਪਾਉਣ ਅਤੇ ਹਥਿਆਰਾਂ ਦਾ ਪ੍ਰਦਰਸ਼ਨ ਕਰਨ ਦੇ ਦੋਸ਼ ਹੇਠ ਪਹਿਲਾਂ ਤੋਂ ਹੀ ਇੱਕ ਮਾਮਲਾ ਦਰਜ ਹੈ। ਅਦਾਲਤੀ ਕਾਰਵਾਈ ਨੂੰ ਅੱਗੇ ਵਧਾਉਣ ਲਈ ਪੁਲੀਸ ਨੇ ਅੱਜ ਉਸ ਨੂੰ ਇੱਥੋਂ ਦੀ ਅਦਾਲਤ ਵਿੱਚ ਪੇਸ਼ ਕੀਤਾ।

ਦੂਜੇ ਪਾਸੇ, ਮਹਿਰੋਂ ਦੇ ਵਕੀਲ ਨੇ ਦੱਸਿਆ ਕਿ ਤੱਥਾਂ ਨੂੰ ਤੋੜ-ਮਰੋੜ ਕੇ ਇਹ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦਾਅਵਾ ਕਰਦਿਆਂ ਦੱਸਿਆ ਕਿ ਅਜਿਹੇ ਮਾਮਲੇ ਵਿੱਚ ਅਦਾਲਤ ਪਹਿਲਾਂ ਹੀ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਬਰੀ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਮਾਮਲਾ ਸਿਆਸੀ ਆਧਾਰ ਉੱਤੇ ਦਰਜ ਕੀਤਾ ਗਿਆ ਹੈ ਅਤੇ ਇਸ ਕੇਸ ਵਿੱਚ ਕੋਈ ਸਚਾਈ ਨਹੀਂ ਹੈ। ਵਕੀਲ ਨੇ ਕਿਹਾ ਕਿ ਮਾਨਯੋਗ ਸੁਪਰੀਮ ਕੋਰਟ ਦੀਆਂ ਵੀ ਹਿਦਾਇਤਾਂ ਹਨ ਕਿ ਇੱਕ ਵਾਰ ਬਰੀ ਕੀਤੇ ਮੁਕੱਦਮੇ ਨੂੰ ਅਦਾਲਤ ਵਿੱਚ ਦੁਬਾਰਾ ਨਹੀਂ ਚਲਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਉਹ ਕੇਸ ਦੀ ਪੈਰਵੀ ਅਤੇ ਘੋਖ ਕਰ ਰਹੇ ਹਨ।

# ਜੁਡੀਸ਼ੀਅਲ ਜਾਂਚ : ਹਾਦਸੇ 'ਚ ਨਹੀਂ-ਪੁਲਿਸ ਨੇ ਜਲਾਦਾਂ ਵਾਂਗ ਕੋਹਕੇ ਮਾਰਿਆ ਨਰਿੰਦਰਦੀਪ

**ਬਠਿੰਡਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੋਨਿਆਣਾ ਮੰਡੀ ਨਿਵਾਸੀ ਆਈਲੈਟਸ ਅਧਿਆਪਕ ਨਰਿੰਦਰ ਸਿੰਘ ਦੀ 23 ਮਈ 2025 ਨੂੰ ਮੌਤ ਸੜਕ ਹਾਦਸੇ ਕਾਰਨ ਨਹੀਂ ਬਲਕਿ ਉਸ ਨੂੰ ਗੈਰਕਾਨੂੰਨੀ ਪੁਲਿਸ ਹਿਰਾਸਤ 'ਚ ਤਸੀਹੇ ਦੇਕੇ ਮਾਰਿਆ ਗਿਆ ਹੈ। ਚੀਫ ਜੁਡੀਸ਼ੀਅਲ ਮੈਜਿਸਟਰੇਟ ਪ੍ਰਭਜੋਤ ਭੱਟੀ ਵੱਲੋਂ ਕੀਤੀ ਜੁਡੀਸ਼ੀਅਲ ਜਾਂਚ ਦੀ ਰਿਪੋਰਟ ਵਿੱਚ ਸੀਆਈਏ - 2 ਦੇ 4 ਤੱਤਕਾਲੀ ਪੁਲਿਸ ਮੁਲਾਜਮ ਨਰਿੰਦਰਦੀਪ ਨੂੰ ਨਜਾਇਜ ਹਿਰਾਸਤ 'ਚ ਰੱਖਣ ਅਤੇ ਤਸੀਹੇ ਦੇਣ ਲਈ ਜਿੰਮੇਵਾਰ ਠਹਿਰਾਏ ਗਏ ਹਨ। ਰਿਪੋਰਟ 'ਚ ਸਪਸ਼ਟ ਕੀਤਾ ਗਿਆ ਹੈ ਕਿ ਜੁਬਾਨੀ, ਮੈਡੀਕਲ ਅਤੇ ਦਸਤਾਵੇਜੀ ਸਬੂਤਾਂ ਦੀਆਂ ਪੂਰੀਆਂ ਕੜੀਆਂ ਸੜਕ ਹਾਦਸੇ 'ਚ ਮੌਤ ਦੀ ਕਹਾਣੀ ਨਾਲ ਮੇਲ ਨਹੀਂ ਖਾਂਦੀਆਂ ਹਨ। ਸਭ ਤੋਂ ਮਹੱਤਵਪੂਰਨ ਅਤੇ ਗੰਭੀਰ ਗੱਲ ਇਹ ਹੈ ਕਿ ਸੀਜੇਐਮ ਦੀ 18 ਪੰਨਿਆਂ ਦੀ ਰਿਪੋਰਟ 'ਚ ਦੋ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਭੂਮਿਕਾ 'ਤੇ ਵੀ ਸਵਾਲ ਚੁੱਕੇ ਗਏ ਹਨ ਜਿੰਨ੍ਹਾਂ ਦੀ ਤਾਇਨਾਤੀ ਉਦੋਂ ਬਠਿੰਡਾ ਵਿੱਚ ਸੀ।

ਇਸ ਹਿਰਾਸਤੀ ਮੌਤ ਸਬੰਧੀ 24 ਮਈ 2025 ਨੂੰ ਜਾਣਕਾਰੀ ਮਿਲਣ ਦੇ ਬਾਵਜੂਦ ਦੋਵਾਂ ਅਧਿਕਾਰੀਆਂ ਨੇ ਫੌਰੀ ਤੌਰ 'ਤੇ ਨਿਰਪੱਖ ਜਾਂਚ ਕਰਵਾਉਣ ਅਤੇ ਪੁਲਿਸ ਮੁਲਾਜਮਾਂ ਖਿਲਾਫ ਕਾਰਵਾਈ ਕਰਨ ਦੌਰਾਨ ਲਾਪਰਵਾਹੀ ਵਰਤੀ। ਜੁਡੀਸ਼ੀਅਲ ਜਾਂਚ ਦਾ ਹੁਕਮ 8 ਅਗਸਤ 2025 ਨੂੰ ਦਿੱਤਾ ਗਿਆ ਜਿਸ ਦੀ ਰਿਪੋਰਟ ਮੁਤਾਬਕ ਚਾਰਾਂ ਪੁਲਿਸ ਮੁਲਾਜਮਾਂ ਨੇ ਨਰਿੰਦਰਦੀਪ ਨੂੰ ਤਸੀਹੇ ਦਿੱਤੇ। ਇੰਨ੍ਹਾਂ 'ਚ ਏਐਸਆਈ ਅਵਤਾਰ ਸਿੰਘ ਉਰਫ ਤਾਰੀ, ਹੈਡ ਕਾਂਸਟੇਬਲ ਲਖਵਿੰਦਰ ਸਿੰਘ, ਹੈਡ ਕਾਂਸਟੇਬਲ ਹਰਵਿੰਦਰ ਸਿੰਘ ਅਤੇ ਸੀਨੀਅਰ ਸਿਪਾਹੀ ਗੁਰਪਾਲ ਸਿੰਘ ਸ਼ਾਮਲ ਹਨ। ਨਰਿੰਦਰਦੀਪ ਸਿੰਘ ਦੀ ਮੌਤ ਤੋਂ ਬਾਅਦ ਥਾਣਾ ਕੈਨਾਲ ਕਲੋਨੀ ਵਿਖੇ ਬੀਐਨਐਸ ਦੀ ਧਾਰਾ 105 ਤਹਿਤ ਮਾਮਲਾ ਦਰਜ ਕੀਤਾ ਗਿਆ ਜੋ ਗੈਰ-ਇਰਾਦਤਨ ਹੱਤਿਆ ਨਾਲ ਸਬੰਧਤ ਹੈ। ਗਵਾਹਾਂ ਦੇ ਬਿਆਨ ਅਤੇ ਮ੍ਰਿਤਕ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਇਸ ਤਰਫ ਇਸ਼ਾਰਾ ਕਰਦੇ ਹਨ ਕਿ ਨਰਿੰਦਰਦੀਪ ਨੂੰ ਪੁਲਿਸ ਨੇ ਨਜਾਇਜ ਹਿਰਾਸਤ 'ਚ ਰੱਖਿਆ ਅਤੇ ਕੁੱਟਮਾਰ ਕੀਤੀ।




ਰਿਪੋਰਟ ਮੁਤਾਬਕ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਨਰਿੰਦਰਦੀਪ ਅਤੇ ਉਸ ਦਾ ਦੋਸਤ ਗਗਨਦੀਪ ਫਿਰੋਜਪੁਰ ਤੋਂ ਵਾਪਿਸ ਪਰਤ ਰਹੇ ਸਨ ਤਾਂ ਇਸ ਦੌਰਾਨ ਸੀਆਈਏ ਸਟਾਫ-2 ਦੀ ਟੀਮ ਨੇ ਉਨ੍ਹਾਂ ਨੂੰ ਰੋਕਿਆ ਅਤੇ ਡਰੱਗ ਤਸਕਰਾਂ ਨਾਲ ਜੁੜੇ ਹੋਣ ਦੇ ਸ਼ੱਕ ਵਿੱਚ ਪੁੱਛਗਿਛ ਕੀਤੀ ਸੀ। ਰਿਪੋਰਟ ਮੁਤਾਬਕ ਇਸ ਮੌਕੇ ਨਰਿੰਦਰਦੀਪ ਅਤੇ ਗਗਨਦੀਪ ਕੋਲੋ ਕੋਈ ਨਸ਼ੀਲੀ ਵਸਤੂ ਬਰਾਮਦ ਨਹੀਂ ਹੋਈ ਸੀ। ਇਸ ਤੋਂ ਬਾਅਦ ਵਾਪਰੇ ਘਟਨਾਕ੍ਰਮ ਨੂੰ ਲੈਕੇ ਨਰਿੰਦਰਦੀਪ ਸਿੰਘ ਦੇ ਪ੍ਰੀਵਾਰ ਅਤੇ ਪੁਲਿਸ ਦੇ ਬਿਆਨਾਂ 'ਚ ਫਰਕ ਸਾਹਮਣੇ ਆਇਆ। ਪ੍ਰੀਵਾਰ ਵੱਲੋਂ ਲਾਏ ਦੋਸ਼ਾਂ ਤੋਂ ਬਾਅਦ ਗਗਨਦੀਪ ਵੱਲੋਂ ਸੋਸ਼ਲ ਮੀਡੀਆ 'ਤੇ ਜਾਰੀ ਵੀਡੀਓ ਮਗਰੋਂ ਮਾਮਲਾ ਲਗਾਤਾਰ ਗੰਭੀਰ ਹੁੰਦਾ ਗਿਆ। ਇਸ ਤੋਂ ਬਾਅਦ ਮਾਮਲੇ 'ਚ ਕੁੱਲ ਛੇ ਜਣਿਆਂ ਨੂੰ ਦੋਸ਼ੀ ਨਾਮਜਦ ਕੀਤਾ ਗਿਆ ਜਿੰਨ੍ਹਾਂ ਵਿੱਚ ਸੀਆਈਏ ਸਟਾਫ-2 ਦੇ ਇਹ ਚਾਰੇ ਪੁਲਿਸ ਮੁਲਾਜਮਾਂ ਤੋਂ ਇਲਾਵਾ ਨਰਿੰਦਰਦੀਪ ਦਾ ਦੋਸਤ ਗਗਨਦੀਪ ਅਤੇ ਹੈਪੀ ਲੂਥਰਾ ਸ਼ਾਮਲ ਹਨ।

ਰਿਪੋਰਟ ਮੁਤਾਬਕ ਏਮਜ਼ ਬਠਿੰਡਾ ਦੇ ਬੋਰਡ ਨੇ ਮੌਤ ਦਾ ਕਾਰਨ ਓਪੀਏਟਸ ਅਤੇ ਬੈਂਜੋਡਾਇਜ਼ੇਪੀਨ ਵਰਗੇ ਪਦਾਰਥਾਂ ਵਿਚਲੇ ਜਹਿਰੀਲੇਪਣ ਦੇ ਸਾਂਝੇ ਪ੍ਰਭਾਵ ਕਾਰਨ ਸਾਹ ਰੁਕਣਾ ਦੱਸਿਆ ਸੀ। ਜਾਂਚ ਵਿੱਚ ਸਰੀਰ 'ਤੇ ਸੱਟਾਂ, ਗਵਾਹਾਂ ਦੇ ਬਿਆਨ ਅਤੇ ਹੋਰ ਦਸਤਾਵੇਜ਼ੀ ਸਬੂਤਾਂ ਦੀ ਛਾਣਬੀਣ ਕੀਤੀ ਗਈ ਤਾਂ ਪਤਾ ਲੱਗਾ ਕਿ ਨਰਿੰਦਰਦੀਪ 'ਤੇ ਪੁਲਿਸ ਹਿਰਾਸਤ ਵਿੱਚ ਤਸ਼ੱਦਦ ਕੀਤਾ ਗਿਆ ਹੈ। ਰਿਪੋਰਟ ਵਿੱਚ ਸੀਆਈਏ-2 ਦੇ ਕਰਮਚਾਰੀਆਂ ਵੱਲੋਂ ਸਿਰ ਅਤੇ ਗੁਪਤ ਅੰਗ ਸਮੇਤ ਸਰੀਰ ਦੇ ਸੰਵੇਦਨਸ਼ੀਲ ਹਿੱਸਿਆਂ 'ਤੇ ਬਿਜਲੀ ਦੇ ਝਟਕੇ ਦੇਣ ਦੀ ਗੱਲ ਵੀ ਦਰਜ ਹੈ ਜਿੰਨ੍ਹਾਂ ਕਰਕੇ ਹੀ ਨਰਿੰਦਰਦੀਪ ਨੇ ਦਮ ਤੋੜ ਦਿੱਤਾ ਸੀ।

ਨਰਿੰਦਰਦੀਪ ਸਿੰਘ ਨੂੰ 23 ਮਈ 2025 ਨੂੰ ਸਿਵਲ ਹਸਪਤਾਲ ਬਠਿੰਡਾ 'ਚ ਮ੍ਰਿਤਕ ਹਾਲਤ 'ਚ ਲਿਆਂਦਾ ਗਿਆ ਸੀ। ਸ਼ੁਰੂਆਤ 'ਚ ਉਸ ਦੇ ਦੋਸਤ ਗਗਨਦੀਪ ਸਿੰਘ ਨੇ ਪ੍ਰੀਵਾਰ ਨੂੰ ਦੱਸਿਆ ਕਿ ਨਰਿੰਦਰ ਦੀ ਮੌਤ ਸੜਕ ਹਾਦਸੇ ਕਾਰਨ ਹੋਈ ਹੈ ਜਦੋਂਕਿ ਹਸਪਤਾਲ 'ਚ ਲਾਸ਼ ਦੇਖੀ ਤਾਂ ਸਰੀਰ ਉੱਪਰ ਸੱਟਾਂ ਦੇ ਨਿਸ਼ਾਨਾਂ ਤੋਂ ਪ੍ਰੀਵਾਰ ਨੂੰ ਸ਼ੱਕ ਪੈ ਗਿਆ। ਅਗਲੇ ਦਿਨ ਗਗਨਦੀਪ ਨੇ ਦਾਅਵਾ ਕੀਤਾ ਕਿ ਨਰਿੰਦਰਦੀਪ ਅਤੇ ਉਸ ਨੂੰ ਸੀਆਈਏ -2 ਨੇ ਫੜਿਆ ਅਤੇ ਦੋਵਾਂ ਨਾਲ ਕੁੱਟਮਾਰ ਕੀਤੀ ਸੀ। ਪੁਲਿਸ ਨੇ ਉਸ 'ਤੇ ਦਬਾਅ ਪਾਕੇ ਸੜਕ ਹਾਦਸੇ ਦੀ ਝੂਠੀ ਕਹਾਣੀ ਦੱਸਣ ਨੂੰ ਮਜਬੂਰ ਕੀਤਾ ਸੀ।

ਰਿਪੋਰਟ 'ਚ ਤੱਤਕਾਲੀ ਐਸਐਸਪੀ ਅਮਨੀਤ ਕੌਂਡਲ ਅਤੇ ਐਸਪੀ ਇਨਵੈਸਟੀਗੇਸ਼ਨ ਜਸਮੀਤ ਸਿੰਘ ਦੀ ਭੂਮਿਕਾ 'ਤੇ ਵੀ ਟਿੱਪਣੀ ਕੀਤੀ ਗਈ ਹੈ। ਰਿਪੋਰਟ ਮੁਤਾਬਕ ਦੋਵਾਂ ਅਧਿਕਾਰੀਆਂ ਨੂੰ 24 ਮਈ 2025 ਨੂੰ ਹੀ ਇਸ ਬਾਰੇ ਦੀ ਜਾਣਕਾਰੀ ਮਿਲ ਗਈ ਪਰ ਨਾਂ ਤੁਰੰਤ ਕੋਈ ਨਿਰਪੱਖ ਜਾਂਚ ਕਰਵਾਈ ਤੇ ਨਾਂਹੀ ਸਬੰਧਤ ਪੁਲਿਸ ਮੁਲਾਜਮਾਂ ਦੀ ਗ੍ਰਿਫਤਾਰੀ ਅਤੇ ਉੱਚ ਪੱਧਰੀ ਜਾਂ ਮੈਜਿਸਟਰੇਟੀ ਜਾਂਚ ਲਈ ਕੋਈ ਠੋਸ ਕਦਮ ਚੁੱਕੇ ਗਏ।

# ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਵਿਖੇ ਰੋਜਗਾਰ ਕੈਂਪ 25 ਸਤੰਬਰ ਨੂੰ

## ਆਈ.ਸੀ.ਆਈ. ਬੈਂਕ, ਗਰੀਨ ਬਾਕਸ ਟਰੇਡਸ, ਇੰਡਸਟ੍ਰੀਅਲ ਅਸਟੇਟ ਪਟਿਆਲਾ ਤੇ ਐਸ.ਬੀ.ਆਈ ਲਾਈਫ ਲੈਣਗੇ ਹਿੱਸਾ

**ਪਟਿਆਲਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਪਟਿਆਲਾ ਵਿਖੇ ਮਿਤੀ 25 ਸਤੰਬਰ ਨੂੰ ਆਈ.ਸੀ.ਆਈ. ਬੈਂਕ, ਗਰੀਨ ਬਾਕਸ ਟਰੇਡਸ, ਇੰਡਸਟ੍ਰੀਅਲ ਅਸਟੇਟ ਪਟਿਆਲਾ ਅਤੇ ਐਸ.ਬੀ.ਆਈ ਲਾਈਫ ਦਾ ਪਲੇਸਮੈਂਟ ਕੈਂਪ ਲਗਾਇਆ ਜਾਵੇਗਾ। ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਆਈ.ਸੀ.ਆਈ. ਬੈਂਕ, ਗਰੀਨ ਬਾਕਸ ਟਰੇਡਸ, ਇੰਡਸਟ੍ਰੀਅਲ ਅਸਟੇਟ ਪਟਿਆਲਾ ਅਤੇ ਐਸ.ਬੀ.ਆਈ ਲਾਈਫ ਦੇ ਨਿਯੋਜਕਾਂ ਵਲੋ ਰਿਲੇਸ਼ਨਸ਼ਿਪ ਮੈਨੇਜਰ, ਡਿਲੀਵਰੀ ਮੈਨੇਜਰ, ਡਿਲੀਵਰੀ ਐਸੋਸੀਏਟ ਅਤੇ ਡੀ.ਐਮ ਅਤੇ ਫਰੀ ਲਾਂਸਰ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਬਿਊਰੋ ਆਫ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਪਟਿਆਲਾ ਦੇ ਡਿਪਟੀ ਡਾਇਰੈਕਟਰ ਰਵਿੰਦਰਪਾਲ ਸਿੰਘ ਨੇ ਦੱਸਿਆ ਕਿ ਆਈ.ਸੀ.ਆਈ. ਬੈਂਕ, ਗਰੀਨ ਬਾਕਸ ਟਰੇਡਸ, ਇੰਡਸਟ੍ਰੀਅਲ ਅਸਟੇਟ ਪਟਿਆਲਾ ਅਤੇ ਐਸ.ਬੀ.ਆਈ ਲਾਈਫ ਦੇ ਨਿਯੋਜਕਾਂ ਵਲੋਂ ਰਿਲੇਸ਼ਨਸ਼ਿਪ ਮੈਨੇਜਰ, ਡਿਲੀਵਰੀ ਮੈਨੇਜਰ, ਡਿਲੀਵਰੀ ਐਸੋਸੀਏਟ ਅਤੇ ਡੀ.ਐਮ ਅਤੇ ਫਰੀ ਲਾਂਸਰ ਦੀਆਂ ਨਾਲ ਸਬੰਧਤ ਅਸਾਮੀਆਂ ਦੀ ਭਰਤੀ ਕੀਤੀ ਜਾਣੀ ਹੈ।

ਇਸ ਵਿੱਚ ਆਈ.ਸੀ.ਆਈ. ਬੈਂਕ ਲਈ ਰਿਲੇਸ਼ਨਸ਼ਿਪ ਮੈਨੇਜਰ ਲਈ 25 ਅਸਾਮੀਆਂ ਲਈ ਉਮਰ 18 ਤੋਂ 24 ਸਾਲ, ਵਿੱਦਿਅਕ ਯੋਗਤਾ ਗ੍ਰੈਜੂਏਸ਼ਨ (ਘੱਟ ਤੋਂ ਘੱਟ 55 ਫੀਸਦੀ ਅੰਕਾਂ ਨਾਲ ਪਾਸ), ਮਰਦ ਅਤੇ ਔਰਤ ਦੋਵੇਂ। ਗਰੀਨ ਬਾਕਸ ਟਰੇਡਸ, ਇੰਡਸਟ੍ਰੀਅਲ ਅਸਟੇਟ ਪਟਿਆਲਾ ਲਈ ਡਿਲੀਵਰੀ ਐਸੋਸੀਏਟ ਦੀਆਂ 30 ਅਸਾਮੀਆਂ ਲਈ ਉਮਰ 18 ਸਾਲ ਅਤੇ ਇਸ ਤੋਂ ਵੱਧ, ਵਿੱਦਿਅਕ ਯੋਗਤਾ 10ਵੀਂ ਅਤੇ 12ਵੀਂ ਅਤੇ ਕੇਵਲ ਮਰਦ। ਇਨ੍ਹਾਂ ਅਸਾਮੀਆਂ ਲਈ ਪ੍ਰਾਰਥੀ ਕੋਲ ਡਰਾਈਵਿੰਗ ਲਾਇਸੰਸ, ਪੈਨ ਕਾਰਡ, ਆਧਾਰ ਕਾਰਡ, ਬੈਂਕ ਡੀਟੇਲ, ਰਜ਼ਿਊਮੇ ਅਤੇ 2 ਪਾਸਪੋਰਟ ਸਾਈਜ਼ ਫੋਟੋਆਂ ਹੋਣੀਆਂ ਜ਼ਰੂਰੀ ਹਨ।

ਜਦਕਿ ਐਸ.ਬੀ.ਆਈ ਲਾਈਫ ਲਈ ਡੀ.ਐਮ ਅਤੇ ਫਰੀ ਲਾਂਸਰ ਦੀਆਂ 35 ਅਸਾਮੀਆਂ ਲਈ ਉਮਰ 25 ਤੋਂ 45 ਸਾਲ, ਵਿੱਦਿਅਕ ਯੋਗਤਾ 10ਵੀਂ, 12ਵੀਂ ਅਤੇ ਗ੍ਰੈਜੂਏਸ਼ਨ, ਮਰਦ ਅਤੇ ਔਰਤ ਦੋਵੇਂ ਇੰਟਰਵਿਊ ਦੇ ਸਕਦੇ ਹਨ।

ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 25 ਸਤੰਬਰ ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 98776-10877 ਤੇ ਸੰਪਰਕ ਕਰ ਸਕਦੇ ਹਨ। ਇਸ ਪਲੇਸਮੈਂਟ ਕੈਂਪ ਲਈ ਕੋਈ ਟੀ.ਏ./ਡੀ.ਏ. ਮਿਲਣਯੋਗ ਨਹੀਂ ਹੋਵੇਗਾ।

# ਵਿਧਾਇਕਾ ਨੀਨਾ ਮਿੱਤਲ ਨੇ 'ਮਾਨ ਦੇ ਮੁਨਾਫ਼ੇ' ਮੁਹਿੰਮ ਤਹਿਤ ਵਾਰਡ ਨੰਬਰ 21 ਤੋਂ ਘਰ-ਘਰ ਕੀਤਾ ਪ੍ਰਚਾਰ

**ਰਾਜਪੁਰਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਅਤੇ ਸਹੂਲਤਾਂ ਬਾਰੇ ਜਾਗਰੂਕ ਕਰਨ ਲਈ ਆਮ ਆਦਮੀ ਪਾਰਟੀ ਵੱਲੋਂ ਸ਼ੁਰੂ ਕੀਤੀ ਗਈ 'ਮਾਨ ਦੇ ਮੁਨਾਫ਼ੇ' ਮੁਹਿੰਮ ਤਹਿਤ ਹਲਕਾ ਰਾਜਪੁਰਾ ਵਿਧਾਇਕਾ ਨੀਨਾ ਮਿੱਤਲ ਨੇ ਵਾਰਡ ਨੰਬਰ 21 ਤੋਂ ਘਰ-ਘਰ ਪ੍ਰਚਾਰ ਮੁਹਿੰਮ ਦਾ ਆਗਾਜ਼ ਕੀਤਾ। ਇਸ ਦੌਰਾਨ ਉਨ੍ਹਾਂ ਨੇ ਲੋਕਾਂ ਨਾਲ ਸਿੱਧਾ ਰਾਬਤਾ ਕਾਇਮ ਕਰਦਿਆਂ ਪੰਜਾਬ ਸਰਕਾਰ ਦੇ ਸਾਢੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਲਏ ਗਏ ਲੋਕ ਹਿਤੈਸ਼ੀ ਫੈਸਲਿਆਂ ਅਤੇ ਵੱਖ-ਵੱਖ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਵਿਧਾਇਕਾ ਨੀਨਾ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਆਪਣੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਅਤੇ ਲੋਕਾਂ ਨੂੰ ਦਿੱਤੀਆਂ ਸਹੂਲਤਾਂ ਦੀ ਜਾਣਕਾਰੀ ਸਿੱਧੀ ਘਰ-ਘਰ ਪਹੁੰਚਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 'ਮਾਨ ਦੇ ਮੁਨਾਫ਼ੇ' ਮੁਹਿੰਮ ਤਹਿਤ ਸਰਕਾਰ ਦੇ ਰਿਪੋਰਟ ਕਾਰਡ ਰਾਹੀਂ ਲੋਕਾਂ ਨੂੰ ਮੁਫ਼ਤ ਬਿਜਲੀ, ਸਿਹਤ ਸੇਵਾਵਾਂ, ਸਿੱਖਿਆ ਅਤੇ ਮਹਿਲਾਵਾਂ ਲਈ 'ਮਾਵਾਂ-ਧੀਆਂ ਸਤਿਕਾਰ ਯੋਜਨਾ' ਸਮੇਤ ਵੱਖ-ਵੱਖ ਸਕੀਮਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।

ਮਾਵਾਂ-ਧੀਆਂ ਸਤਿਕਾਰ ਯੋਜਨਾ ਤਹਿਤ ਯੋਗ ਮਹਿਲਾਵਾਂ ਨੂੰ ਸ਼੍ਰੇਣੀ ਅਨੁਸਾਰ 1,000 ਅਤੇ 1,500 ਰੁਪਏ ਪ੍ਰਤੀ ਮਹੀਨਾ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਮੁਫ਼ਤ ਬਿਜਲੀ ਅਤੇ ਸਰਕਾਰੀ ਸਿਹਤ ਤੇ ਸਿੱਖਿਆ ਸਹੂਲਤਾਂ ਨੂੰ ਵੀ ਸਰਕਾਰ ਵੱਲੋਂ ਲੋਕ ਭਲਾਈ ਦੇ ਮੁੱਖ ਉਪਰਾਲਿਆਂ ਵਜੋਂ ਉਜਾਗਰ ਕੀਤਾ ਜਾ ਰਿਹਾ ਹੈ। ਵਿਧਾਇਕਾ ਨੀਨਾ ਮਿੱਤਲ ਨੇ ਕਿਹਾ ਕਿ ਸਰਕਾਰ ਵੱਲੋਂ ਤਿਆਰ ਕੀਤੇ ਰਿਪੋਰਟ ਕਾਰਡ ਵਿੱਚ ਦਰਸਾਇਆ ਗਿਆ ਹੈ ਕਿ ਵੱਖ-ਵੱਖ ਸਹੂਲਤਾਂ ਅਤੇ ਸਕੀਮਾਂ ਰਾਹੀਂ ਪਰਿਵਾਰਾਂ ਨੂੰ ਸਾਲਾਨਾ ਲਗਭਗ 1.82 ਲੱਖ ਰੁਪਏ ਤੱਕ ਦਾ ਵਿੱਤੀ ਲਾਭ ਮਿਲ ਰਿਹਾ ਹੈ। 'ਮਾਨ ਦੇ ਮੁਨਾਫ਼ੇ' ਮੁਹਿੰਮ ਬਾਰੇ ਰਿਪੋਰਟਾਂ ਵਿੱਚ ਵੀ ਇਹ ਅੰਕੜਾ ਦਰਜ ਕੀਤਾ ਗਿਆ ਹੈ। ਡੋਰ-ਟੂ-ਡੋਰ ਮੁਹਿੰਮ ਦੌਰਾਨ ਵਿਧਾਇਕ ਨੀਨਾ ਮਿੱਤਲ ਵੱਲੋਂ ਲੋਕਾਂ ਨਾਲ ਗੱਲਬਾਤ ਕਰਕੇ ਸਰਕਾਰ ਦੀਆਂ ਵੱਖ-ਵੱਖ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕਾਂ ਰਾਹੀਂ ਸਿਹਤ ਸੇਵਾਵਾਂ, ਸਰਕਾਰੀ ਸਕੂਲਾਂ ਵਿੱਚ ਸਿੱਖਿਆ ਅਤੇ ਹੋਰ ਲੋਕ ਭਲਾਈ ਸਕੀਮਾਂ ਪਰਿਵਾਰਾਂ ਦੇ ਘਰੇਲੂ ਬਜਟ ਨੂੰ ਪ੍ਰਭਾਵਿਤ ਕਰਦੀਆਂ ਹਨ। ਵਿਧਾਇਕਾ ਨੀਨਾ ਮਿੱਤਲ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਨੇ ਲੰਬੇ ਸਮੇਂ ਤੱਕ ਪੰਜਾਬ ਦੀ ਸੱਤਾ ਸੰਭਾਲੀ, ਜਦਕਿ ਮੌਜੂਦਾ ਸਰਕਾਰ ਨੇ ਸਿੱਖਿਆ, ਸਿਹਤ, ਰੋਜ਼ਗਾਰ ਅਤੇ ਲੋਕ ਭਲਾਈ ਦੇ ਖੇਤਰਾਂ ਵਿੱਚ ਕਈ ਉਪਰਾਲੇ ਕੀਤੇ ਹਨ।

# ਸਾਡੀ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਖੇਤੀ ਨੂੰ ਆਧੁਨਿਕ ਅਤੇ ਲਾਭਦਾਇਕ ਬਣਾਉਣ ਲਈ ਵਚਨਬੱਧ ਹੈ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

**➢ ਕਿਸਾਨਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ 14,000 ਕਿਲੋਮੀਟਰ ਪਾਈਪਲਾਈਨ ਨੈੱਟਵਰਕ ਵਿਛਾਇਆ ਗਿਆ; ਸਾਲ ਦੇ ਅੰਤ ਤੱਕ 7,000 ਕਿਲੋਮੀਟਰ ਹੋਰ ਵਿਛਾਇਆ ਜਾਵੇਗਾ ➢ ਖੇਤੀਬਾੜੀ ਮੇਲੇ 2026 ਦੌਰਾਨ ਕਿਸਾਨਾਂ ਦੀ ਉਪਜ ਦਾ ਹਰ ਇੱਕ ਦਾਣਾ ਖਰੀਦਿਆ ਅਤੇ ਚੁੱਕਿਆ ਜਾਵੇਗਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ**

**ਚੰਡੀਗੜ੍ਹ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਨੂੰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਅਤੇ ਖੇਤੀਬਾੜੀ ਨੂੰ ਇੱਕ ਆਧੁਨਿਕ ਅਤੇ ਲਾਭਦਾਇਕ ਪੇਸ਼ਾ ਬਣਾਉਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ, ਜਦੋਂ ਕਿ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਦੇ ਕੀਮਤੀ ਜਲ ਸਰੋਤਾਂ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਕਿਸਾਨ ਮੇਲੇ ਦੌਰਾਨ, ਉਨ੍ਹਾਂ ਨੇ ਨਹਿਰੀ ਸਿੰਚਾਈ ਦੇ 88% ਤੱਕ ਵਿਸਥਾਰ, 14,000 ਕਿਲੋਮੀਟਰ ਭੂਮੀਗਤ ਪਾਈਪਲਾਈਨਾਂ ਵਿਛਾਉਣ, ਸਾਲ ਦੇ ਅੰਤ ਤੱਕ ਹੋਰ 7,000 ਕਿਲੋਮੀਟਰ ਦੀ ਯੋਜਨਾਬੰਦੀ, ਅਤੇ ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਸੁਧਾਰ 'ਤੇ ਚਾਨਣਾ ਪਾਇਆ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਪੀਏਯੂ ਦੀ ਬੀਜ ਖੋਜ ਨੂੰ ਮਜ਼ਬੂਤ ਕਰ ਰਹੀ ਹੈ, ਬਾਗਬਾਨੀ ਵਿੱਚ 1,300 ਕਰੋੜ ਰੁਪਏ ਦਾ ਨਿਵੇਸ਼ ਕਰ ਰਹੀ ਹੈ ਅਤੇ ਦੇਸ਼ ਦੀ ਸਭ ਤੋਂ ਵੱਧ ਗੰਨੇ ਦੀ ਕੀਮਤ 416 ਰੁਪਏ ਪ੍ਰਤੀ ਕੁਇੰਟਲ ਨੂੰ ਯਕੀਨੀ ਬਣਾ ਰਹੀ ਹੈ, ਨਾਲ ਹੀ ਕੇਂਦਰ ਨੂੰ ਵਿਕਲਪਕ ਫਸਲਾਂ ਲਈ ਲਾਹੇਵੰਦ ਐਮਐਸਪੀ ਅਤੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਦੀ ਮੰਗ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਹ ਵੀ ਭਰੋਸਾ ਦਿੱਤਾ ਕਿ ਕੇਐਮਐਸ 2026 ਦੌਰਾਨ ਕਿਸਾਨਾਂ ਦੀ ਉਪਜ ਦਾ ਇੱਕ-ਇੱਕ ਦਾਣਾ ਖਰੀਦਿਆ ਅਤੇ ਚੁੱਕਿਆ ਜਾਵੇਗਾ।

ਦਸਵੇਂ ਸਥਾਨ 'ਤੇ ਪਹੁੰਚਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ: ਪੀਏਯੂ ਵਿਖੇ ਕਿਸਾਨ ਮੇਲੇ ਵਿੱਚ ਸ਼ਿਰਕਤ ਕੀਤੀ ਅਤੇ ਅਗਾਂਹਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ। ਇਹ ਪੰਜਾਬ ਲਈ ਬਹੁਤ ਮਾਣ ਵਾਲੀ ਗੱਲ ਹੈ ਕਿ ਯੂਨੀਵਰਸਿਟੀ ਨੂੰ ਦੁਨੀਆ ਦੀਆਂ ਚੋਟੀ ਦੀਆਂ 100 ਯੂਨੀਵਰਸਿਟੀਆਂ ਵਿੱਚ ਦਰਜਾ ਦਿੱਤਾ ਗਿਆ ਹੈ।

ਖੇਤੀਬਾੜੀ ਨੂੰ ਇੱਕ ਲਾਭਦਾਇਕ ਪੇਸ਼ਾ ਬਣਾਉਣ ਲਈ, ਅਸੀਂ ਨਹਿਰੀ ਪਾਣੀ ਦੀ ਵਰਤੋਂ 88% ਤੱਕ ਵਧਾ ਦਿੱਤੀ ਹੈ। 14,000 ਕਿਲੋਮੀਟਰ ਭੂਮੀਗਤ ਪਾਈਪਲਾਈਨਾਂ ਵਿਛਾਉਣ ਨਾਲ ਰਾਜ ਵਿੱਚ ਭੂਮੀਗਤ ਪਾਣੀ ਦਾ ਪੱਧਰ 5 ਮੀਟਰ ਤੱਕ ਵਧ ਗਿਆ ਹੈ। ਕਿਸਾਨਾਂ ਦੀ ਸਹੂਲਤ ਲਈ, ਖੇਤਾਂ ਨੂੰ ਦਿਨ ਵੇਲੇ ਬਿਜਲੀ ਸਪਲਾਈ ਹੁਣ ਯਕੀਨੀ ਬਣਾਈ ਗਈ ਹੈ। ਸਾਡੇ ਕਿਸਾਨਾਂ ਦੀ ਸਖ਼ਤ ਮਿਹਨਤ ਨਾਲ, ਸਾਨੂੰ ਇਸ ਸਾਲ ਵੀ ਝੋਨੇ ਦੀ ਬੰਪਰ ਪੈਦਾਵਾਰ ਦੀ ਪੂਰੀ ਉਮੀਦ ਹੈ। ਇਨਕਲਾਬ ਜ਼ਿੰਦਾਬਾਦ।



ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਖੇ ਆਯੋਜਿਤ ਕਿਸਾਨ ਮੇਲੇ ਵਿੱਚ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਭਾਰਤ ਵਿੱਚ ਹਰੀ ਕ੍ਰਾਂਤੀ ਦਾ ਜਨਮ ਸਥਾਨ ਰਿਹਾ ਹੈ, ਜਿਸਨੇ ਦੇਸ਼ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਦੇਸ਼ ਨੂੰ ਅਨਾਜ ਦੀ ਘਾਟ ਵਾਲੇ ਦੇਸ਼ ਤੋਂ ਅਨਾਜ ਦੀ ਘਾਟ ਵਾਲੇ ਦੇਸ਼ ਵਿੱਚ ਬਦਲਣ ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਭੂਮਿਕਾ ਵੀ ਸ਼ਲਾਘਾਯੋਗ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਮਿਹਨਤੀ ਅਤੇ ਲਚਕੀਲੇ ਕਿਸਾਨਾਂ ਨੇ ਪੀਏਯੂ ਦੇ ਨਵੀਨਤਾਕਾਰੀ ਖੇਤੀ ਵਿਗਿਆਨੀਆਂ ਦੀ ਯੋਗ ਅਗਵਾਈ ਹੇਠ, ਸੂਬੇ ਦੀ ਉਪਜਾਊ ਮਿੱਟੀ ਅਤੇ ਜਲ ਸਰੋਤਾਂ ਦੀ ਵਰਤੋਂ ਕਰਕੇ ਦੇਸ਼ ਦੀ ਕਿਸਮਤ ਬਦਲ ਦਿੱਤੀ ਹੈ। ਉਨ੍ਹਾਂ ਕਿਹਾ, ਪੰਜਾਬ ਸਰਕਾਰ ਖੇਤੀ ਨੂੰ ਆਧੁਨਿਕ ਅਤੇ ਲਾਭਦਾਇਕ ਬਣਾਉਣ ਲਈ ਠੋਸ ਯਤਨ ਕਰ ਰਹੀ ਹੈ ਤਾਂ ਜੋ ਖੁਸ਼ਹਾਲੀ ਹਰ ਕਿਸਾਨ ਤੱਕ ਪਹੁੰਚੇ। ਪੀਏਯੂ ਨੂੰ ਅਪਗ੍ਰੇਡ ਕੀਤਾ ਜਾ ਰਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿਰਫ਼ ਉੱਚ-ਗੁਣਵੱਤਾ ਵਾਲੇ ਬੀਜ ਹੀ ਕਿਸਾਨਾਂ ਤੱਕ ਪਹੁੰਚਣ, ਜਦੋਂ ਕਿ ਪੰਜਾਬ ਵਿੱਚ ਬਾਗਬਾਨੀ ਨੂੰ ਉਤਸ਼ਾਹਿਤ ਕਰਨ ਲਈ 1,300 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਗੰਨੇ ਦਾ ਮੁੱਲ 416 ਰੁਪਏ ਪ੍ਰਤੀ ਕੁਇੰਟਲ ਦੇ ਰਿਹਾ ਹੈ, ਅਤੇ ਗੰਨੇ ਦੀ ਕਾਸ਼ਤ ਹੇਠ ਰਕਬਾ ਵੀ ਪਿਛਲੇ ਸਾਲ ਦੇ ਮੁਕਾਬਲੇ ਵਧਿਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਮੌਜੂਦਾ ਸੂਬਾ ਸਰਕਾਰ ਨੇ ਸੱਤਾ ਸੰਭਾਲੀ ਸੀ, ਉਦੋਂ ਸਿੰਚਾਈ ਲਈ ਸਿਰਫ਼ 22% ਨਹਿਰੀ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਸੀ, ਜਦੋਂ ਕਿ ਹੁਣ ਇਹ 88% ਤੋਂ ਵੱਧ ਹੋ ਗਈ ਹੈ। ਅਸੀਂ ਪੰਜਾਬ ਭਰ ਦੇ ਕਿਸਾਨਾਂ ਨੂੰ ਨਹਿਰੀ ਪਾਣੀ ਮੁਹੱਈਆ ਕਰਵਾਉਣ ਲਈ 14,000 ਕਿਲੋਮੀਟਰ ਪਾਈਪਲਾਈਨਾਂ ਵਿਛਾਈਆਂ ਹਨ। ਇਹ ਦੂਰੀ ਕੈਨੇਡਾ ਤੋਂ ਬਾਘਾਪੁਰਾਣਾ ਤੱਕ ਦੀ ਯਾਤਰਾ ਦੇ ਬਰਾਬਰ ਹੈ। ਇਸ ਸਾਲ ਦੇ ਅੰਤ ਤੱਕ 7,000 ਕਿਲੋਮੀਟਰ ਹੋਰ ਪਾਈਪਲਾਈਨਾਂ ਵਿਛਾਈਆਂ ਜਾਣਗੀਆਂ, ਉਨ੍ਹਾਂ ਕਿਹਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਭਰ ਵਿੱਚ ਪਾਈਪਲਾਈਨਾਂ ਅਤੇ ਜਲ ਮਾਰਗ ਵਿਛਾਏ ਗਏ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਹਿਰੀ ਪਾਣੀ ਪੰਜਾਬ ਦੇ ਹਰ ਕੋਨੇ ਅਤੇ ਕੋਨੇ ਵਿੱਚ ਕਿਸਾਨਾਂ ਤੱਕ ਪਹੁੰਚੇ ਅਤੇ ਉਨ੍ਹਾਂ ਦੀਆਂ ਸਿੰਚਾਈ ਜ਼ਰੂਰਤਾਂ ਨੂੰ ਪੂਰਾ ਕਰੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੀ ਸਥਿਤੀ ਨੂੰ ਸੁਧਾਰਨ ਲਈ ਨਹਿਰਾਂ ਅਤੇ ਦਰਿਆਵਾਂ ਵਿੱਚ ਰੀਚਾਰਜ ਪੁਆਇੰਟ ਬਣਾਏ ਗਏ ਹਨ। ਉਨ੍ਹਾਂ ਕਿਹਾ, ਪਾਣੀ ਰੀਚਾਰਜ ਵੱਡੇ ਪੱਧਰ 'ਤੇ ਕੀਤਾ ਗਿਆ ਹੈ ਅਤੇ ਕਈ ਖੇਤਰਾਂ ਵਿੱਚ ਪਾਣੀ ਦਾ ਪੱਧਰ ਦੋ ਤੋਂ ਚਾਰ ਮੀਟਰ ਵਧਿਆ ਹੈ। ਸਾਨੂੰ ਆਪਣੇ ਕੀਮਤੀ ਜਲ ਸਰੋਤਾਂ ਦੀ ਹਰ ਬੂੰਦ ਦੀ ਰੱਖਿਆ ਕਰਨੀ ਪਵੇਗੀ।

ਕਿਸਾਨਾਂ ਨੂੰ ਸਿਰਫ਼ ਪੀਏਯੂ ਦੁਆਰਾ ਸਿਫ਼ਾਰਸ਼ ਕੀਤੀਆਂ ਸਪਰੇਆਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਅਪੀਲ ਕਰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਿਹਤਰ ਝਾੜ ਨੂੰ ਯਕੀਨੀ ਬਣਾਉਣ ਅਤੇ ਕਿਸਾਨਾਂ ਨੂੰ ਬੇਲੋੜੇ ਨੁਕਸਾਨ ਤੋਂ ਬਚਾਉਣ ਲਈ ਬਿਜਾਈ ਤੋਂ ਪਹਿਲਾਂ ਬੀਜਾਂ ਦੀ ਵੀ ਤਸਦੀਕ ਕੀਤੀ ਜਾਣੀ ਚਾਹੀਦੀ ਹੈ।

ਖੇਤੀਬਾੜੀ ਸੰਕਟ ਬਾਰੇ ਗੱਲ ਕਰਦਿਆਂ, ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਨੂੰ ਕਰਜ਼ੇ ਦੇ ਦੁਸ਼ਟ ਚੱਕਰ ਵਿੱਚੋਂ ਬਾਹਰ ਕੱਢਣ ਲਈ ਸਖ਼ਤ ਯਤਨ ਕਰ ਰਹੀ ਹੈ। ਵਧਦੀ ਲਾਗਤ ਅਤੇ ਘਟਦੀ ਆਮਦਨ ਨੇ ਕਿਸਾਨਾਂ ਨੂੰ ਇੱਕ ਮੁਸ਼ਕਲ ਮੋੜ 'ਤੇ ਪਾ ਦਿੱਤਾ ਹੈ। ਅਸੀਂ ਉਨ੍ਹਾਂ ਦੀ ਆਮਦਨ ਨੂੰ ਵਧਾਉਣ ਅਤੇ ਇਹ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੇ ਹਾਂ ਕਿ ਕਿਸਾਨ ਇੱਕ ਸਨਮਾਨਜਨਕ ਅਤੇ ਖੁਸ਼ਹਾਲ ਜੀਵਨ ਜੀ ਸਕਣ, ਉਨ੍ਹਾਂ ਕਿਹਾ।

ਮੁੱਖ ਮੰਤਰੀ ਨੇ ਕਿਹਾ ਕਿ ਸੀਮਤ ਕੁਦਰਤੀ ਸਰੋਤਾਂ ਦੇ ਬਾਵਜੂਦ, ਪੰਜਾਬ ਦੇ ਕਿਸਾਨਾਂ ਨੇ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਆਤਮਨਿਰਭਰ ਬਣਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ, ਅਕਸਰ ਸੂਬੇ ਦੇ ਕੁਦਰਤੀ ਸਰੋਤਾਂ ਦੀ ਜ਼ਿਆਦਾ ਵਰਤੋਂ ਦੀ ਕੀਮਤ 'ਤੇ। ਪੰਜਾਬ ਕੋਲ ਕਿਸੇ ਹੋਰ ਸੂਬੇ ਨਾਲ ਸਾਂਝਾ ਕਰਨ ਲਈ ਵਾਧੂ ਪਾਣੀ ਨਹੀਂ ਹੈ। ਕਿਸੇ ਨਾਲ ਪਾਣੀ ਦੀ ਇੱਕ ਬੂੰਦ ਵੀ ਸਾਂਝੀ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਿਛਲੇ ਸ਼ਾਸਕਾਂ ਨੇ ਆਪਣੇ ਨਿੱਜੀ ਹਿੱਤਾਂ ਲਈ, ਦਰਿਆਈ ਪਾਣੀਆਂ ਦੇ ਸੂਬੇ ਦੇ ਹਿੱਸੇ ਨੂੰ ਛੱਡ ਕੇ ਪੰਜਾਬ ਦੇ ਹਿੱਤਾਂ ਨੂੰ ਖਤਰੇ ਵਿੱਚ ਪਾਇਆ। ਸਾਡੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਪੰਜਾਬ ਦੇ ਹਿੱਤਾਂ ਨਾਲ ਅਜਿਹੇ ਸਮਝੌਤੇ ਦੁਬਾਰਾ ਨਾ ਹੋਣ, ਉਨ੍ਹਾਂ ਕਿਹਾ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਖਜ਼ਾਨੇ ਦੇ ਇੱਕ-ਇੱਕ ਪੈਸੇ ਦੀ ਵਰਤੋਂ ਲੋਕਾਂ ਦੀ ਭਲਾਈ ਲਈ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਦੇ 90% ਤੋਂ ਵੱਧ ਘਰਾਂ ਨੂੰ ਮੁਫ਼ਤ ਬਿਜਲੀ ਮਿਲ ਰਹੀ ਹੈ। ਕਿਸਾਨਾਂ ਨੂੰ ਹੁਣ ਦਿਨ ਵੇਲੇ ਵੀ ਬਿਜਲੀ ਮਿਲ ਰਹੀ ਹੈ, ਜੋ ਕਿ ਬੇਮਿਸਾਲ ਹੈ। ਲੋਕਾਂ ਦੇ ਟੈਕਸ ਦਾ ਪੈਸਾ ਲੋਕਾਂ ਦਾ ਹੈ, ਅਤੇ ਇਸਨੂੰ ਉਨ੍ਹਾਂ ਦੀ ਭਲਾਈ 'ਤੇ ਸਮਝਦਾਰੀ ਨਾਲ ਖਰਚ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਪੈਸਾ ਵਿਕਾਸ, ਸਕੂਲਾਂ, ਹਸਪਤਾਲਾਂ ਅਤੇ ਸੜਕਾਂ ਰਾਹੀਂ ਉਨ੍ਹਾਂ ਕੋਲ ਵਾਪਸ ਆ ਰਿਹਾ ਹੈ।

ਕੇਐਮਐਸ 2026 ਖਰੀਦ ਸੀਜ਼ਨ ਤੋਂ ਪਹਿਲਾਂ ਕਿਸਾਨਾਂ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਉਪਜ ਦਾ ਹਰ ਇੱਕ ਦਾਣਾ ਖਰੀਦਿਆ ਜਾਵੇਗਾ ਅਤੇ ਮੰਡੀਆਂ ਵਿੱਚੋਂ ਚੁੱਕਿਆ ਜਾਵੇਗਾ। ਕਿਸਾਨਾਂ ਦੀ ਉਪਜ ਦਾ ਹਰ ਇੱਕ ਦਾਣਾ ਕੇਐਮਐਸ (ਖਰੀਫ ਮਾਰਕੀਟਿੰਗ ਸੀਜ਼ਨ) 2026 ਦੌਰਾਨ ਖਰੀਦਿਆ ਅਤੇ ਚੁੱਕਿਆ ਜਾਵੇਗਾ। ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਲਈ ਨਿਰਧਾਰਤ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇਗੀ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ, ਰਾਜ ਨੂੰ ਖਰੀਦ ਸ਼ੁਰੂ ਹੋਣ ਤੋਂ ਪਹਿਲਾਂ ਹੀ ਆਉਣ ਵਾਲੇ ਝੋਨੇ ਦੇ ਸੀਜ਼ਨ ਲਈ ਨਕਦ ਕ੍ਰੈਡਿਟ ਸੀਮਾ ਪ੍ਰਾਪਤ ਹੋ ਚੁੱਕੀ ਹੈ, ਉਨ੍ਹਾਂ ਕਿਹਾ।

ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫਸਲਾਂ ਦੀ ਰਹਿੰਦ-ਖੂੰਹਦ ਦੇ ਇਨ-ਸੀਟੂ ਅਤੇ ਐਕਸ-ਸੀਟੂ ਪ੍ਰਬੰਧਨ ਲਈ ਕਿਸਾਨਾਂ ਨੂੰ ਨਵੇਂ ਉਪਕਰਣ ਪ੍ਰਦਾਨ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਅਪਣਾਉਣ ਲਈ ਉਤਸ਼ਾਹਿਤ ਕਰ ਰਹੀ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਹਾਲਾਂਕਿ, ਕੇਂਦਰ ਸਰਕਾਰ ਨੂੰ ਇਨ੍ਹਾਂ ਫਸਲਾਂ ਲਈ ਲਾਹੇਵੰਦ ਐਮਐਸਪੀ ਪ੍ਰਦਾਨ ਕਰਨਾ ਚਾਹੀਦਾ ਹੈ। ਇਹ ਕਿਸਾਨਾਂ ਨੂੰ ਵਿਭਿੰਨਤਾ ਲਈ ਉਤਸ਼ਾਹਿਤ ਕਰੇਗਾ ਅਤੇ ਪੰਜਾਬ ਦੇ ਕੁਦਰਤੀ ਸਰੋਤਾਂ 'ਤੇ ਦਬਾਅ ਘਟਾਉਣ ਵਿੱਚ ਮਦਦ ਕਰੇਗਾ, ਉਨ੍ਹਾਂ ਕਿਹਾ।

ਕਿਸਾਨ ਮੇਲੇ ਵਿੱਚ ਸਨਮਾਨਿਤ ਕੀਤੇ ਜਾ ਰਹੇ ਪ੍ਰਗਤੀਸ਼ੀਲ ਅਤੇ ਉੱਦਮੀ ਕਿਸਾਨਾਂ ਨੂੰ ਵਧਾਈ ਦਿੰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੀਏਯੂ ਕਿਸਾਨਾਂ ਲਈ ਇੱਕ ਚਾਨਣ ਮੁਨਾਰੇ ਵਜੋਂ ਜਾਣਿਆ ਜਾਂਦਾ ਹੈ। ਪੀਏਯੂ ਨੇ ਲਗਾਤਾਰ ਪੰਜਾਬ ਦੇ ਕਿਸਾਨਾਂ ਦਾ ਮਾਰਗਦਰਸ਼ਨ ਕੀਤਾ ਹੈ ਅਤੇ ਰਾਜ ਵਿੱਚ ਖੇਤੀਬਾੜੀ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪੰਜਾਬ ਦੇਸ਼ ਦੇ ਕੁੱਲ ਭੂਗੋਲਿਕ ਖੇਤਰ ਦਾ ਸਿਰਫ 1.53% ਹੈ, ਫਿਰ ਵੀ ਇਹ ਦੇਸ਼ ਦੇ ਭੋਜਨ ਉਤਪਾਦਨ ਵਿੱਚ ਇੱਕ ਸ਼ਾਨਦਾਰ ਯੋਗਦਾਨ ਪਾ ਰਿਹਾ ਹੈ, ਉਨ੍ਹਾਂ ਕਿਹਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਸਾਨਾਂ ਨੂੰ ਖੇਤੀਬਾੜੀ ਆਮਦਨ ਵਧਾਉਣ ਲਈ ਵਿਗਿਆਨਕ ਤਰੀਕੇ ਅਪਣਾਉਣ ਦੀ ਅਪੀਲ ਕੀਤੀ। ਕਿਸਾਨ ਮੇਲੇ ਦੀ ਮੂਲ ਭਾਵਨਾ ਕਿਸਾਨਾਂ ਵਿੱਚ ਨਵੀਆਂ ਤਕਨੀਕਾਂ ਅਤੇ ਵਿਗਿਆਨਕ ਅਭਿਆਸਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ ਜੋ ਵਾਤਾਵਰਣ ਦੀ ਰੱਖਿਆ ਕਰ ਸਕਦੀਆਂ ਹਨ ਅਤੇ ਖੇਤੀ ਆਮਦਨ ਵਧਾ ਸਕਦੀਆਂ ਹਨ। ਕਿਸਾਨਾਂ ਨੂੰ ਵਿਗਿਆਨਕ ਤਰੀਕੇ ਅਪਣਾਉਣੇ ਚਾਹੀਦੇ ਹਨ ਅਤੇ ਬਿਹਤਰ ਉਤਪਾਦਕਤਾ ਅਤੇ ਮੁਨਾਫ਼ੇ ਲਈ ਸੂਚਿਤ ਵਿਕਲਪ ਬਣਾਉਣੇ ਚਾਹੀਦੇ ਹਨ, ਉਨ੍ਹਾਂ ਕਿਹਾ।

ਉਨ੍ਹਾਂ ਦੁਹਰਾਇਆ ਕਿ ਪੰਜਾਬ ਦੇਸ਼ ਵਿੱਚ ਸਭ ਤੋਂ ਵੱਧ ਗੰਨੇ ਦਾ ਮੁੱਲ 416 ਰੁਪਏ ਪ੍ਰਤੀ ਕੁਇੰਟਲ ਪ੍ਰਦਾਨ ਕਰ ਰਿਹਾ ਹੈ ਅਤੇ ਕਿਹਾ ਕਿ ਗੰਨੇ ਦੀ ਕਾਸ਼ਤ ਹੇਠ ਰਕਬਾ ਪਿਛਲੇ ਸਾਲ ਦੇ ਮੁਕਾਬਲੇ ਵਧਿਆ ਹੈ। ਪਿਛਲੀਆਂ ਸਰਕਾਰਾਂ ਨੇ ਪੰਜਾਬ ਦੇ ਕਿਸਾਨਾਂ ਅਤੇ ਨੌਜਵਾਨਾਂ ਦੋਵਾਂ ਨੂੰ ਬਰਬਾਦ ਕਰ ਦਿੱਤਾ ਅਤੇ ਖੇਤੀਬਾੜੀ ਖੇਤਰ ਵੱਲ ਬਹੁਤ ਘੱਟ ਧਿਆਨ ਦਿੱਤਾ। ਸਾਡੀ ਸਰਕਾਰ ਖੇਤੀਬਾੜੀ ਨੂੰ ਮਜ਼ਬੂਤ ਕਰਨ, ਕਿਸਾਨਾਂ ਦੀ ਆਮਦਨ ਵਿੱਚ ਸੁਧਾਰ ਕਰਨ ਅਤੇ ਪੰਜਾਬ ਦੇ ਲੋਕਾਂ ਲਈ ਬਿਹਤਰ ਮੌਕੇ ਪੈਦਾ ਕਰਨ ਲਈ ਕੰਮ ਕਰ ਰਹੀ ਹੈ, ਉਨ੍ਹਾਂ ਕਿਹਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਖੇਤੀਬਾੜੀ ਯੋਜਨਾਵਾਂ ਵਿੱਚ ਸਾਹਮਣੇ ਆਏ ਵਿਵਾਦਾਂ ਅਤੇ ਬੇਨਿਯਮੀਆਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ, ਅਜਿਹੇ ਵਿਵਾਦਾਂ ਅਤੇ ਬੇਨਿਯਮੀਆਂ ਨੇ ਪੰਜਾਬ ਦੇ ਕਿਸਾਨ ਭਾਈਚਾਰੇ ਦੇ ਹਿੱਤਾਂ ਅਤੇ ਵਿਸ਼ਵਾਸ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਅਸੀਂ ਪੂਰੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਜਵਾਬਦੇਹ ਬਣਾਇਆ ਹੈ ਅਤੇ ਗਲਤ ਕੰਮਾਂ ਵਿੱਚ ਸ਼ਾਮਲ ਪਾਏ ਜਾਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੇ ਹਾਂ। ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਹੋਰ ਵੀ ਮੌਜੂਦ ਸਨ।

## ਆਯੁਸ਼ਮਾਨ ਅਰੋਗਿਆ ਕੇਂਦਰ ਚੂਸਲੇਵੜ ਵਿਖੇ ਲਗਾਇਆ ਮੁਫ਼ਤ ਆਯੁਸ਼ ਕੈਂਪ



**ਤਰਨ ਤਾਰਨ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਯੁਸ਼ ਮੰਤਰਾਲੇ ਵੱਲੋਂ ਲੋਕਾਂ ਨੂੰ ਆਯੁਰਵੇਦ ਅਤੇ ਹੋਮਿਓਪੈਥੀ ਇਲਾਜ ਪ੍ਰਤੀ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ 'ਤੇ ਲਗਾਏ ਜਾ ਰਹੇ 10 ਆਯੁਸ਼ ਕੈਂਪਾਂ ਦੀ ਲੜੀ ਤਹਿਤ ਅੱਜ ਆਯੁਸ਼ਮਾਨ ਅਰੋਗਿਆ ਕੇਂਦਰ ਚੂਸਲੇਵੜ ਵਿਖੇ ਮੁਫ਼ਤ ਆਯੁਸ਼ ਕੈਂਪ ਲਗਾਇਆ ਗਿਆ।

ਇਹ ਕੈਂਪ ਡਾਇਰੈਕਟਰ ਆਯੁਰਵੇਦਾ ਪੰਜਾਬ ਡਾ. ਰਮਨ ਖੰਨਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਆਯੁਰਵੇਦਿਕ/ਯੂਨਾਨੀ ਅਫ਼ਸਰ ਡਾ. ਸੰਦੀਪ ਸ਼੍ਰੀਧਰ ਜੀ ਅਤੇ ਜ਼ਿਲ੍ਹਾ ਹੋਮਿਓਪੈਥਿਕ ਅਫ਼ਸਰ ਡਾ. ਰੁਪਿੰਦਰ ਕੌਰ ਦੀ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ।

ਕੈਂਪ ਦੌਰਾਨ ਆਯੁਰਵੇਦਿਕ ਅਤੇ ਹੋਮਿਓਪੈਥਿਕ ਮਾਹਿਰ ਡਾਕਟਰਾਂ ਵੱਲੋਂ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਦੀ ਸਿਹਤ ਜਾਂਚ ਕੀਤੀ ਗਈ। ਇਸ ਮੌਕੇ ਆਯੁਰਵੇਦਿਕ ਵਿਭਾਗ ਵੱਲੋਂ 375 ਅਤੇ ਹੋਮਿਓਪੈਥਿਕ ਵਿਭਾਗ ਵੱਲੋਂ 352, ਕੁੱਲ 727 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਜਾਂਚ ਉਪਰੰਤ ਮਰੀਜ਼ਾਂ ਨੂੰ ਲੋੜ ਅਨੁਸਾਰ ਮੁਫ਼ਤ ਆਯੁਰਵੇਦਿਕ ਅਤੇ ਹੋਮਿਓਪੈਥਿਕ ਦਵਾਈਆਂ ਵੀ ਮੁਹੱਈਆ ਕਰਵਾਈਆਂ ਗਈਆਂ।

ਕੈਂਪ ਦਾ ਉਦਘਾਟਨ ਪੰਚਾਇਤ ਮੈਂਬਰ ਗੁਰਮੀਤ ਸਿੰਘ, ਬਾਬਾ ਅਜੀਤ ਸਿੰਘ ਅਤੇ ਹਰਵਿੰਦਰ ਸਿੰਘ ਵੱਲੋਂ ਕੀਤਾ ਗਿਆ।

ਕੈਂਪ ਨੂੰ ਸਫ਼ਲ ਬਣਾਉਣ ਵਿੱਚ ਆਯੁਰਵੇਦਿਕ ਵਿਭਾਗ ਵੱਲੋਂ ਡਾ. ਮਨਵਿੰਦਰ ਕੌਰ, ਡਾ. ਚਾਰੂ ਅਰੋੜਾ, ਰਾਜਿੰਦਰ, ਅਨੀਤਾ, ਅਮਰਜੀਤ ਕੌਰ ਅਤੇ ਹੋਮਿਓਪੈਥਿਕ ਵਿਭਾਗ ਵੱਲੋਂ ਡਾ. ਜਤਿੰਦਰ ਸਿੱਧੂ, ਡਾ. ਮੀਨਾਕਸ਼ੀ ਮੱਟੂ, ਬਲਜੀਤ ਕੌਰ ਅਤੇ ਹਰਜੀਤ ਕੌਰ ਫਾਰਮਾਸਿਸਟ ਨੇ ਆਪਣੀਆਂ ਸੇਵਾਵਾਂ ਨਿਭਾਈਆਂ।

## ਸ਼ੱਕੀ ਹਾਲਤਾਂ ਵਿੱਚ ਨੌਜਵਾਨ ਦੀ ਮੌਤ ਨੇ ਖੜ੍ਹੇ ਕੀਤੇ ਸਵਾਲ

**ਮਾਛੀਵਾੜਾ ਸਾਹਿਬ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਨ ਪ੍ਰਤੀ ਦਿਨ ਇਨਸਾਨੀਅਤ ਹੁੰਦੀ ਜਾ ਰਹੀ ਹੈ ਸ਼ਰਮਸ਼ਾਰ ਮਨੁੱਖੀ ਰਿਸ਼ਤੇ ਹੋ ਰਹੇ ਨੇ ਤਾਰੋ ਪੀੜ , ਜੀ ਹਾਂ ਇਹਨਾਂ ਰਿਸ਼ਤਿਆਂ ਦੀ ਤਰਾਸ਼ਦੀ ਨੂੰ ਬਿਆਨ ਕਰਦੀ ਹੈ ਨੇੜਲੇ ਪਿੰਡ ਸ਼ਤਾਬਗੜ੍ਹ ਦੇ ਨੌਜਵਾਨ ਅਮਨਦੀਪ ਸਿੰਘ (19) ਦੀ ਸ਼ੱਕੀ ਹਾਲਤਾਂ ਵਿਚ ਮੌਤ ॥ ਮ੍ਰਿਤਕ ਦੇ ਭਰਾ ਰਿੰਕੂ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸਦਾ ਛੋਟਾ ਭਰਾ ਅਮਨਦੀਪ ਸਿੰਘ 14 ਸਤੰਬਰ ਨੂੰ ਕਰੀਬ 3 ਵਜੇ ਮੋਟਰਸਾਈਕਲ 'ਤੇ ਗਿਆ ਅਤੇ ਘਰ ਵਾਪਸ ਨਹੀਂ ਆਇਆ। ਜਦੋਂ ਉਸਦੀ ਤਲਾਸ਼ ਕੀਤੀ ਗਈ ਤਾਂ ਪਤਾ ਲੱਗਿਆ ਕਿ ਉਹ ਆਪਣੇ ਦੋਸਤਾਂ ਨਾਲ ਗਿਆ ਹੈ ਜੋ ਕਿ ਨਸ਼ਾ ਕਰਨ ਦੇ ਆਦੀ ਹਨ। ਪਰਿਵਾਰ ਵਲੋਂ ਅਮਨਦੀਪ ਸਿੰਘ ਨੂੰ ਕਈ ਵਾਰ ਫੋਨ ਵੀ ਕੀਤਾ ਪਰ ਉਹ ਬੰਦ ਆ ਰਿਹਾ ਸੀ। ਦੂਸਰੇ ਦਿਨ 15 ਸਤੰਬਰ ਨੂੰ ਉਹ ਤਲਾਸ਼ ਕਰਦੇ ਹੋਏ ਖੇਤਾਂ ਵਿਚ ਪੁੱਜੇ ਤਾਂ ਦੇਖਿਆ ਕਿ ਅਮਨਦੀਪ ਸਿੰਘ ਗਿਰਿਆ ਹੋਇਆ ਸੀ ਜਿਸ ਦੇ ਕੋਲ ਉਸਦਾ ਮੋਟਰਸਾਈਕਲ ਖੜ੍ਹਾ ਸੀ। ਰਿੰਕੂ ਨੇ ਦੱਸਿਆ ਕਿ ਉਸਦਾ ਭਰਾ ਅਮਨਦੀਪ ਸਿੰਘ ਬੜੇ ਔਖੇ-ਔਖੇ ਸਾਹ ਲੈ ਰਿਹਾ ਸੀ ਜਿਸ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਮਾਛੀਵਾੜਾ ਹਸਪਤਾਲ ਲਿਆਂਦਾ ਗਿਆ।

ਡਾਕਟਰਾਂ ਵਲੋਂ ਉਸਦੀ ਗੰਭੀਰ ਹਾਲਤ ਨੂੰ ਦੇਖਦਿਆਂ ਸਿਵਲ ਹਸਪਤਾਲ ਸਮਰਾਲਾ ਰੈਫ਼ਰ ਕਰ ਦਿੱਤਾ ਜਿੱਥੋਂ ਫਿਰ 32 ਸੈਕਟਰ ਚੰਡੀਗੜ੍ਹ ਲੈ ਗਏ। ਚੰਡੀਗੜ੍ਹ ਹਸਪਤਾਲ ਵਿਖੇ ਡਾਕਟਰਾਂ ਨੇ ਅਮਨਦੀਪ ਸਿੰਘ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਮਾਛੀਵਾੜਾ ਪੁਲਸ ਵਲੋਂ ਲਾਸ਼ ਨੂੰ ਕਬਜੇ 'ਚ ਕਰ ਪੋਸਟ ਮਾਰਟਮ ਕਰਵਾ ਦਿੱਤਾ ਗਿਆ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਲੰਡਨ 'ਚ ਥੇਮਜ਼ ਨਦੀ ਦੇ ਕੰਢੇ ਪਹਿਲੀ ਵਾਰ ਗੰਗਾ ਆਰਤੀ ਦਾ ਆਯੋਜਨ

**ਲੰਡਨ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੰਡਨ 'ਚ ਥੇਮਜ਼ ਨਦੀ ਦੇ ਕੰਢੇ ਐਤਵਾਰ ਨੂੰ ਪਹਿਲੀ ਵਾਰ ਗੰਗਾ ਆਰਤੀ ਦਾ ਆਯੋਜਨ ਕੀਤਾ ਗਿਆ ਜਿਸ 'ਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। ਥੇਮਜ਼ ਦੇ ਕੰਢੇ ਗੰਗਾ ਆਰਤੀ: ਰੌਸ਼ਨੀਆਂ ਦਾ ਜਸ਼ਨ ਸਿਰਲੇਖ ਵਾਲਾ ਇਹ ਸਮਾਗਮ ਚਿਨਮਯਾ ਮਿਸ਼ਨ UK ਦੁਆਰਾ ਟੋਟਲੀ ਥੇਮਜ਼ ਦੇ ਸਾਲਾਨਾ ਤਿਓਹਾਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਗਮ ਚਿਨਮਯਾ ਮਿਸ਼ਨ ਦੀ ਸਥਾਪਨਾ ਦੀ 75ਵੀਂ ਵਰ੍ਹੇਗੰਢ ਨੂੰ ਮਨਾਉਣ ਲਈ ਦੁਨੀਆਂ ਭਰ 'ਚ ਆਯੋਜਿਤ ਕੀਤੇ ਜਾ ਰਹੇ ਸਮਾਗਮਾਂ ਦੀ ਇੱਕ ਲੜੀ ਦਾ ਹਿੱਸਾ ਸੀ।

ਭਾਰਤ 'ਚ ਗੰਗਾ ਦੇ ਕੰਢੇ ਆਯੋਜਿਤ ਆਰਤੀ ਦੀ ਮਸ਼ਹੂਰ ਪ੍ਰੰਪਰਾ ਤੋਂ ਪ੍ਰੇਰਿਤ ਹੋ ਕੇ ਇਸ ਸਮਾਗਮ ਦੀ ਕਲਪਨਾ ਕੁਦਰਤ, ਗਿਆਨ ਅਤੇ ਚੇਤਨਾ ਦੇ ਜੀਵਨਦਾਇਕ ਪ੍ਰਵਾਹ ਦੇ ਪ੍ਰਤੀਕ ਵਜੋਂ ਕੀਤੀ ਗਈ ਸੀ। ਚਿਨਮਯਾ ਮਿਸ਼ਨ UK ਦੇ ਇੱਕ ਅਧਿਆਪਕ ਬ੍ਰਹਮਚਾਰਿਣੀ ਸ਼੍ਰੀਪ੍ਰਿਯਾ ਚੈਤੰਨਿਆ ਨੇ ਕਿਹਾ, "ਪੀੜ੍ਹੀਆਂ ਤੋਂ ਸ਼ਰਧਾਲੂਆਂ ਨੇ ਗੰਗਾ ਦੇ ਕੰਢੇ ਮਾਂ ਗੰਗਾ ਦੀ ਪੂਜਾ ਕਰਨ ਲਈ ਦੀਵੇ ਜਗਾਏ ਹਨ, ਕੁਦਰਤ ਅਤੇ ਜੀਵਨ ਨੂੰ ਪੋਸ਼ਣ ਦੇਣ ਵਾਲੀਆਂ ਬ੍ਰਹਮ ਸ਼ਕਤੀਆਂ ਪ੍ਰਤੀ ਸ਼ਰਧਾ ਅਤੇ ਸ਼ੁਕਰਗੁਜ਼ਾਰੀ ਪ੍ਰਗਟ ਕੀਤੀ ਹੈ।" ਉਸ ਨੇ ਅੱਗੇ ਕਿਹਾ, "ਥੇਮਜ਼ ਨਦੀ ਦੇ ਕੰਢੇ 'ਤੇ ਗੰਗਾ ਆਰਤੀ ਵੀ ਇਸ ਭਾਵਨਾ ਨੂੰ ਅੱਗੇ ਵਧਾਉਂਦੀ ਹੈ ਅਤੇ ਲੋਕਾਂ ਨੂੰ ਸ਼ੁਕਰਗੁਜ਼ਾਰੀ, ਉਮੀਦ ਅਤੇ ਏਕਤਾ ਦੀ ਸਾਂਝੀ ਭਾਵਨਾ 'ਚ ਇਕੱਠਾ ਕਰਦੀ ਹੈ।"

ਚੈਤੰਨਿਆ ਨੇ ਸਮਝਾਇਆ ਕਿ ਚਿਨਮਯਾ ਮਿਸ਼ਨ ਲਈ, ਗੰਗਾ ਗਿਆਨ ਦੇ ਪ੍ਰਵਾਹ ਦਾ ਵੀ ਪ੍ਰਤੀਕ ਹੈ। ਉਨ੍ਹਾਂ ਕਿਹਾ, "ਸਾਡੇ ਸੰਸਥਾਪਕ, ਸਵਾਮੀ ਚਿਨਮਯਾਨੰਦ ਨੇ ਆਪਣਾ ਜੀਵਨ ਹਿਮਾਲਿਆ ਦੀ ਪਵਿੱਤਰ ਧਰਤੀ ਤੋਂ ਵੇਦਾਂਤ ਦੇ ਸਦੀਵੀ ਗਿਆਨ ਅਤੇ ਅਧਿਆਤਮਿਕ ਸੰਦੇਸ਼ ਨੂੰ ਜਨਤਾ ਤਕ ਪਹੁੰਚਾਉਣ ਲਈ ਸਮਰਪਿਤ ਕੀਤਾ, ਇਸ ਨੂੰ ਉਨ੍ਹਾਂ ਦੇ ਰੋਜ਼ਾਨਾ ਜੀਵਨ ਦਾ ਹਿੱਸਾ ਬਣਾਇਆ। ਚਿਨਮਯਾ ਮਿਸ਼ਨ ਦੀ 75ਵੀਂ ਵਰ੍ਹੇਗੰਢ ਦੇ ਮੌਕੇ 'ਤੇ ਆਯੋਜਿਤ ਇਹ ਸਮਾਗਮ, ਹਿੰਦੂ ਧਰਮ ਦੀਆਂ ਮਹਾਨ ਦਾਰਸ਼ਨਿਕ ਅਤੇ ਅਧਿਆਤਮਿਕ ਪ੍ਰੰਪਰਾਵਾਂ 'ਚੋਂ ਇੱਕ, ਵੇਦਾਂਤ ਦੀ ਬ੍ਰਹਮ ਵਿਰਾਸਤ ਨੂੰ ਅੱਗੇ ਵਧਾਉਂਦੇ ਹੋਏ, ਗਿਆਨ, ਸੇਵਾ ਅਤੇ ਸ਼ੁਕਰਗੁਜ਼ਾਰੀ ਦੀ ਪਵਿੱਤਰ ਧਾਰਾ ਦਾ ਜਸ਼ਨ ਵੀ ਹੈ ਜੋ ਭੂਗੋਲਿਕ ਸੀਮਾਵਾਂ ਤੋਂ ਪਰੇ ਵਗਦੀ ਰਹਿੰਦੀ ਹੈ। ਗੰਗਾ ਆਰਤੀ ਹਿੰਦੂ ਧਰਮ ਦੀ ਇੱਕ ਪ੍ਰਾਚੀਨ ਧਾਰਮਿਕ ਰਸਮ ਹੈ। ਇਸ 'ਚ ਵੱਡੀ ਗਿਣਤੀ 'ਚ ਦੀਵੇ ਜਗਾਉਣੇ ਅਤੇ ਪ੍ਰਾਰਥਨਾਵਾਂ, ਭਜਨਾਂ, ਸੰਗੀਤ ਅਤੇ ਜਾਪ ਰਾਹੀਂ ਮਾਂ ਗੰਗਾ ਪ੍ਰਤੀ ਸ਼ਰਧਾ ਅਤੇ ਸ਼ੁੱਕਰਗੁਜ਼ਾਰੀ ਪ੍ਰਗਟ ਕਰਨਾ ਸ਼ਾਮਿਲ ਹੈ। ਇਹ ਰਸਮ ਕੁਦਰਤ ਅਤੇ ਇਸ ਦੀ ਜੀਵਨ ਦਾਤਾ ਪ੍ਰਕਿਰਤੀ ਪ੍ਰਤੀ ਵਿਸ਼ਵਾਸ ਅਤੇ ਸਤਿਕਾਰ ਦਾ ਪ੍ਰਗਟਾਵਾ ਵੀ ਹੈ।"



ਚਿਨਮਯਾ ਮਿਸ਼ਨ ਦੇ ਇੱਕ ਬੁਲਾਰੇ ਨੇ ਕਿਹਾ, "ਕੁਦਰਤ ਪ੍ਰਤੀ ਸ਼ਰਧਾ ਸਿਰਫ਼ ਗੰਗਾ ਆਰਤੀ ਦਾ ਇੱਕ ਹਿੱਸਾ ਨਹੀਂ ਸਗੋਂ ਇਸ ਦੇ ਮੂਲ 'ਚ ਹੈ। ਇਹ ਮਾਂ ਗੰਗਾ ਪ੍ਰਤੀ ਸ਼ਰਧਾ ਅਤੇ ਸ਼ੁਕਰਗੁਜ਼ਾਰੀ ਪੇਸ਼ ਕਰਨ ਦਾ ਇੱਕ ਸਾਧਨ ਹੈ। ਹਿੰਦੂ ਪ੍ਰੰਪਰਾ 'ਚ, ਮਾਂ ਗੰਗਾ ਨੂੰ ਸਾਰੇ ਜੀਵਾਂ ਦੀ ਇੱਕ ਪਵਿੱਤਰ, ਜੀਵਨਦਾਇਕ ਅਤੇ ਪੋਸ਼ਣ ਦੇਣ ਵਾਲੀ ਦੇਵੀ ਵਜੋਂ ਪੂਜਿਆ ਜਾਂਦਾ ਹੈ।" ਥੇਮਜ਼ ਦੇ ਕੰਢੇ ਆਯੋਜਿਤ ਕੀਤੀ ਗਈ ਇਸ ਆਰਤੀ ਨੇ ਪਰੰਪਰਾ ਦੀ ਪਵਿੱਤਰਤਾ ਨੂੰ ਕਾਇਮ ਰੱਖਿਆ, ਨਾਲ ਹੀ ਨਦੀ ਦੀ ਸ਼ੁੱਧਤਾ ਅਤੇ ਵਾਤਾਵਰਣ ਦੀ ਸ਼ਾਨ ਦਾ ਵੀ ਸਤਿਕਾਰ ਕੀਤਾ। ਪੂਰੀ ਰਸਮ ਜ਼ਮੀਨ 'ਤੇ, ਨਦੀ ਦੇ ਕੰਢੇ 'ਤੇ ਕੀਤੀ ਗਈ। ਆਰਤੀ 'ਚ ਵਰਤੀਆਂ ਜਾਂਦੀਆਂ ਕੋਈ ਵੀ ਵਸਤੂਆਂ ਨੂੰ ਥੇਮਜ਼ 'ਚ ਨਹੀਂ ਸੁੱਟਿਆ ਗਿਆ।

ਟੋਟਲੀ ਥੇਮਜ਼ ਇੱਕ ਟਰੱਸਟ ਦੁਆਰਾ ਆਯੋਜਿਤ ਇੱਕ ਸਾਲਾਨਾ ਤਿਓਹਾਰ ਹੈ ਜੋ 1997 'ਚ ਸ਼ੁਰੂ ਹੋਇਆ ਸੀ। ਇਹ ਤਿਓਹਾਰ ਕਲਾ, ਵਾਤਾਵਰਣ ਸੰਭਾਲ, ਸਭਿਆਚਾਰਕ ਵਿਰਾਸਤ ਅਤੇ ਸਿੱਖਿਆ ਨਾਲ ਸਬੰਧਤ ਵੱਖ-ਵੱਖ ਪ੍ਰੋਗਰਾਮਾਂ ਰਾਹੀਂ ਥੇਮਜ਼ ਦਰਿਆ ਦੀ ਮਹੱਤਤਾ ਅਤੇ ਅਮੀਰ ਵਿਰਾਸਤ ਨੂੰ ਉਜਾਗਰ ਕਰਦਾ ਹੈ।

## ਕਪੂਰਥਲਾ 'ਚ ਪਰਾਲੀ ਸਾੜਨ 'ਤੇ ਰੋਕ ਲਈ ਵਿਆਪਕ ਯੋਜਨਾ, 499 ਅਧਿਕਾਰੀ ਕਰਨਗੇ ਨਿਗਰਾਨੀ

**ਕਪੂਰਥਲਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਝੋਨੇ ਦੀ ਵਾਢੀ ਦੇ ਆਉਣ ਵਾਲੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਰੋਕਣ ਲਈ ਕਪੂਰਥਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਵਿਆਪਕ ਕਾਰਜਯੋਜਨਾ ਤਿਆਰ ਕੀਤੀ ਹੈ। ਡਿਪਟੀ ਕਮਿਸ਼ਨਰ ਅਕਾਸ਼ ਬਾਂਸਲ ਮੁਤਾਬਕ ਯੋਜਨਾ ਦਾ ਕੇਂਦਰ ਵਿਗਿਆਨਕ ਫਸਲੀ ਰਹਿੰਦ-ਖੂੰਹਦ ਪ੍ਰਬੰਧਨ, ਪਿੰਡ ਪੱਧਰੀ ਨਿਗਰਾਨੀ ਅਤੇ ਕਿਸਾਨਾਂ ਨੂੰ ਲਗਾਤਾਰ ਜਾਗਰੂਕ ਕਰਨਾ ਹੈ। ਪ੍ਰਸ਼ਾਸਨ ਵੱਲੋਂ 364 ਨੋਡਲ ਅਫ਼ਸਰ ਅਤੇ 135 ਕਲੱਸਟਰ ਅਫ਼ਸਰ, ਅਰਥਾਤ ਕੁੱਲ 499 ਅਧਿਕਾਰੀ, ਪਿੰਡਾਂ ਅਤੇ ਕਲੱਸਟਰਾਂ ਦੀ ਨਿਗਰਾਨੀ ਲਈ ਤਾਇਨਾਤ ਕੀਤੇ ਜਾਣਗੇ। ਇਹ ਅਧਿਕਾਰੀ ਕਿਸਾਨਾਂ ਨਾਲ ਸੰਪਰਕ ਵਿੱਚ ਰਹਿਣਗੇ, ਸੰਵੇਦਨਸ਼ੀਲ ਖੇਤਰਾਂ ਦੀ ਪਛਾਣ ਕਰਨਗੇ ਅਤੇ ਪਰਾਲੀ ਸਾੜਨ ਦੀ ਸੰਭਾਵਨਾ ਵਾਲੇ ਮਾਮਲਿਆਂ ਵਿੱਚ ਸਮੇਂ ਸਿਰ ਦਖ਼ਲ ਦੇਣਗੇ।

7.5 ਲੱਖ ਟਨ ਪਰਾਲੀ ਦਾ ਪ੍ਰਬੰਧਨ: ਪ੍ਰਸ਼ਾਸਨ ਦੇ ਅਨੁਮਾਨ ਅਨੁਸਾਰ ਇਸ ਸੀਜ਼ਨ ਦੌਰਾਨ ਜ਼ਿਲ੍ਹੇ ਵਿੱਚ ਕਰੀਬ 7.5 ਲੱਖ ਮੀਟ੍ਰਿਕ ਟਨ ਝੋਨੇ ਦੀ ਪਰਾਲੀ ਪੈਦਾ ਹੋਣ ਦੀ ਉਮੀਦ ਹੈ। ਇਸ ਵਿੱਚੋਂ ਲਗਭਗ 2.70 ਲੱਖ ਮੀਟ੍ਰਿਕ ਟਨ ਇਨ-ਸਿਟੂ ਤਰੀਕਿਆਂ ਨਾਲ ਅਤੇ 4.80 ਲੱਖ ਮੀਟ੍ਰਿਕ ਟਨ ਐਕਸ-ਸਿਟੂ ਤਰੀਕਿਆਂ ਨਾਲ ਸੰਭਾਲਣ ਦੀ ਯੋਜਨਾ ਹੈ। ਬਾਕੀ ਰਹਿੰਦ-ਖੂੰਹਦ ਨੂੰ ਇੱਟਾਂ ਦੇ ਭੱਠਿਆਂ, ਬਾਇਲਰਾਂ ਅਤੇ ਹੋਰ ਉਤਪਾਦਕ ਵਰਤੋਂ ਲਈ ਭੇਜਣ ਦਾ ਟੀਚਾ ਰੱਖਿਆ ਗਿਆ ਹੈ। ਕਿਸਾਨਾਂ ਲਈ ਕਸਟਮ ਹਾਇਰਿੰਗ ਸੈਂਟਰਾਂ, ਸਹਿਕਾਰੀ ਸਭਾਵਾਂ ਅਤੇ ਕਿਸਾਨ ਸਮੂਹਾਂ ਰਾਹੀਂ ਲਗਭਗ 4,000 ਫਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ ਉਪਲੱਬਧ ਦੱਸੀਆਂ ਗਈਆਂ ਹਨ। ਇਨ੍ਹਾਂ ਵਿੱਚ ਬੇਲਰ, ਰੇਕ, ਸੁਪਰ ਸੀਡਰ, ਸਮਾਰਟ ਸੀਡਰ, ਜ਼ੀਰੋ ਡ੍ਰਿਲ, ਮਲਚਰ, ਸਟ੍ਰਾਅ ਚੌਪਰ ਅਤੇ ਹੋਰ ਮਸ਼ੀਨਰੀ ਸ਼ਾਮਲ ਹੈ।

ਪਰਾਲੀ ਸਾੜਨ ਦੇ ਵਾਤਾਵਰਣਕ ਪ੍ਰਭਾਵ 'ਤੇ ਵੀ ਜ਼ੋਰ: ਡੀਸੀ ਅਕਾਸ਼ ਬਾਂਸਲ ਨੇ ਕਿਹਾ ਕਿ ਪਰਾਲੀ ਸਾੜਨ ਨਾਲ ਹਵਾ ਪ੍ਰਦੂਸ਼ਣ ਵਧਣ ਦੇ ਨਾਲ ਮਿੱਟੀ ਦੇ ਜ਼ਰੂਰੀ ਪੋਸ਼ਕ ਤੱਤ ਅਤੇ ਲਾਭਦਾਇਕ ਜੀਵ-ਜੰਤੂ ਪ੍ਰਭਾਵਿਤ ਹੁੰਦੇ ਹਨ। ਵਿਗਿਆਨਕ ਰਹਿੰਦ-ਖੂੰਹਦ ਪ੍ਰਬੰਧਨ ਨਾਲ ਪਰਾਲੀ ਨੂੰ ਕੂੜਾ ਸਮਝਣ ਦੀ ਬਜਾਏ ਖੇਤੀਬਾੜੀ ਸਰੋਤ ਵਜੋਂ ਵਰਤਣ ਦੀ ਸੰਭਾਵਨਾ ਬਣਦੀ ਹੈ। ਪ੍ਰਸ਼ਾਸਨ ਨੇ ਖੇਤੀਬਾੜੀ ਵਿਭਾਗ, ਸਥਾਨਕ ਸੰਸਥਾਵਾਂ, ਫੀਲਡ ਅਧਿਕਾਰੀਆਂ ਅਤੇ ਹੋਰ ਭਾਗੀਦਾਰਾਂ ਨਾਲ ਤਾਲਮੇਲ ਕਰਕੇ ਮੁਹਿੰਮ ਚਲਾਉਣ ਅਤੇ ਕਿਸਾਨਾਂ ਨੂੰ ਮਸ਼ੀਨਰੀ ਤੇ ਤਕਨੀਕੀ ਮਾਰਗਦਰਸ਼ਨ ਦੇਣ 'ਤੇ ਜ਼ੋਰ ਦਿੱਤਾ ਹੈ।

# ਪਾਕਿ 'ਚ ਕਾਨੂੰਨਾਂ ਦੇ ਬਾਵਜੂਦ ਔਰਤਾਂ ਅਜੇ ਵੀ ਅਸੁਰੱਖਿਅਤ !

**ਲਾਹੌਰ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ 'ਚ ਬਲਾਤਕਾਰ, ਘਰੇਲੂ ਹਿੰਸਾ, ਜਿਨਸੀ ਉਤਪੀੜਨ, ਜ਼ਬਰਦਸਤੀ ਵਿਆਹ ਅਤੇ ਜਾਇਦਾਦ ਦੇ ਹੱਕਾਂ ਤੋਂ ਵਾਂਝੇ ਰੱਖਣ ਵਿਰੁੱਧ ਕੇਂਦਰੀ ਅਤੇ ਸੂਬਾਈ ਪੱਧਰ 'ਤੇ ਕਈ ਔਰਤ-ਪੱਖੀ ਕਾਨੂੰਨ ਮੌਜੂਦ ਹਨ। ਇਸ ਤੋਂ ਇਲਾਵਾ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਦਰ ਵਧਾਉਣ ਅਤੇ ਕੇਸਾਂ ਦੇ ਤੇਜ਼ੀ ਨਾਲ ਨਿਪਟਾਰੇ ਲਈ ਵਿਸ਼ੇਸ਼ ਲਿੰਗ-ਆਧਾਰਤ ਹਿੰਸਾ ਅਦਾਲਤਾਂ ਵੀ ਬਣਾਈਆਂ ਗਈਆਂ ਹਨ। ਹਾਲ ਹੀ 'ਚ ਰਾਵਲਪਿੰਡੀ 'ਚ ਹਿਨਾ ਜਾਵੇਦ ਦਾ ਉਸ ਦੇ ਪਤੀ ਵਲੋਂ ਕੀਤਾ ਗਿਆ ਕਤਲ ਇਹ ਦਰਸਾਉਂਦਾ ਹੈ ਕਿ ਅਜਿਹੀ ਹਿੰਸਾ ਸਮਾਜ ਦੇ ਪੜ੍ਹੇ-ਲਿਖੇ ਹਿੱਸਿਆਂ 'ਚ ਵੀ ਫ਼ੈਲੀ ਹੋਈ ਹੈ ਕਿਉਂਕਿ ਦੋਸ਼ੀ ਇੱਕ ਯੂਨੀਵਰਸਿਟੀ 'ਚ ਅਧਿਆਪਕ ਹੈ। ਔਰਤਾਂ ਵਿਰੁੱਧ ਹਿੰਸਾ ਦਾ ਇਹ ਚੱਕਰ ਕਦੇ ਅਣਖ ਦੇ ਨਾਂ 'ਤੇ ਅਤੇ ਕਦੇ ਅਸ਼ਲੀਲਤਾ ਜਾਂ ਹੋਰ ਬਹਾਨਿਆਂ ਹੇਠ ਲਗਾਤਾਰ ਜਾਰੀ ਹੈ।

ਪਾਕਿਸਤਾਨ ਔਰਤਾਂ ਦੇ ਹੱਕਾਂ ਨਾਲ ਸਬੰਧਤ ਅੰਤਰਰਾਸ਼ਟਰੀ ਸੰਧੀਆਂ ਜਿਵੇਂ ਕਿ ਮਹਿਲਾਵਾਂ ਵਿਰੁੱਧ ਸਾਰੇ ਭੇਦਭਾਵ ਖ਼ਤਮ ਕਰਨ ਦੇ ਸਮਝੌਤੇ ਅਤੇ ਟਾਰਚਰ ਵਿਰੁੱਧ ਸਮਝੌਤੇ ਦਾ ਵੀ ਹਿੱਸਾ ਹੈ। ਇਸ ਦੇ ਬਾਵਜੂਦ ਵੂਮੈੱਨਜ਼ ਪੀਸ ਐਂਡ ਸੈਕਿਓਰਿਟੀ ਇੰਡੈਕਸ 2023/24 'ਚ ਪਾਕਿਸਤਾਨ 177 ਦੇਸ਼ਾਂ 'ਚੋਂ 158ਵੇਂ ਸਥਾਨ 'ਤੇ ਸੀ ਜੋ ਕਿ 2025/26 ਦੀ ਰੈਂਕਿੰਗ 'ਚ ਹੋਰ ਨਿਘਾਰ ਨਾਲ 181 ਦੇਸ਼ਾਂ 'ਚੋਂ 169ਵੇਂ ਸਥਾਨ 'ਤੇ ਪਹੁੰਚ ਗਿਆ ਹੈ।

ਔਰਤਾਂ ਵਿਰੁੱਧ ਹਿੰਸਾ ਜਾਰੀ ਰਹਿਣ ਦੇ ਪ੍ਰਮੁੱਖ ਕਾਰਨਾਂ 'ਚ ਕਾਨੂੰਨਾਂ ਦਾ ਕਮਜ਼ੋਰ ਅਮਲ, ਅਦਾਲਤਾਂ 'ਚ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਘੱਟ ਦਰ, ਸਜ਼ਾ ਦੀ ਅਨਿਸ਼ਚਿਤਤਾ, ਇਨਸਾਫ਼ ਤਕ ਸੀਮਿਤ ਪਹੁੰਚ, ਜੱਜਾਂ ਅਤੇ ਸਰਕਾਰੀ ਵਕੀਲਾਂ ਲਈ ਲਿੰਗ-ਸੰਵੇਦਨਸ਼ੀਲ ਸਿਖਲਾਈ ਦੀ ਘਾਟ, ਨੁਕਸਦਾਰ ਜਾਂਚ ਪ੍ਰਕਿਰਿਆ, ਮਹਿਲਾ ਪੁਲੀਸ ਸਟੇਸ਼ਨਾਂ ਦੀ ਘਾਟ ਅਤੇ ਔਰਤਾਂ 'ਚ ਆਪਣੇ ਹੱਕਾਂ ਪ੍ਰਤੀ ਘੱਟ ਜਾਗਰੂਕਤਾ ਸ਼ਾਮਿਲ ਹਨ।

ਇਸ ਸਥਿਤੀ ਨੂੰ ਸੁਧਾਰਨ ਲਈ ਲਿੰਗ-ਆਧਾਰਤ ਹਿੰਸਾ ਨੂੰ ਅਜਿਹਾ ਅਪਰਾਧ ਘੋਸ਼ਿਤ ਕਰਨ ਦੀ ਲੋੜ ਹੈ ਜਿਸ 'ਚ ਪੁਲੀਸ ਮੈਜਿਸਟ੍ਰੇਟ ਦੀ ਪਹਿਲੀ ਮਨਜ਼ੂਰੀ ਤੋਂ ਬਿਨਾਂ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਸਕੇ ਕਿਉਂਕਿ ਮੌਜੂਦਾ ਢਾਂਚੇ 'ਚ ਮੈਜਿਸਟ੍ਰੇਟ ਦੀ ਪਹਿਲਾਂ ਪ੍ਰਵਾਨਗੀ ਦੀ ਲੋੜ ਹੋਣ ਕਰ ਕੇ ਕੇਸ ਦਰਜ ਕਰਨ 'ਚ ਕਾਫ਼ੀ ਦੇਰੀ ਹੁੰਦੀ ਹੈ।

## ਜਨਗਣਨਾ-2027 ਦੇ ਦੂਜੇ ਪੜਾਅ (ਆਬਾਦੀ ਗਣਨਾ) ਸਬੰਧੀ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ ਕਰਵਾਇਆ

**ਸ੍ਰੀ ਫਤਿਹਗੜ੍ਹ ਸਾਹਿਬ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਨਗਣਨਾ-2027 ਦੇ ਫੇਜ਼-99 (ਆਬਾਦੀ ਦੀ ਗਿਣਤੀ) ਸਬੰਧੀ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ 17 ਤੋਂ 18 ਸਤੰਬਰ 2026 ਤੱਕ ਬੱਚਤ ਭਵਨ, ਫਤਹਿਗੜ੍ਹ ਸਾਹਿਬ ਵਿਖੇ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸਜ ਅਫਸਰ ਡਾ. ਸੋਨਾ ਥਿੰਦ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਇਸ ਟ੍ਰੇਨਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ)-ਕਮ-ਵਧੀਕ ਜ਼ਿਲ੍ਹਾ ਸੈਂਸਜ ਅਫਸਰ ਸ਼੍ਰੀਮਤੀ ਅਮਰਬੀਰ ਕੌਰ ਭੁੱਲਰ ਦੀ ਹਾਜ਼ਰੀ ਵਿੱਚ ਜਨਗਣਨਾ ਵਿਭਾਗ, ਪੰਜਾਬ ਤੋ ਸਹਾਇਕ ਡਾਇਰੈਕਟਰ ਸ਼੍ਰੀਮਤੀ ਰੇਨੂੰ ਅਤੇ ਜਿਲਾ ਕੋਆਰਡੀਨੇਟਰ ਸ਼੍ਰੀ ਚੰਨਪ੍ਰੀਤ ਸਿੰਘ ਵੱਲੋਂ ਸਬੰਧਤ ਅਧਿਕਾਰੀ ਅਤੇ ਕਰਮਚਾਰੀਆਂ ਨੂੰ ਜਨਗਣਨਾ-2027 ਦੇ ਫੇਜ਼-99 ਸਬੰਧੀ ਵਿਸਥਾਰਪੂਰਵਕ ਸਿਖਲਾਈ ਦਿੱਤੀ ਗਈ।



ਸਹਾਇਕ ਡਾਇਰੈਕਟਰ ਸ਼੍ਰੀਮਤੀ ਰੇਨੂੰ ਨੇ ਦੱਸਿਆ ਕਿ ਇਹ ਜਨਗਣਨਾ ਪਹਿਲੀ ਵਾਰ ਡਿਜ਼ੀਟਲ ਮੋਡ ਵਿੱਚ ਕੀਤੀ ਜਾ ਰਹੀ ਹੈ।ਇਸ ਜਨਗਣਨਾ ਵਿੱਚ 'ਸੈਲਫ ਇਨੁਮੀਰੇਸ਼ਨ' ਦੇ ਕੰਮ ਵਜੋਂ ਪਹਿਲ ਕੀਤੀ ਗਈ, ਜਿਸ ਵਿੱਚ ਕੋਈ ਵੀ ਨਾਗਰਿਕ ਆਪਣੇ ਘਰ ਦੀ ਗਿਣਤੀ ਮਿਤੀ 16 ਨਵੰਬਰ 2026 ਤੋਂ 30 ਨਵੰਬਰ 2026 ਤੱਕ ਆਪ ਕਰ ਸਕਦਾ ਹੈ। ਇਸ ਉਪਰੰਤ ਜਨਗਣਨਾ ਦੇ ਦੂਜੇ ਪੜਾਣ ਤਹਿਤ 01 ਦਸੰਬਰ 2026 ਤੋਂ 04 ਜਨਵਰੀ 2027 ਤੱਕ ਜਨਗਣਨਾ ਕੀਤੀ ਜਾਣੀ ਹੈ, ਜਿਸ ਵਿੱਚ ਇਨੁਮੀਰੇਟਰ ਲੋਕਾਂ ਦੇ ਘਰ-ਘਰ ਜਾ ਕੇ ਜਨਗਣਨਾ ਦਾ ਕੰਮ ਕਰਨਗੇ ਅਤੇ ਨਾਗਰਿਕਾਂ ਨੂੰ 40 ਸਵਾਲ ਪੁੱਛੇ ਜਾਣਗੇ।

ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹੇ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਸਰਕਾਰ ਵੱਲੋਂ ਕਰਵਾਏ ਜਾ ਰਹੇ ਜਨਗਣਨਾ ਦੇ ਇਸ ਕੰਮ ਵਿਚ ਪੂਰਨ ਸਹਿਯੋਗ ਕਰਨ। ਇਸ ਟ੍ਰੇਨਿੰਗ ਵਿਚ ਦਫਤਰ ਉਪ ਅਰਥ ਅਤੇ ਅੰਕੜਾ ਸਲਾਹਕਾਰ ਵਲੋਂ ਸਹਾਇਕ ਖੋਜ ਅਫਸਰ ਹਰਮਨਦੀਪ ਕੌਰ, ਇਕਬਾਲ ਸਿੰਘ, ਅਮਨਿੰਦਰ ਸਿੰਘ, ਮਨੀਸ਼ ਕੁਮਾਰ ਅਤੇ ਸਮੂਹ ਚਾਰਜ ਅਫਸਰਾ ਤਹਿਸੀਲਦਾਰਾਂ, ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੇ ਕਾਰਜਸਾਧਕ ਅਫਸਰਾਂ ਅਤੇ ਸਬੰਧਤ ਚਾਰਜ ਅਫਸਰਾ ਦੇ ਕਲਰਕ ਅਤੇ ਤਕਨੀਕੀ ਸਹਾਇਕ ਹਾਜਰ ਸਨ।

# ਹਲਕਾ ਸਨੌਰ 'ਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵਿਸ਼ੇਸ਼ ਸਮਾਗਮ, ਐਸ.ਡੀ.ਐਮ. ਅਤੇ ਡੀ.ਐਸ.ਪੀ. ਸਮੇਤ ਸਰਪੰਚ ਤੇ ਆਗੂ ਵੀ ਰਹੇ ਮੌਜੂਦ

**ਸਨੌਰ,23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਨਸ਼ਾ-ਮੁਕਤ ਅਤੇ ਮੁੜ 'ਰੰਗਲਾ ਪੰਜਾਬ' ਬਣਾਉਣ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਹਲਕਾ ਸਨੌਰ ਦੇ ਦੇਵੀਗੜ੍ਹ ਵਿਖੇ ਇੱਕ ਨਿਜੀ ਪੈਲੇਸ ਵਿੱਚ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਹਲਕੇ ਦੇ ਸਮੂਹ ਸਰਪੰਚਾਂ (ਕਨਵੀਨਰਾਂ), ਐਕਟਿਵ ਪ੍ਰੈਸੀਡੈਂਟਾਂ ਅਤੇ ਪਾਰਟੀ ਅਹੁਦੇਦਾਰਾਂ ਨੇ ਸ਼ਿਰਕਤ ਕੀਤੀ, ਜਦਕਿ ਪ੍ਰਸ਼ਾਸਨ ਵੱਲੋਂ ਐਸ.ਡੀ.ਐਮ. ਹਰਜੋਤ ਕੌਰ ਅਤੇ ਡੀ.ਐਸ.ਪੀ. ਰਣਬੀਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਹਲਕਾ ਸਨੌਰ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਸੰਬੋਧਨ ਕਰਦਿਆਂ ਪੰਜਾਬ ਦੀ ਨੌਜਵਾਨੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਸੁਨਹਿਰੀ ਭਵਿੱਖ ਨੂੰ ਬਚਾਉਣ ਲਈ ਪ੍ਰਸ਼ਾਸਨ ਤੇ ਲੋਕਾਂ ਨੂੰ ਇਕਜੁੱਟ ਹੋ ਕੇ ਹੰਭਲਾ ਮਾਰਨ ਦਾ ਸੱਦਾ ਦਿੱਤਾ।



ਇਕੱਠ ਨੂੰ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਇਹ ਸਿਰਫ਼ ਕੋਈ ਰਸਮੀ ਮੀਟਿੰਗ ਨਹੀਂ, ਸਗੋਂ ਪੰਜਾਬ ਦੀ ਹੋਂਦ ਨੂੰ ਬਚਾਉਣ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਨਸ਼ਾ ਘਰਾਂ ਦੇ ਚਿਰਾਗ਼ ਬੁਝਾ ਰਿਹਾ ਹੈ ਅਤੇ ਜਦੋਂ ਤੱਕ ਸਮਾਜ ਦਾ ਹਰ ਵਰਗ ਪ੍ਰਸ਼ਾਸਨ ਦੇ ਨਾਲ ਮਿਲ ਕੇ ਅੱਗੇ ਨਹੀਂ ਆਉਂਦਾ, ਓਦੋਂ ਤੱਕ ਇਸ ਅਲਾਮਤ ਨੂੰ ਜੜ੍ਹੋਂ ਨਹੀਂ ਪੁੱਟਿਆ ਜਾ ਸਕਦਾ। ਹਡਾਣਾ ਨੇ ਹਲਕੇ ਦੇ ਸਮੂਹ ਸਰਪੰਚਾਂ ਅਤੇ ਵਲੰਟੀਅਰਾਂ ਨੂੰ ਅਪੀਲ ਕੀਤੀ ਕਿ ਪਿੰਡ ਪੱਧਰ 'ਤੇ ਨਸ਼ਾ ਵੇਚਣ ਵਾਲਿਆਂ ਖ਼ਿਲਾਫ਼ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾਵੇ। ਉਨ੍ਹਾਂ ਸਖ਼ਤ ਚਿਤਾਵਨੀ ਦਿੱਤੀ ਕਿ ਮਾਨ ਸਰਕਾਰ ਦਾ ਸਟੈਂਡ ਬਿਲਕੁਲ ਸਪੱਸ਼ਟ ਹੈ ਕਿ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲਾ ਵਿਅਕਤੀ ਭਾਵੇਂ ਜਿੰਨੀ ਮਰਜ਼ੀ ਪਹੁੰਚ ਵਾਲਾ ਹੋਵੇ, ਉਸ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਹਡਾਣਾ ਨੇ ਅੱਗੇ ਕਿਹਾ ਕਿ ਪੁਲਿਸ-ਪ੍ਰਸ਼ਾਸਨ ਅਤੇ ਪਿੰਡਾਂ ਦੀਆਂ ਪੰਚਾਇਤਾਂ ਆਪਸੀ ਤਾਲਮੇਲ ਨਾਲ ਨਿਗਰਾਨ ਕਮੇਟੀਆਂ ਬਣਾਉਣ। ਉਨ੍ਹਾਂ ਜ਼ੋਰ ਦਿੱਤਾ ਕਿ ਭਟਕ ਕੇ ਨਸ਼ੇ ਦੇ ਜਾਲ ਵਿੱਚ ਫਸ ਚੁੱਕੇ ਨੌਜਵਾਨਾਂ ਨਾਲ ਨਫ਼ਰਤ ਕਰਨ ਦੀ ਬਜਾਏ ਉਨ੍ਹਾਂ ਦਾ ਸਹੀ ਇਲਾਜ ਕਰਵਾ ਕੇ ਮੁੱਖ ਧਾਰਾ ਵਿੱਚ ਲਿਆਂਦਾ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਹਲਕੇ ਦੇ ਸਕੂਲਾਂ ਵਿੱਚ ਬਿਹਤਰ ਸੁਵਿਧਾਵਾਂ, ਖੇਡ ਮੈਦਾਨਾਂ ਦੀ ਉਸਾਰੀ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੀ ਹੈ ਤਾਂ ਜੋ ਨੌਜਵਾਨਾਂ ਦੀ ਊਰਜਾ ਸਹੀ ਪਾਸੇ ਲੱਗੇ। ਇਸ ਮੌਕੇ ਐਸ.ਡੀ.ਐਮ. ਡੀ.ਐਸ.ਪੀ., ਸਮੂਹ ਪੰਚਾਇਤੀ ਨੁਮਾਇੰਦਿਆਂ ਅਤੇ ਆਗੂਆਂ ਨੇ ਹਲਕਾ ਸਨੌਰ ਦੇ ਹਰ ਪਿੰਡ ਅਤੇ ਗਲੀ ਨੂੰ ਨਸ਼ਾ-ਮੁਕਤ ਕਰਨ ਦਾ ਸਾਂਝਾ ਪ੍ਰਣ ਲਿਆ। ਇਸ ਮੌਕੇ ਚੈਅਰਮੈਨ ਬਲਦੇਵ ਸਿੰਘ ਦੇਵੀਗੜ੍ਹ, ਚੈਅਰਮੈਨ ਹੈਪੀ ਪਹਾੜੀਪੁਰ, ਚੈਅਰਮੈਨ ਚਰਨਜੀਤ ਸਿੰਘ ਨੈਣਾ, ਚੇਅਰਮੈਂਨ ਹਨੀ ਮਾਹਲਾ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਘੁੰਮਣ, ਵਾਈਸ ਚੇਅਰਮੈਨ ਸਿਮਰਜੀਤ ਸਿੰਘ ਸੋਹਲ, ਨਸ਼ਾ ਮੁਕਤੀ ਮੋਰਚਾ ਤੋਂ ਬਲਜਿੰਦਰ ਸਰਾਓ ਜਿਲ੍ਹਾ ਕੋਆਰਡੀਨੇਟਰ, ਗੁਰਮੀਤ ਸਿੰਘ ਪੰਜੋਲਾ ਹਲਕਾ ਕੋਆਰਡੀਨੇਟਰ , ਵਾਈਸ ਹਲਕਾ ਕੋਆਰਡੀਨੇਟਰ ਗੁਰਮੀਤ ਅਸਰਪੁਰ, ਵਾਈਸ ਹਲਕਾ ਕੋਆਰਡੀਨੇਟਰ ਮਦਨ ਲਾਲ, ਸੀਨੀਅਰ ਵਾਈਸ ਪ੍ਰਧਾਨ ਯੁਵਰਾਜ ਸਿੰਘ, ਸਰਪੰਚ ਰਾਜਾ ਧੰਜੂ, ਮੀਤ ਪ੍ਰਧਾਨ ਲਖਵੀਰ ਸਿੰਘ ਦੇਵੀਗੜ੍ਹ, ਜਿਲ੍ਹਾ ਪ੍ਰਧਾਨ ਬੀ ਸੀ ਵਿੰਗ ਮਨਿੰਦਰ ਫ੍ਰਾਂਸਵਾਲਾ, ਮੈਬਰ ਜਿਲ੍ਹਾ ਪ੍ਰੀਸ਼ਦ ਰਾਮ ਇੰਦਰ ਸਿੰਘ ਜਮਨਾ, ਸਰਪੰਚ ਬਲਵਿੰਦਰ ਕੌਰ, ਸਰਪੰਚ ਗੁਰਪ੍ਰੀਤ ਸਿੰਘ, ਮੈਬਰ ਬਲਾਕ ਸੰਮਤੀ ਭੂਸ਼ਣ, ਬਲਾਕ ਪ੍ਰਧਾਨ ਅਮਨ ਸ਼ਾਦੀਪੁਰ, ਵੀ ਡੀ ਸੀ ਦੇ ਸਾਰੇ ਆਗੂ ਤੇ ਹੋਰ ਮੈਬਰ ਸਹਿਬਾਨਾਂ ਤੋਂ ਇਲਾਵਾ ਸੈਂਕੜੇ ਸਰਪੰਚ-ਪੰਚ, ਬਲਾਕ ਪ੍ਰਧਾਨ ਵੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# 'ਨਸ਼ਾ ਮੁਕਤ ਪੰਜਾਬ ਯਾਤਰਾਵਾਂ' ਨਸ਼ੇ ਵਿਰੁੱਧ ਜਨ ਅੰਦੋਲਨ ਖੜ੍ਹਾ ਕਰਨਗੀਆਂ: ਕੇਵਲ ਸਿੰਘ ਢਿੱਲੋਂ

**ਕੌਮੀ ਪਤ੍ਰਿਕਾ**

ਚੰਡੀਗੜ੍ਹ 23 ਸਤੰਬਰ। ਭਾਰਤੀ ਜਨਤਾ ਪਾਰਟੀ ਵੱਲੋਂ ਕੱਢੀਆਂ ਜਾ ਰਹੀਆਂ 'ਨਸ਼ਾ ਮੁਕਤ ਪੰਜਾਬ ਯਾਤਰਾਵਾਂ' ਦੀਆਂ ਤਿਆਰੀਆਂ ਨੂੰ ਲੈ ਕੇ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਅੱਜ ਫ਼ਤਹਿਗੜ੍ਹ ਸਾਹਿਬ ਅਤੇ ਤਲਵੰਡੀ ਸਾਬੋ ਵਿਖੇ ਯਾਤਰਾ ਨਾਲ ਸਬੰਧਤ ਪ੍ਰਬੰਧਾਂ ਦਾ ਜਾਇਜ਼ਾ ਲਿਆ। ਫ਼ਤਹਿਗੜ੍ਹ ਸਾਹਿਬ ਵਿਖੇ ਉਨ੍ਹਾਂ ਦੇ ਨਾਲ ਭਾਜਪਾ ਦੇ ਕੌਮੀ ਜਨਰਲ ਸਕੱਤਰ ਅਤੇ ਪੰਜਾਬ ਦੇ ਪ੍ਰਭਾਰੀ ਡਾ. ਸਤੀਸ਼ ਪੂਨੀਆ ਵੀ ਮੌਜੂਦ ਰਹੇ। ਦੋਵਾਂ ਆਗੂਆਂ ਨੇ ਪੁਰਾਣੀ ਦਾਣਾ ਮੰਡੀ ਵਿਖੇ ਯਾਤਰਾ ਦੀ ਸ਼ੁਰੂਆਤ ਤੋਂ ਪਹਿਲਾਂ ਹੋਣ ਵਾਲੀ ਰੈਲੀ ਦੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਅਤੇ ਇਸ ਉਪਰੰਤ ਪਾਰਟੀ ਆਗੂਆਂ ਤੇ ਵਰਕਰਾਂ ਨਾਲ ਮੀਟਿੰਗ ਕਰਕੇ ਤਿਆਰੀਆਂ ਦੀ ਸਮੀਖਿਆ ਕੀਤੀ। ਇਸੇ ਤਰ੍ਹਾਂ ਤਲਵੰਡੀ ਸਾਬੋ ਵਿਖੇ ਕੇਵਲ ਸਿੰਘ ਢਿੱਲੋਂ ਨੇ ਦਾਣਾ ਮੰਡੀ ਸਥਿਤ ਰੈਲੀ ਸਥਾਨ ਦਾ ਜਾਇਜ਼ਾ ਲਿਆ ਅਤੇ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਕੇ ਯਾਤਰਾ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਬਾਰੇ ਜਾਣਕਾਰੀ ਹਾਸਲ ਕੀਤੀ। ਇਸ



ਮੌਕੇ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਾ ਅੱਜ ਸਭ ਤੋਂ ਵੱਡੀ ਸਮੱਸਿਆ ਬਣ ਚੁੱਕਾ ਹੈ। ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਤਿੰਨ ਮਹੀਨਿਆਂ ਵਿੱਚ ਨਸ਼ਾ ਖ਼ਤਮ ਕਰਨ ਦਾ ਦਾਅਵਾ ਕੀਤਾ ਸੀ, ਪਰ ਇਸ ਦੇ ਉਲਟ ਸੂਬੇ ਵਿੱਚ ਨਸ਼ੇ ਦੀ ਸਮੱਸਿਆ ਹੋਰ ਗੰਭੀਰ ਹੋ ਗਈ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੇ ਵਧਦੇ ਪ੍ਰਸਾਰ ਨੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਅਤੇ ਇਸ ਦੇ ਨਾਲ ਗੈਂਗਸਟਰਵਾਦ ਤੇ ਕਾਨੂੰਨ-ਵਿਵਸਥਾ ਦੀਆਂ ਚੁਣੌਤੀਆਂ ਵੀ ਵਧੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਸੰਕਲਪ ਲਿਆ ਹੈ, ਜਿਸ ਤਹਿਤ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚ ਚਾਰ 'ਨਸ਼ਾ ਮੁਕਤ ਪੰਜਾਬ ਯਾਤਰਾਵਾਂ' ਕੱਢੀਆਂ ਜਾਣਗੀਆਂ। ਇਨ੍ਹਾਂ ਯਾਤਰਾਵਾਂ ਰਾਹੀਂ ਲੋਕਾਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾਵੇਗਾ ਅਤੇ ਨਸ਼ੇ ਦੇ ਮਾੜੇ ਪ੍ਰਭਾਵਾਂ ਵਿਰੁੱਧ ਵਿਆਪਕ ਜਾਗਰੂਕਤਾ ਪੈਦਾ ਕੀਤੀ ਜਾਵੇਗੀ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਯਾਤਰਾਵਾਂ ਨਸ਼ੇ ਵਿਰੁੱਧ ਇੱਕ ਵੱਡਾ ਜਨ ਅੰਦੋਲਨ ਖੜ੍ਹਾ ਕਰਨ ਦੀ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਸਾਬਤ ਹੋਣਗੀਆਂ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਨਸ਼ਾ ਮੁਕਤ ਕਰਨ ਦਾ ਸੰਕਲਪ ਲਿਆ ਹੈ ਅਤੇ ਇਸੇ ਸੰਕਲਪ ਨੂੰ ਪੰਜਾਬ ਵਿੱਚ ਵੀ ਮਜ਼ਬੂਤੀ ਨਾਲ ਅੱਗੇ ਵਧਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਫ਼ਤਹਿਗੜ੍ਹ ਸਾਹਿਬ ਵਿਖੇ ਗੁਰਦੁਆਰਾ ਜੋਤੀ ਸਰੂਪ ਸਾਹਿਬ ਅਤੇ ਤਲਵੰਡੀ ਸਾਬੋ ਵਿਖੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਇਹ ਯਾਤਰਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਅੰਤ ਵਿੱਚ ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਵਿਰੁੱਧ ਇਸ ਮੁਹਿੰਮ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਅਤੇ 'ਨਸ਼ਾ ਮੁਕਤ ਪੰਜਾਬ' ਦੇ ਸੰਕਲਪ ਨੂੰ ਸਾਕਾਰ ਕਰਨ ਲਈ ਭਾਜਪਾ ਦਾ ਸਾਥ ਦੇਣ।

# 298 ਦਿਨਾਂ ਦਾ ਬਿਜਲੀ ਬਿੱਲ 25 ਹਜ਼ਾਰ ਆਇਆ, ਮੁਆਫ਼ ਯੂਨਿਟਾਂ ਵੀ ਬਿੱਲ 'ਚ ਜੋੜਨ ਦਾ ਦੋਸ਼

ਜ਼ੀਰਕਪੁਰ 23 ਸਤੰਬਰ। ਜ਼ੀਰਕਪੁਰ 'ਚ ਬਿਜਲੀ ਬਿੱਲ ਤਿਆਰ ਕਰਨ ਦੀ ਪ੍ਰਣਾਲੀ ਨੂੰ ਲੈ ਕੇ ਨਵਾਂ ਮਾਮਲਾ ਸਾਹਮਣੇ ਆਇਆ ਹੈ। ਵਾਰਡ ਨੰਬਰ-16 ਦੀ ਕੌਂਸਲਰ ਕਿਰਨਦੀਪ ਕੌਰ ਦੇ ਪਤੀ ਸਿਮਰਨ ਢੋਲਾ ਨੇ ਆਪਣੇ ਘਰ ਆਏ ਕਰੀਬ 25 ਹਜ਼ਾਰ ਰੁਪਏ ਦੇ ਬਿਜਲੀ ਬਿੱਲ 'ਤੇ ਸਵਾਲ ਚੁੱਕਦਿਆਂ ਦੋਸ਼ ਲਾਇਆ ਹੈ ਕਿ ਵਿਭਾਗ ਵੱਲੋਂ 298 ਦਿਨਾਂ ਦੀ ਖ਼ਪਤ ਇਕੱਠੀ ਕਰਕੇ ਬਿੱਲ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਇਸ 'ਚ ਪਹਿਲਾਂ ਮੁਆਫ਼ ਹੋ ਚੁੱਕੀਆਂ ਯੂਨਿਟਾਂ ਦਾ ਹਿਸਾਬ ਵੀ ਜੋੜ ਦਿੱਤਾ ਗਿਆ। ਢੋਲਾ ਨੇ ਦੱਸਿਆ ਕਿ ਵਿਭਾਗ ਤੋਂ ਬਿੱਲ ਸਬੰਧੀ ਜਾਣਕਾਰੀ ਲੈਣ 'ਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਇਹ 298 ਦਿਨਾਂ, ਭਾਵ ਕਰੀਬ 10 ਮਹੀਨਿਆਂ ਦੀ ਖ਼ਪਤ ਦਾ ਬਿੱਲ ਹੈ। ਉਨ੍ਹਾਂ ਮੁਤਾਬਕ ਨਵੰਬਰ ਤੋਂ ਮਾਰਚ ਤੱਕ ਵੱਖ-ਵੱਖ ਬਿਲਿੰਗ ਅਵਧੀਆਂ ਦੌਰਾਨ ਉਨ੍ਹਾਂ ਦੀ ਬਿਜਲੀ ਖ਼ਪਤ 500 ਤੋਂ 600 ਯੂਨਿਟ ਦੇ ਵਿਚਕਾਰ ਰਹੀ ਅਤੇ ਉਨ੍ਹਾਂ ਨੂੰ ਸਿਫ਼ਰ



ਬਿੱਲ ਮਿਲਦੇ ਰਹੇ। ਉਨ੍ਹਾਂ ਦੋਸ਼ ਲਾਇਆ ਕਿ ਗਰਮੀਆਂ 'ਚ ਖ਼ਪਤ ਵੱਧਣ ਤੋਂ ਬਾਅਦ ਪਿਛਲੇ ਮਹੀਨਿਆਂ ਦੀ ਖ਼ਪਤ ਵੀ ਮੌਜੂਦਾ ਬਿੱਲ 'ਚ ਸ਼ਾਮਲ ਕਰ ਦਿੱਤੀ ਗਈ। ਉਨ੍ਹਾਂ ਸਵਾਲ ਚੁੱਕਿਆ ਕਿ ਜੇਕਰ 298 ਦਿਨਾਂ ਦੀ ਖ਼ਪਤ ਇਕੱਠੀ ਕਰਕੇ ਬਿੱਲ ਬਣਾਇਆ ਗਿਆ ਹੈ ਤਾਂ ਹਰੇਕ ਬਿਲਿੰਗ ਅਵਧੀ ਦੌਰਾਨ ਮਿਲਣ ਵਾਲੀ ਸਬਸਿਡੀ ਦਾ ਹਿਸਾਬ ਕਿਵੇਂ ਲਾਇਆ ਗਿਆ। ਉਨ੍ਹਾਂ ਕਿਹਾ ਕਿ ਬਿੱਲ 'ਚ ਦਰਜ ਖ਼ਪਤ ਅਤੇ ਪੁਰਾਣੇ ਰਿਕਾਰਡ ਦੀ ਜਾਂਚ ਕਰਕੇ ਵਿਭਾਗ ਨੂੰ ਬਿੱਲ ਦਾ ਪੂਰਾ ਹਿਸਾਬ ਸਪੱਸ਼ਟ ਕਰਨਾ ਚਾਹੀਦਾ ਹੈ। ਮਾਮਲੇ ਸਬੰਧੀ ਸੰਪਰਕ ਕਰਨ 'ਤੇ ਸਬੰਧਿਤ ਜੇ. ਈ. ਅਸ਼ੀਸ਼ ਕੁਮਾਰ ਨੇ ਦੱਸਿਆ ਕਿ 298 ਦਿਨਾਂ ਦੀ ਖ਼ਪਤ ਦੇ ਹਿਸਾਬ ਨਾਲ ਕਰੀਬ 25 ਹਜ਼ਾਰ ਰੁਪਏ ਦਾ ਬਿੱਲ ਆਉਣਾ ਸੁਭਾਵਿਕ ਹੈ। ਉਨ੍ਹਾਂ ਕਿਹਾ ਕਿ ਜੇਕਰ ਖ਼ਪਤਕਾਰ ਨੂੰ ਬਿੱਲ ਦੀ ਰਕਮ ਵੱਧ ਲੱਗਦੀ ਹੈ ਜਾਂ ਹਿਸਾਬ ਸਬੰਧੀ ਕੋਈ ਸ਼ੰਕਾ ਹੈ ਤਾਂ ਉਹ ਦਫ਼ਤਰ ਆ ਕੇ ਬਿੱਲ ਦੀ ਪੂਰੀ ਜਾਂਚ ਕਰਵਾ ਕੇ ਆਪਣੀ ਤਸੱਲੀ ਕਰ ਸਕਦਾ ਹੈ।

## ਮਦਰੱਸੇ ਦੀਆਂ ਵਿਦਿਆਰਥਣਾਂ ਦੀ ਕੋਲਡ ਡਰਿੰਕ ਪੀਣ ਨਾਲ ਵਿਗੜ ਗਈ ਸਿਹਤ

ਸ਼ਰੀਗੰਗਾਨਗਰ 23 ਸਤੰਬਰ। ਰਾਜਸਥਾਨ 'ਚ ਸ਼ਰੀਗੰਗਾਨਗਰ ਜ਼ਿਲ੍ਹੇ ਦੇ ਸੂਰਤਗੜ੍ਹ ਦੇ ਸਿਟੀ ਥਾਣਾ ਖੇਤਰ 'ਚ ਸਥਿਤ ਇਕ ਮਦਰਸੇ ਦੀਆਂ ਚਾਰ ਵਿਦਿਆਰਥਣਾਂ ਸ਼ੁੱਕਰਵਾਰ ਨੂੰ ਕੋਲਡ ਡਰਿੰਕ ਪੀਣ ਨਾਲ ਬੀਮਾਰ ਹੋ ਗਈਆਂ, ਜਿਨ੍ਹਾਂ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਪੁਲਸ ਨੇ ਸ਼ਨੀਵਾਰ ਨੂੰ ਦੱਸਿਆ ਕਿ ਜਮਾਤ 6, 7 ਅਤੇ 8 'ਚ ਪੜ੍ਹ ਰਹੀਆਂ ਮਹਿਕ (13), ਪ੍ਰਵੀਨਾ (17), ਰਮਜ਼ਾਨਾ (17) ਅਤੇ ਕੁਲਸੁਮ (18) ਨੇ ਮਦਰਸੇ ਕੋਲ ਸਥਿਤ ਦੁਕਾਨ ਤੋਂ ਕੋਲਡ ਡਰਿੰਕ ਖਰੀਦੀ ਸੀ। ਉਸ ਦੇ ਸੇਵਨ ਦੇ ਕੁਝ ਸਮੇਂ ਬਾਅਦ ਹੀ ਚਾਰਾਂ ਦੀ ਸਿਹਤ ਵਿਗੜਨ ਲੱਗੀ। ਉਨ੍ਹਾਂ ਸਾਰੀਆਂ ਨੂੰ ਉਲਟੀ ਹੋਣ ਲੱਗੀ। ਮਦਰਸਾ ਪ੍ਰਬੰਧਨ ਨੇ ਦੇਰੀ ਨਾ ਕਰਦੇ ਹੋਏ ਉਨ੍ਹਾਂ ਨੂੰ ਸਰਕਾਰੀ ਹਸਪਤਾਲ ਦੇ ਟਰਾਮਾ ਸੈਂਟਰ 'ਚ ਦਾਖ਼ਲ ਕਰਵਾਇਆ। ਟਰਾਮਾ ਸੈਂਟਰ 'ਚ ਡਾਕਟਰ ਨੇ ਚਾਰਾਂ ਕੁੜੀਆਂ ਨੂੰ ਮੁੱਢਲਾ ਇਲਾਜ ਦਿੱਤਾ। ਇਲਾਜ ਤੋਂ ਬਾਅਦ ਵੀ ਹਾਲਤ ਸਥਿਰ ਨਹੀਂ ਹੋਣ 'ਤੇ ਉਨ੍ਹਾਂ ਨੂੰ ਸ਼?ਰੀਗੰਗਾਨਗਰ ਭੇਜ ਦਿੱਤਾ ਗਿਆ। ਪੁਲਸ ਦੁਕਾਨ ਅਤੇ ਕੋਲਡ ਡਰਿੰਕ ਦੀ ਜਾਂਚ ਕਰਵਾ ਰਹੀ ਹੈ।

# ਪੰਜਾਬ 'ਚ ਇਨ੍ਹਾਂ ਮੁਲਾਜ਼ਮਾਂ 'ਤੇ ਸਖ਼ਤ ਕਾਰਵਾਈ, ਪੰਜ ਇਨਕਰੀਮੈਂਟ ਰੋਕਣ ਦੇ ਹੁਕਮ

ਤਰਨਤਾਰਨ 23 ਸਤੰਬਰ। ਕਾਂਗਰਸ ਦੇ ਕਾਰਜਕਾਲ ਦੌਰਾਨ ਸਥਾਨਕ ਨਗਰ ਕੌਂਸਲ ਤਰਨਤਾਰਨ ਵਿਖੇ ਕਰੋੜਾਂ ਰੁਪਏ ਦੇ ਘਪਲੇ ਨੂੰ ਲੈ ਕੇ ਜਿੱਥੇ ਵਿਜੀਲੈਂਸ ਵਿਭਾਗ ਵੱਲੋਂ ਇਸ ਦੀ ਜਾਂਚ ਕਰਦੇ ਹੋਏ ਬੀਤੇ ਸਮੇਂ ਵਿਚ ਉਸ ਸਮੇਂ ਦੇ ਕਾਰਜ ਸਾਧਕ ਅਫਸਰ ਸ਼ਰਨਜੀਤ ਕੌਰ ਤੋਂ ਇਲਾਵਾ ਕਲਰਕ ਨਰਿੰਦਰ ਦੇਵਗਨ ਅਤੇ ਇਕ ਹੋਰ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਉਥੇ ਹੀ ਹੁਣ ਇਸ ਮਾਮਲੇ ਵਿਚ ਸਖ਼ਤੀ ਨਾਲ ਜਾਂਚ ਕਰਨ ਤੋਂ ਬਾਅਦ ਸੈਕਟਰੀ ਲੋਕਲ ਬਾਡੀ ਵੱਲੋਂ ਕਾਰਜ ਸਾਧਕ ਅਫਸਰ ਸ਼ਰਨਜੀਤ ਕੌਰ ਨੂੰ ਨੌਕਰੀ ਤੋਂ ਪੱਕੇ ਤੌਰ ਉਪਰ ਟਰਮੀਨੇਟ ਕਰ ਦਿੱਤਾ ਗਿਆ ਹੈ ਜਦਕਿ ਕਲਰਕ ਨਰਿੰਦਰ ਦੀਆਂ ਪੰਜ ਇਨਕਰੀਮੈਂਟ ਉਪਰ ਰੋਕ ਲਗਾ ਦਿੱਤੀ ਗਈ ਹੈ। ਸਾਲ 2017 'ਚ ਸੱਤਾ ਵਿਚ ਆਈ ਕਾਂਗਰਸ ਪਾਰਟੀ ਦੌਰਾਨ ਵਿਧਾਨ ਸਭਾ ਹਲਕਾ ਤਰਨਤਾਰਨ ਤੋਂ ਕਾਂਗਰਸ ਪਾਰਟੀ ਦੇ ਵਿਧਾਇਕ ਰਹੇ ਡਾਕਟਰ ਧਰਮਬੀਰ ਅਗਨੀਹੋਤਰੀ ਵੱਲੋਂ ਜਿੱਥੇ ਹਲਕੇ ਵਿਚ ਵਿਕਾਸ ਕਰਵਾਏ ਗਏ ਸਨ, ਉਥੇ ਹੀ ਨਗਰ ਕੌਂਸਲ ਤਰਨਤਾਰਨ ਵਿਚ ਕਰੋੜਾਂ ਰੁਪਏ ਦਾ ਘਪਲਾ ਹੋਣ ਨਾਲ ਮਾਮਲਾ ਕਾਫੀ ਗਰਮਾ ਗਿਆ ਸੀ। ਨਗਰ ਕੌਂਸਲ ਤਰਨਤਾਰਨ ਦੀ



ਕਮਾਨ ਸੰਭਾਲਣ ਵਾਲੇ ਵਿਧਾਇਕ ਅਗਨੀਹੋਤਰੀ ਦੇ ਸਪੁੱਤਰ ਸੰਦੀਪ ਅਗਨੀਹੋਤਰੀ ਤੇ ਵੀ ਦੋਸ਼ ਲੱਗੇ ਸਨ ਜਿਸ ਦੇ ਸਬੰਧ ਵਿਚ ਵਿਜੀਲੈਂਸ ਵਿਭਾਗ ਵੱਲੋਂ ਇਸ ਮਾਮਲੇ ਦੀ ਮੌਜੂਦਾ ਸਰਕਾਰ ਦੌਰਾਨ ਜਾਂਚ ਵੀ ਕਰਵਾਈ ਗਈ। ਇਸ ਵਿਚ ਉਸ ਸਮੇਂ ਫਰਜ਼ੀ ਕੰਪਨੀਆਂ ਬਣਾ ਕੇ ਫਰਜ਼ੀ ਬਿੱਲ ਪਾਸ ਕਰਵਾਉਂਦੇ ਹੋਏ ਕਾਰਜ ਸਾਧਕ ਅਫਸਰ ਰਹਿ ਚੁੱਕੇ ਮੈਡਮ ਸ਼ਰਨਜੀਤ ਕੌਰ ਵੱਲੋਂ ਅਹਿਮ ਭੂਮਿਕਾ ਨਿਭਾਈ ਜਾਣੀ ਸਾਹਮਣੇ ਆਈ ਸੀ, ਜਿਸ ਵਿਚ ਕਲਰਕ ਰਾਜੀਵ ਕੁਮਾਰ, ਜਿਸ ਦਾ ਬੀਤੇ ਕੁਝ ਸਾਲ ਪਹਿਲਾਂ ਦਿਹਾਂਤ ਹੋ ਚੁੱਕਾ ਹੈ ਅਤੇ ਕਲਰਕ ਨਰਿੰਦਰ ਕੁਮਾਰ ਲੱਕੀ ਦੇਵਗਨ ਦੀ ਮਿਲੀ ਭੁਗਤ ਹੋਣ ਤੋਂ ਬਾਅਦ ਵਿਜੀਲੈਂਸ ਵੱਲੋਂ ਇਨ੍ਹਾਂ ਨੂੰ ਗ੍ਰਿਫਤਾਰ ਵੀ ਕੀਤਾ ਜਾ ਚੁੱਕਾ ਹੈ। ਇਸ ਸਬੰਧ ਵਿਚ ਲੋਕਲ ਬਾਡੀ ਵਿਭਾਗ ਵੱਲੋਂ ਵੱਖਰੇ ਤੌਰ ਉਪਰ ਇਸ ਦੀ ਜਾਂਚ ਲਗਾਤਾਰ ਜਾਰੀ ਸੀ। ਵਿਜੀਲੈਂਸ ਵਿਭਾਗ ਵੱਲੋਂ ਕੀਤੀ ਗਈ ਕਾਰਵਾਈ ਵਿਚ ਡਾਕਟਰ ਸੰਦੀਪ ਅਗਨੀਹੋਤਰੀ ਦੀ ਧਰਮ ਪਤਨੀ ਜੋਤੀ ਅਗਨੀਹੋਤਰੀ ਨੂੰ ਵੀ ਨਾਮਜ਼ਦ ਕਰ ਲਿਆ ਗਿਆ ਸੀ। ਲੋਕਲ ਬਾਡੀ ਵਿਭਾਗ ਪੰਜਾਬ ਦੇ ਸੈਕਟਰੀ ਘਨਸ਼ਾਮ ਥੋਰੀ ਵੱਲੋਂ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਦੇ ਹੋਏ ਜਿੱਥੇ ਕਾਰਜ ਸਾਧਕ ਅਫਸਰ ਰਹਿ ਚੁੱਕੇ ਮੈਡਮ ਸ਼ਰਨਜੀਤ ਕੌਰ ਨੂੰ ਨੌਕਰੀ ਤੋਂ ਪੱਕੇ ਤੌਰ ਉਪਰ ਟਰਮੀਨੇਟ ਕਰ ਦਿੱਤਾ ਗਿਆ ਹੈ, ਉਥੇ ਹੀ ਕਲਰਕ ਨਰਿੰਦਰ ਦੇਵਗਨ ਦੀਆਂ ਪੰਜ ਇਨਕਰੀਮੈਂਟਾਂ ਉਪਰ ਰੋਕ ਲਗਾ ਦਿੱਤੀ ਗਈ ਹੈ। ਵਿਭਾਗ ਵੱਲੋਂ ਲਏ ਗਏ ਇਸ ਸਖਤ ਫੈਸਲੇ ਤੋਂ ਬਾਅਦ ਕਰਮਚਾਰੀਆਂ ਵਿਚ ਇਸ ਗੱਲ ਨੂੰ ਲੈ ਕੇ ਕਾਫੀ ਚਰਚਾ ਬਣੀ ਹੋਈ ਹੈ।

# ਚੰਡੀਗੜ੍ਹ ਨਗਰ ਨਿਗਮ ਦੀ 22 ਨੂੰ ਹਾਊਸ ਬੈਠਕ, ਚੁਣਾਵੀ ਮਾਹੌਲ 'ਚ ਏਜੰਡੇ 'ਤੇ ਰਹੇਗੀ ਨਜ਼ਰ

**ਕੌਮੀ ਪਤ੍ਰਿਕਾ**

ਚੰਡੀਗੜ੍ਹ 23 ਸਤੰਬਰ। ਚੰਡੀਗੜ੍ਹ ਨਗਰ ਨਿਗਮ ਦੇ ਜਨਰਲ ਹਾਊਸ ਦੀ 365ਵੀਂ ਬੈਠਕ 23 ਸਤੰਬਰ ਨੂੰ ਹੋਵੇਗੀ। ਨਿਗਮ ਵੱਲੋਂ ਹਰ ਮਹੀਨੇ ਕੀਤੀ ਜਾਣ ਵਾਲੀ ਹਾਊਸ ਦੀ ਬੈਠਕ ਇਸ ਵਾਰ ਮੇਅਰ ਸੌਰਭ ਜੋਸ਼ੀ ਦੇ ਮੌਜੂਦਾ ਕਾਰਜਕਾਲ ਦੀਆਂ ਅਹਿਮ ਬੈਠਕਾਂ ਵਿੱਚੋਂ ਇੱਕ ਹੋਵੇਗੀ। ਹਾਲਾਂਕਿ ਅਗਲੇ ਮਹੀਨੇ ਵੀ ਹਾਊਸ ਦੀ ਮਾਸਿਕ ਬੈਠਕ ਹੋ ਸਕਦੀ ਹੈ ਪਰ ਮੌਜੂਦਾ ਹਾਊਸ ਦੀ ਮਿਆਦ ਅਤੇ ਆਉਣ ਵਾਲੀਆਂ ਨਿਗਮ ਚੋਣਾਂ ਦੇ ਮੱਦੇਨਜ਼ਰ 23 ਸਤੰਬਰ ਦੀ ਬੈਠਕ 'ਤੇ ਸਿਆਸੀ ਨਜ਼ਰਾਂ ਰਹਿਣਗੀਆਂ। ਨਿਗਮ ਸਕੱਤਰ ਵੱਲੋਂ ਜਾਰੀ ਨੋਟਿਸ ਮੁਤਾਬਕ ਬੈਠਕ 23 ਸਤੰਬਰ ਨੂੰ ਸਵੇਰੇ 11 ਵਜੇ ਨਿਗਮ ਭਵਨ ਦੇ ਅਸੈਂਬਲੀ ਹਾਲ ਵਿੱਚ ਹੋਵੇਗੀ। ਇਸ ਵਿੱਚ ਚੰਡੀਗੜ੍ਹ ਦੇ ਸੰਸਦ ਮੈਂਬਰ ਸਮੇਤ ਸਾਰੇ ਕੌਂਸਲਰਾਂ ਨੂੰ ਸੱਦਾ ਦਿੱਤਾ ਗਿਆ ਹੈ। ਹਾਊਸ ਦਾ ਵਿਸਤ੍ਰਿਤ ਏਜੰਡਾ ਵੱਖਰੇ ਤੌਰ 'ਤੇ ਜਾਰੀ ਕੀਤਾ ਜਾਵੇਗਾ। ਵਾਰਡ ਰਿਜ਼ਰਵੇਸ਼ਨ ਦਾ ਡਰਾਅ ਹੋਣ ਤੋਂ ਬਾਅਦ ਕੌਂਸਲਰਾਂ ਦੀ ਸਿਆਸੀ ਸਥਿਤੀ ਵੀ ਬਦਲੀ ਹੈ।




ਕਈ ਕੌਂਸਲਰਾਂ ਦੇ ਮੌਜੂਦਾ ਵਾਰਡ ਰਿਜ਼ਰਵ ਹੋਣ ਕਾਰਨ ਉਨ੍ਹਾਂ ਨੂੰ ਅਗਲੀ ਚੋਣ ਲਈ ਨਵੇਂ ਸਿਆਸੀ ਸਮੀਕਰਨ ਬਣਾਉਣੇ ਪੈਣਗੇ। ਇਸ ਦੇ ਚੱਲਦਿਆਂ ਹਾਊਸ ਵਿੱਚ ਚਰਚਾ ਹੋਣ ਵਾਲੇ ਮੁੱਦਿਆਂ ਨੂੰ ਵੀ ਸਿਆਸੀ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ। ਆਉਣ ਵਾਲੀਆਂ ਨਗਰ ਨਿਗਮ ਚੋਣਾਂ ਨੂੰ ਦੇਖਦਿਆਂ ਭਾਜਪਾ ਵੱਲੋਂ ਹਾਊਸ ਦੀ ਇਸ ਬੈਠਕ 'ਚ ਅਜਿਹੇ ਮੁੱਦੇ ਜਾਂ ਏਜੰਡੇ ਸਾਹਮਣੇ ਲਿਆਂਦੇ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਰਾਹੀਂ ਸ਼ਹਿਰ ਦੇ ਵੋਟਰਾਂ ਨੂੰ ਆਪਣੇ ਹੱਕ ਵਿੱਚ ਰਾਜ਼ੀ ਕਰਨ ਦਾ ਸਿਆਸੀ ਸੁਨੇਹਾ ਦਿੱਤਾ ਜਾ ਸਕੇ। ਦੂਜੇ ਪਾਸੇ ਵਿਰੋਧੀ ਧਿਰਾਂ ਵੀ ਅਜਿਹੇ ਮੁੱਦਿਆਂ 'ਤੇ ਭਾਜਪਾ ਨੂੰ ਘੇਰਨ ਦੀ ਕੋਸ਼ਿਸ਼ ਕਰ ਸਕਦੀਆਂ ਹਨ। ਇਸ ਕਰਕੇ ਏਜੰਡਾ ਸਾਹਮਣੇ ਆਉਣ ਤੋਂ ਬਾਅਦ ਹਾਊਸ ਦੀ ਬੈਠਕ 'ਚ ਸਿਆਸੀ ਗਰਮੀ ਵਧਣ ਦੇ ਆਸਾਰ ਹਨ। ਇਸ ਤੋਂ ਪਹਿਲਾਂ ਨਗਰ ਨਿਗਮ ਦੀ ਵਿੱਤ ਤੇ ਠੇਕਾ ਕਮੇਟੀ (ਐੱਫ. ਐਂਡ. ਸੀ. ਸੀ.) ਦੀ 365ਵੀਂ ਮੁਲਤਵੀ ਬੈਠਕ 23 ਸਤੰਬਰ ਨੂੰ ਸਵੇਰੇ 11.30 ਵਜੇ ਨਿਗਮ ਦਫ਼ਤਰ ਦੇ ਕਾਨਫਰੰਸ ਹਾਲ 'ਚ ਹੋਵੇਗੀ। ਬੈਠਕ 'ਚ ਕਮੇਟੀ ਮੈਂਬਰ ਹਰਜੀਤ ਸਿੰਘ, ਜਸਬੀਰ ਸਿੰਘ, ਕੰਵਰਜੀਤ ਸਿੰਘ, ਰਜਿੰਦਰ ਕੁਮਾਰ ਸ਼ਰਮਾ ਅਤੇ ਯੋਗੇਸ਼ ਢੀਂਗਰਾ ਸ਼ਾਮਲ ਹੋਣਗੇ। ਇਸ 'ਚ ਪਿਛਲੀ ਬੈਠਕ ਤੋਂ ਰਹਿ ਗਏ ਏਜੰਡੇ 'ਤੇ ਕਾਰਵਾਈ ਅੱਗੇ ਵਧਾਈ ਜਾਵੇਗੀ।

# ਸਸਤਾ ਹੋ ਗਿਆ ਪਿਆਜ਼, ਸਰਕਾਰ ਦੇ ਬਫਰ ਸਟਾਕ ਨਾਲ ਥੋਕ ਭਾਅ 9 ਦਿਨਾਂ 'ਚ 9 ਫ਼ੀਸਦੀ ਘਟੇ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 23 ਸਤੰਬਰ। ਤਿਉਹਾਰਾਂ ਤੋਂ ਪਹਿਲਾਂ ਪਿਆਜ਼ ਦੀਆਂ ਘਟ ਰਹੀਆਂ ਕੀਮਤਾਂ ਨਾਲ ਜਨਤਾ ਨੂੰ ਵੱਡੀ ਰਾਹਤ ਮਿਲੀ ਹੈ। ਇਸ ਦੇ ਪਿੱਛੇ ਮੰਡੀਆਂ 'ਚ ਪਿਆਜ਼ ਦੀ ਵਧਦੀ ਆਮਦ ਹੈ। ਸਰਕਾਰ ਨੇ ਆਪਣੇ ਬਫਰ ਸਟਾਕ 'ਚੋਂ ਪਿਆਜ਼ ਉਤਾਰ ਕੇ ਕੀਮਤਾਂ ਨੂੰ ਘੱਟ ਕਰਨ 'ਚ ਕਾਫੀ ਮਦਦ ਕੀਤੀ ਹੈ। ਖਪਤਕਾਰ ਮਾਮਲਿਆਂ ਦੀ ਸਕੱਤਰ ਨਿਧੀ ਖਰੇ ਨੇ ਕਿਹਾ ਕਿ ਪਿਆਜ਼ ਦੀ ਉਪਲੱਬਧਤਾ ਸੰਤੋਸ਼ਜਨਕ ਹੈ ਅਤੇ ਆਉਣ ਵਾਲੇ ਮਹੀਨਿਆਂ 'ਚ ਸਪਲਾਈ 'ਚ ਹੋਰ ਸੁਧਾਰ ਹੋਣ ਦੀ ਉਮੀਦ ਹੈ। ਸਰਕਾਰੀ ਅੰਕੜਿਆਂ ਮੁਤਾਬਕ 2 ਸਤੰਬਰ ਤੋਂ 11 ਸਤੰਬਰ ਦੇ ਵਿਚਾਲੇ ਪਿਆਜ਼ ਦੀ ਆਲ ਇੰਡੀਆ ਔਸਤ ਮਾਡਲ ਕੀਮਤ 9.1 ਫੀਸਦੀ ਘਟ ਕੇ 3,721 ਰੁਪਏ ਪ੍ਰਤੀ ਕੁਇੰਟਲ ਤੋਂ 3,383 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਭਾਰਤੀ ਰਾਸ਼ਟਰੀ ਸਹਿਕਾਰੀ ਖਪਤਕਾਰ ਮਹਾਸੰਘ (ਐੱਨ. ਸੀ. ਸੀ. ਐੱਫ.) ਅਤੇ ਭਾਰਤੀ ਰਾਸ਼ਟਰੀ ਖੇਤੀਬਾੜੀ ਸਹਿਕਾਰੀ ਮਾਰਕੀਟਿੰਗ ਮਹਾਸੰਘ (ਨਾਫੇਡ) ਵਰਗੀਆਂ ਸਰਕਾਰੀ ਏਜੰਸੀਆਂ ਰਾਹੀਂ ਮੋਬਾਈਲ ਵੈਨਾਂ ਅਤੇ ਪ੍ਰਚੂਨ ਦੁਕਾਨਾਂ 'ਤੇ ਪਿਆਜ਼ 35 ਰੁਪਏ ਪ੍ਰਤੀ ਕਿਲੋ ਦੀ ਦਰ ਨਾਲ ਵੇਚਿਆ ਜਾ ਰਿਹਾ ਹੈ। ਇੰਨਾ ਹੀ ਨਹੀਂ, ਵੱਧ ਖਪਤ ਵਾਲੇ ਸ਼ਹਿਰਾਂ 'ਚ ਸਪਲਾਈ ਤੇਜ਼ੀ ਨਾਲ ਵਧਾਉਣ ਦੇ ਮਕਸਦ ਨਾਲ ਵਿਸ਼ੇਸ਼ 'ਕਾਂਦਾ ਐਕਸਪ੍ਰੈੱਸ' ਟ?ਰੇਨਾਂ ਅਤੇ ਸੜਕ ਮਾਰਗ ਦਾ ਸਹਿਯੋਗ ਲਿਆ ਜਾ ਰਿਹਾ ਹੈ। ਇਨ੍ਹਾਂ ਰਾਹੀਂ ਹੁਣ ਤੱਕ ਕਰੀਬ 9,200 ਮੀਟ੍ਰਿਕ ਟਨ ਪਿਆਜ਼ ਭੇਜਿਆ ਜਾ ਚੁੱਕਾ ਹੈ। ਮੰਡੀਆਂ 'ਚ ਪਿਆਜ਼ ਦੀ ਆਮਦ ਵੀ ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਰਹੀ ਹੈ। 2 ਅਪ੍ਰੈਲ ਤੋਂ 11 ਸਤੰਬਰ ਦੇ ਵਿਚਾਲੇ ਦੇਸ਼ ਭਰ ਦੀਆਂ ਮੰਡੀਆਂ 'ਚ ਲੱਗਭਗ 85.06 ਲੱਖ ਮੀਟ੍ਰਿਕ ਟਨ (ਐੱਲ. ਐੱਮ. ਟੀ.) ਪਿਆਜ਼ ਦੀ ਸਪਲਾਈ ਕੀਤੀ ਜਾ ਚੁੱਕੀ ਹੈ। ਇਹ ਪਿਛਲੇ ਸਾਲ ਦੀ ਇਸੇ ਮਿਆਦ ਦੇ 82.48 ਐੱਲ. ਐੱਮ. ਟੀ. ਦੇ ਮੁਕਾਬਲੇ 3.14 ਫੀਸਦੀ



ਵੱਧ ਹੈ। ਮਹਾਰਾਸ਼ਟਰ ਵਰਗੇ ਪਿਆਜ਼ ਪੈਦਾ ਕਰਨ ਵਾਲੇ ਮੁੱਖ ਸੂਬੇ 'ਚ ਇਸ ਦੌਰਾਨ ਮੰਡੀ 'ਚ ਔਸਤ ਕੀਮਤ 4,011 ਰੁਪਏ ਪ੍ਰਤੀ ਕੁਇੰਟਲ ਤੋਂ ਘਟ ਕੇ 3,842 ਰੁਪਏ ਪ੍ਰਤੀ ਕੁਇੰਟਲ ਹੋ ਗਈ, ਜੋ ਲੱਗਭਗ 4.2 ਫੀਸਦੀ ਦੀ ਗਿਰਾਵਟ ਹੈ। ਸਰਕਾਰ ਦਾ ਵੀ ਕਹਿਣਾ ਹੈ ਕਿ ਦੇਸ਼ 'ਚ ਇਸ ਵੇਲੇ ਪਿਆਜ਼ ਦੀ ਉਪਲੱਬਧਤਾ ਅਜੇ ਚੰਗੀ ਸਥਿਤੀ 'ਚ ਹੈ। ਉਮੀਦ ਹੈ ਕਿ ਸਾਉਣੀ ਅਤੇ ਲੇਟ-ਸਾਉਣੀ ਫਸਲਾਂ ਦਾ ਉਤਪਾਦਨ ਚੰਗਾ ਰਹੇਗਾ, ਜਿਸ ਨਾਲ ਆਉਣ ਵਾਲੇ ਮਹੀਨਿਆਂ 'ਚ ਸਪਲਾਈ ਹੋਰ ਵਧ ਸਕਦੀ ਹੈ। ਸਰਕਾਰ ਦੇ ਚਲਾਏ ਜਾ ਰਹੇ ਯਤਨਾਂ ਦਾ ਅਸਰ ਥੋਕ ਮੰਡੀਆਂ ਦੇ ਨਾਲ-ਨਾਲ ਆਮ ਪ੍ਰਚੂਨ ਬਾਜ਼ਾਰਾਂ 'ਚ ਵੀ ਜਲਦੀ ਦੇਖੇ ਜਾਣ ਦੀ ਉਮੀਦ ਹੈ। ਉਮੀਦ ਹੈ ਕਿ ਅਗਲੇ 1 ਤੋਂ 2 ਹਫਤਿਆਂ 'ਚ ਪਿਆਜ਼ ਦੀਆਂ ਕੀਮਤਾਂ 'ਚ 5 ਤੋਂ 10 ਰੁਪਏ ਪ੍ਰਤੀ ਕਿਲੋ ਦੀ ਗਿਰਾਵਟ ਆਵੇ। ਕਿਉਂਕਿ ਇਸ ਸਾਲ ਭਾਰੀ ਮੀਂਹ ਦੌਰਾਨ ਮਹਾਰਾਸ਼ਟਰ ਅਤੇ ਮੱਧ ਪ੍ਰਦੇਸ਼ ਵਰਗੇ ਉਤਪਾਦਕ ਸੂਬਿਆਂ 'ਚ ਨਵੀਂ ਸਾਉਣੀ ਫਸਲ ਦੀ ਕਟਾਈ 'ਚ ਲੱਗਭਗ 3-4 ਹਫਤਿਆਂ ਦੀ ਦੇਰੀ ਹੋਈ, ਇਸ ਲਈ ਬਾਜ਼ਾਰ 'ਚ ਨਵੀਂ ਫਸਲ ਦੀ ਆਮਦ ਅਕਤੂਬਰ ਦੇ ਆਖਰੀ ਹਫਤੇ ਜਾਂ ਨਵੰਬਰ ਦੀ ਸ਼ੁਰੂਆਤ 'ਚ ਤੇਜ਼ੀ ਨਾਲ ਵਧੇਗੀ। ਜਿਵੇਂ ਹੀ ਮੰਡੀਆਂ 'ਚ ਸਪਲਾਈ ਵਧੇਗੀ, ਭਾਅ ਡਿੱਗਦੇ ਜਾਣਗੇ।

# ਮੁੜ ਸ਼ੱਕ ਦੇ ਘੇਰੇ 'ਚ ਮਸ਼ਹੂਰ ਕੰਪਨੀ ਦੇ ਮਸਾਲੇ, ਸ਼ੁੱਧਤਾ ਨੂੰ ਲੈ ਕੇ ਖੜ੍ਹੇ ਹੋ ਰਹੇ ਗੰਭੀਰ ਸਵਾਲ

ਬਿਜ਼ਨੈੱਸ ਡੈਸਕ 23 ਸਤੰਬਰ। ਤਿਉਹਾਰਾਂ ਤੋਂ ਪਹਿਲਾਂ ਦੇਸ਼ ਭਰ ਵਿਚ ਭੋਜਨ ਪਦਾਰਥਾਂ ਦੀ ਸਾਫ਼-ਸਫਾਈ ਅਤੇ ਰੱਖ-ਰਖਾਅ ਨੂੰ ਲੈ ਕੇ ਆਮ ਲੋਕਾਂ ਵਿਚ ਸਾਵਧਾਨੀ ਵਧ ਗਈ ਹੈ। ਇਸ ਮੁਹਿੰਮ ਦਰਮਿਆਨ ਹਰ ਘਰ ਵਿਚ ਮਿਲਣ ਵਾਲੇ ਮਸਾਲਿਆਂ ਦੀ ਸ਼ੁੱਧਤਾ ਨੂੰ ਲੈ ਕੇ ਵੀ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਇਕ



ਸੁਤੰਤਰ ਪ੍ਰਯੋਗਸ਼ਾਲਾ ਵਿਚ ਕੀਤੇ ਗਏ ਟੈਸਟਾਂ ਵਿੱਚ MDH ਗਰਮ ਮਸਾਲਾ ਦੇ ਨਮੂਨਿਆਂ 'ਚ 5 ਕੀਟਨਾਸ਼ਕ ਅਤੇ ਕਿਚਨ ਕਿੰਗ ਮਸਾਲਾ ਦੇ ਨਮੂਨਿਆਂ 'ਚ 3 ਕੀਟਨਾਸ਼ਕ FSSAI ਦੁਆਰਾ ਨਿਰਧਾਰਤ ਵੱਧ ਤੋਂ ਵੱਧ ਸੀਮਾ ਤੋਂ ਵੱਧ ਪਾਏ ਗਏ ਹਨ। ਦੀਪਕ ਮੁਤਾਬਕ ਉਹ $48 ਮਸਾਲਿਆਂ ਦੀ ਜਾਂਚ ਕਰਨ ਲਈ 28,000 ਰੁਪਏ ਖਰਚ ਕਰ ਚੁੱਕੇ ਹਨ। ਉਸ ਨੇ ਕਿਹਾ ਮੈਨੂੰ ਰਿਫੰਡ ਨਹੀਂ ਚਾਹੀਦਾ—ਮੈਂ ਸਿਰਫ਼ $48 ਤੋਂ ਸਪੱਸ਼ਟਤਾ ਚਾਹੁੰਦਾ ਹਾਂ ਕਿ ਇਹਨਾਂ ਟੈਸਟ ਕੀਤੇ ਨਮੂਨਿਆਂ ਵਿਚ ਕੀਟਨਾਸ਼ਕ ਸੀਮਾ ਤੋਂ ਪਾਰ ਕਿਉਂ ਹਨ। ਵੀਡੀਓ ਜਾਰੀ ਕਰਕੇ ਦੀਪਕ ਨੇ ਸਵਾਲ ਪੁੱਛਿਆ ਹੈ ਕਿ ਇਹ ਨਤੀਜੇ ਇੱਕ ਖਾਸ ਬੈਚ ਤੋਂ ਹਨ ਅਤੇ ਕੀ ਸਾਨੂੰ ਸੱਚ ਦੇਖਣ ਲਈ ਇੱਕ ਨਵੇਂ ਬੈਚ ਦੀ ਦੁਬਾਰਾ ਜਾਂਚ ਕਰਨੀ ਚਾਹੀਦੀ ਹੈ ਕਿ ਇਹੀ ਸਮੱਸਿਆ ਆਉਂਦੀ ਹੈ? ਟਰੱਸਟੀਫਾਈਡ ਲੈਬ ਰਿਪੋਰਟ ਅਨੁਸਾਰ, ਟੈਸਟ ਕੀਤੇ ਗਏ ਖਾਸ ਬੈਚਾਂ ਵਿੱਚ ਕੀਟਨਾਸ਼ਕਾਂ ਦਾ ਪੱਧਰ ਨਿਰਧਾਰਤ ਮਾਪਦੰਡਾਂ ਤੋਂ ਵੱਧ ਸੀ। ਇਸ ਤੋਂ ਪਹਿਲਾਂ, ਰਾਜਸਥਾਨ ਦੇ ਸਿਹਤ ਵਿਭਾਗ ਦੁਆਰਾ ਕੀਤੀ ਗਈ ਇੱਕ ਜਾਂਚ ਵਿੱਚ $48 ਅਤੇ ਐਵਰੈਸਟ ਦੇ ਕੁਝ ਮਸਾਲਿਆਂ ਵਿੱਚ ਟ?ਰਾਈਸਾਈਕਲਾਜ਼ੋਲ ਅਤੇ ਪ੍ਰੋਫੇਨੋਫੋਸ ਵਰਗੇ ਕੀਟਨਾਸ਼ਕਾਂ ਦੀ ਮੌਜੂਦਗੀ ਦਾ ਵੀ ਖੁਲਾਸਾ ਹੋਇਆ ਸੀ। ਕੁਝ ਨਮੂਨਿਆਂ ਵਿੱਚ ਸੂਖਮ ਜੀਵ ਵਿਗਿਆਨਿਕ ਮਾਪਦੰਡ (ਜਿਵੇਂ ਕਿ ਐਂਟਰੋਬੈਕਟੀਰੀਆਸੀ) ਵੀ ਨਿਰਧਾਰਤ ਸੀਮਾਵਾਂ ਤੋਂ ਵੱਧ ਪਾਏ ਗਏ ਸਨ। ਹਾਲਾਂਕਿ ਕੁਝ ਸੁਤੰਤਰ ਜਾਂਚਕਰਤਾਵਾਂ ਨੇ ਸਪੱਸ਼ਟ ਕੀਤਾ ਕਿ ਗਰਮ ਮਸਾਲਾ ਦੇ ਕੁਝ ਹਾਲੀਆ ਬੈਚਾਂ ਵਿੱਚ ਬੈਕਟੀਰੀਆ ਕੰਟਰੋਲ ਵਿੱਚ ਸਨ ਪਰ ਕੀਟਨਾਸ਼ਕ ਅਜੇ ਵੀ ਉੱਚੇ ਸਨ। 2024 ਦੇ ਸ਼ੁਰੂ ਵਿੱਚ, ਜਦੋਂ ਹਾਂਗ ਕਾਂਗ ਅਤੇ ਸਿੰਗਾਪੁਰ ਨੇ ਈਥੀਲੀਨ ਆਕਸਾਈਡ ਕਾਰਨ ਭਾਰਤੀ ਮਸਾਲਿਆਂ ਬਾਰੇ ਸਵਾਲ ਖੜ੍ਹੇ ਹੋਏ ਸਨ। ਬਾਅਦ ਵਿਚ FSSAI ਦੀ ਦੇਸ਼ ਵਿਆਪੀ ਜਾਂਚ ਵਿਚ ਜ਼ਿਆਦਾਤਰ ਘਰੇਲੂ ਨਮੂਨੇ ਈਟੋ-ਮੁਕਤ ਪਾਏ ਸਨ।

## ਪੰਜਾਬ 'ਚ ਵੱਡੀ ਵਾਰਦਾਤ ! ਘਰ 'ਚ ਵੜ ਕੇ ਟੱਬਰ ਦੇ ਮੂਹਰੇ ਹੀ ਮਾਰ'ਤਾ ਮੁੰਡਾ

ਮਾਲੇਰਕੋਟਲਾ 23 ਸਤੰਬਰ। ਸਥਾਨਕ ਗੋਬਿੰਦ ਨਗਰ ਦੀ ਗਲੀ ਨੰਬਰ-13 'ਚ ਰੰਜਿਸ਼ਨ ਕੁਝ ਵਿਅਕਤੀਆਂ ਵੱਲੋਂ ਇਕ ਘਰ 'ਚ ਦਾਖਲ ਹੋ ਕੇ ਤੇਜ਼ਧਾਰ ਹਥਿਆਰਾਂ ਅਤੇ ਇੱਟਾਂ-ਰੋੜਿਆਂ ਨਾਲ ਜਾਨਲੇਵਾ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਖ਼ੂਨੀ ਝੜਪ 'ਚ ਘਰ ਦਾ ਮਾਲਕ ਅਨਿਲ ਪ੍ਰਸਾਦ, ਉਸ ਦਾ ਭਰਾ ਸੰਦੀਪ ਪ੍ਰਸਾਦ ਅਤੇ ਦੋ ਭਤੀਜੇ ਆਕਾਸ਼ ਕੁਮਾਰ (17) ਤੇ ਰੋਹਿਤ ਕੁਮਾਰ ਗੰਭੀਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਤੁਰੰਤ ਸਿਵਲ ਹਸਪਤਾਲ ਮਾਲੇਰਕੋਟਲਾ ਲਿਜਾਇਆ ਗਿਆ, ਜਿੱਥੇ ਆਕਾਸ਼ ਕੁਮਾਰ ਦੀ ਇਲਾਜ ਦੌਰਾਨ ਮੌਤ ਹੋ ਗਈ। ਦੂਜੇ ਪਾਸੇ ਰੋਹਿਤ ਕੁਮਾਰ ਦੀ ਨਾਜ਼ੁਕ ਹਾਲਤ ਨੂੰ ਦੇਖਦਿਆਂ ਡਾਕਟਰਾਂ ਨੇ ਉਸ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਲਈ ਰੈਫਰ ਕਰ ਦਿੱਤਾ ਹੈ। ਸ਼ਿਕਾਇਤਕਰਤਾ ਅਨਿਲ ਪ੍ਰਸਾਦ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਘਰ 'ਚ ਮੌਜੂਦ ਸੀ। ਇਸ ਦੌਰਾਨ ਗਲੀ 'ਚ ਕੁਝ ਨੌਜਵਾਨ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਹੁਲੜਬਾਜ਼ੀ ਅਤੇ ਗਾਲੀ-ਗਲੋਚ ਕਰ ਰਹੇ ਸਨ। ਜਦੋਂ ਪਰਿਵਾਰਕ ਮੈਂਬਰਾਂ ਨੇ ਬਾਹਰ ਆ ਕੇ ਉਨ੍ਹਾਂ ਨੂੰ ਰੋਕਿਆ ਅਤੇ ਸਮਝਾਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਤੈਸ਼ 'ਚ ਆ ਗਏ ਅਤੇ ਆਪਣੇ ਹੋਰ ਹਥਿਆਰਬੰਦ ਸਾਥੀਆਂ ਨੂੰ ਨਾਲ ਲੈ ਕੇ ਜ਼ਬਰਦਸਤੀ ਘਰ ਅੰਦਰ ਦਾਖ਼ਲ ਹੋ ਗਏ। ਸ਼ਿਕਾਇਤਕਰਤਾ ਅਨੁਸਾਰ ਮੁਲਜ਼ਮ ਸੁਰਿੰਦਰ ਕੁਮਾਰ ਉਰਫ਼ ਸ਼ਿਵਾ ਕੋਲ ਕ੍ਰਿਪਾਨ ਵਰਗਾ ਤੇਜ਼ਧਾਰ ਹਥਿਆਰ ਸੀ। ਉਸ ਨਾਲ ਕੁਲਦੀਪ ਸਿੰਘ ਉਰਫ਼ ਕੁੱਲੀ, ਪਵਨ ਕੁਮਾਰ ਉਰਫ਼ ਲੱਡੂ, ਸੋਨੀ, ਹਮਜ਼ਾ, ਸਾਹਿਲ ਉਰਫ਼ ਕੱਛੂ ਅਤੇ ਸੁਟਰ ਸਮੇਤ ਕਈ ਹੋਰ ਅਣਪਛਾਤੇ ਵਿਅਕਤੀਆਂ ਨੇ ਦਾਤਰਾਂ, ਤਲਵਾਰਾਂ ਅਤੇ ਇੱਟਾਂ-ਰੋੜਿਆਂ ਨਾਲ ਪਰਿਵਾਰ 'ਤੇ ਹਮਲਾ ਕਰ ਦਿੱਤਾ। ਰੌਲਾ ਸੁਣ ਕੇ ਗੁਆਂਢੀ ਸੁਨੀਲ ਕੁਮਾਰ ਅਤੇ ਇਮਰਾਨ ਮੌਕੇ 'ਤੇ ਪਹੁੰਚੇ, ਜਿਨ੍ਹਾਂ ਨੂੰ ਦੇਖ ਕੇ ਹਮਲਾਵਰ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਫ਼ਰਾਰ ਹੋ ਗਏ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਿਟੀ-1 ਮਾਲੇਰਕੋਟਲਾ ਦੀ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਨੰਬਰ 0215 ਦਰਜ ਕਰ ਲਿਆ ਹੈ।

# 17 ਸਾਲਾ ਭੈਣ ਨੇ ਕੈਂਸਰ ਪੀੜਤ 10 ਸਾਲਾ ਭਰਾ ਦੀ ਬਚਾਈ ਜ਼ਿੰਦਗੀ

**ਕੌਮੀ ਪਤ੍ਰਿਕਾ**

ਨਵਾਂ ਚੰਡੀਗੜ੍ਹ 23 ਸਤੰਬਰ। ਬਲੱਡ ਕੈਂਸਰ (ਲੂਕੇਮੀਆ) ਨਾਲ ਜੂਝ ਰਹੇ 10 ਸਾਲਾ ਭਰਾ ਨੂੰ 17 ਸਾਲਾਂ ਦੀ ਭੈਣ ਨੇ ਆਪਣੇ ਸਟੈਮ ਸੈੱਲ ਦਾਨ ਕਰਕੇ ਉਸ ਨੂੰ ਨਵਾਂ ਜੀਵਨ ਦਿੱਤਾ। ਇਸ ਦੇ ਨਾਲ ਹੀ ਨਵਾਂ ਚੰਡੀਗੜ੍ਹ ਸਥਿਤ ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਰਿਸਰਚ ਸੈਂਟਰ 'ਚ ਪਹਿਲਾ ਸਫ਼ਲ ਐਲੋਜੇਨਿਕ ਬੋਨ ਮੈਰੋ ਟਰਾਂਸਪਲਾਂਟ ਕੀਤਾ ਗਿਆ। ਪੱਛਮੀ ਬੰਗਾਲ ਦੇ ਦੁਰਗਾਪੁਰ ਦਾ ਰਹਿਣ ਵਾਲਾ 10 ਸਾਲਾ ਬੱਚਾ ਇਸ ਸਾਲ ਅਪ੍ਰੈਲ 'ਚ ਐਕਿਊਟ ਲਿਮਫੋਬਲਾਸਟਿਕ ਲੂਕੀਮਿਆ ਦੇ ਦੂਜੇ ਰਿਲੈਪਸ (ਬਿਮਾਰੀ ਦੇ ਮੁੜ ਉਭਰਨ) ਤੋਂ ਪੀੜਤ ਪਾਇਆ ਗਿਆ ਸੀ। ਪਰਿਵਾਰ ਉਸਦਾ ਇਲਾਜ ਜਾਰੀ ਰੱਖਣ ਲਈ ਪੰਜਾਬ ਆਇਆ ਅਤੇ ਪਰਮਾਣੂ ਊਰਜਾ ਵਿਭਾਗ (ਭਾਰਤ ਸਰਕਾਰ) ਅਧੀਨ ਟਾਟਾ ਮੈਮੋਰੀਅਲ ਸੈਂਟਰ ਦੀ ਇਕਾਈ ਹੋਮੀ ਭਾਬਾ ਕੈਂਸਰ ਹਸਪਤਾਲ ਅਤੇ ਰਿਸਰਚ ਸੈਂਟਰ ਵਿਖੇ ਦਾਖ਼ਲ ਹੋਇਆ। ਤੀਬਰ ਕੀਮੋਥੈਰੇਪੀ ਤੋਂ ਬਾਅਦ ਉਹ ਠੀਕ ਹੋ ਗਿਆ। ਹਾਲਾਂਕਿ ਬੀਮਾਰੀ ਦੇ ਵਾਪਸ ਆਉਣ ਦੇ ਵੱਡੇ ਖ਼ਤਰੇ ਨੂੰ ਦੇਖਦਿਆਂ ਸਭ ਤੋਂ ਵਧੀਆ ਇਲਾਜ ਵਜੋਂ ਇੱਕ ਐਲੋਜੇਨਿਕ ਸਟੈਮ ਸੈੱਲ ਟਰਾਂਸਪਲਾਂਟ ਦੀ ਸਿਫਾਰਸ਼ ਕੀਤੀ ਗਈ ਸੀ। ਐਲੋਜੇਨਿਕ ਬੋਨ ਮੈਰੋ ਟਰਾਂਸਪਲਾਂਟ, ਜਿਸਨੂੰ ਸਟੈਮ ਸੈੱਲ ਟਰਾਂਸਪਲਾਂਟ ਵੀ ਕਿਹਾ ਜਾਂਦਾ ਹੈ, ਇੱਕ ਅਜਿਹਾ ਇਲਾਜ ਹੈ ਜਿਸ 'ਚ ਮਰੀਜ਼ ਦੀ ਬੀਮਾਰ ਖ਼ੂਨ-ਨਿਰਮਾਣ ਪ੍ਰਣਾਲੀ (ਬੋਨ ਮੈਰੋ) ਨੂੰ ਕਿਸੇ ਹੋਰ ਵਿਅਕਤੀ ਤੋਂ ਪ੍ਰਾਪਤ ਤੰਦਰੁਸਤ ਖ਼ੂਨ-ਨਿਰਮਾਣ ਸਟੈਮ ਸੈੱਲਾਂ ਨਾਲ ਬਦਲ ਦਿੱਤਾ ਜਾਂਦਾ ਹੈ। ਪੀਡੀਆਟ੍ਰਿਕ ਹੇਮਾਟੋਲੋਜਿਸਟ-ਆਨਕੋਲੋਜਿਸਟ ਅਤੇ ਬੀ. ਐੱਮ. ਟੀ. ਡਾਕਟਰ, ਡਾ. ਜਸਮੀਤ ਸਿੱਧੂ ਨੇ ਕਿਹਾ ਕਿ ਵਿਸਤ੍ਰਿਤ ਡੋਨਰ ਮੁਲਾਂਕਣ ਤੋਂ ਬਾਅਦ ਮਰੀਜ਼ ਦੀ ਵੱਡੀ ਭੈਣ ਨੂੰ ਸਭ ਤੋਂ ਢੁੱਕਵੇਂ ਡੋਨਰ ਵਜੋਂ ਪਛਾਣਿਆ ਗਿਆ। ਉਸਦੇ ਸਟੈਮ ਸੈੱਲ ਇਕੱਠੇ ਕੀਤੇ



ਗਏ ਅਤੇ ਇੱਕ ਨਾੜੀ ਰਾਹੀਂ ਉਸਦੇ ਭਰਾ 'ਚ ਪਹੁੰਚਾਏ ਗਏ। ਟਰਾਂਸਪਲਾਂਟ ਕੀਤੇ ਸੈੱਲ ਸਫ਼ਲਤਾ ਪੂਰਵਕ ਸਥਾਪਤ ਹੋ ਗਏ ਅਤੇ ਨੇੜਿਓਂ ਨਿਗਰਾਨੀ ਅਤੇ ਦੇਖਭਾਲ ਤੋਂ ਬਾਅਦ ਬੱਚਾ ਹੁਣ ਤੰਦਰੁਸਤ ਹੈ ਅਤੇ ਮੰਗਲਵਾਰ ਨੂੰ ਚੰਗੀ ਸਿਹਤ 'ਚ ਹਸਪਤਾਲ ਤੋਂ ਛੁੱਟੀ ਪਾ ਚੁੱਕਾ ਹੈ। ਡਾਕਟਰ ਨੇ ਕਿਹਾ ਕਿ ਅਸੀਂ ਟਰਾਂਸਪਲਾਂਟ ਤੋਂ ਬਾਅਦ ਦੇ ਸਮੇਂ 'ਚ ਵੀ ਉਸਦੀ ਨੇੜਿਓਂ ਨਿਗਰਾਨੀ ਕਰਦੇ ਰਹਾਂਗੇ। ਮੈਡੀਕਲ ਆਨਕੋਲੋਜੀ ਵਿਭਾਗ ਦੇ ਮੁਖੀ ਡਾ. ਸੀਮਾ ਗੁਲੀਆ ਨੇ ਕਿਹਾ ਕਿ ਟਰਾਂਸਪਲਾਂਟ ਲਈ ਪੂਰੀ ਯੋਜਨਾਬੰਦੀ, ਸਟੀਕ ਡੋਨਰ ਦੀ ਚੋਣ, ਇਨਫੈਕਸ਼ਨ ਤੋਂ ਬਚਾਅ ਅਤੇ ਤੀਬਰ ਸਹਾਇਕ ਦੇਖਭਾਲ ਦੀ ਲੋੜ ਹੁੰਦੀ ਹੈ। ਹਸਪਤਾਲ ਦਾ ਮੈਡੀਕਲ ਆਨਕੋਲੋਜੀ ਵਿਭਾਗ, ਜੋ ਕਿ ਇੱਕ ਸਮਰਪਿਤ ਪੀਡੀਆਟ੍ਰਿਕ ਆਨਕੋਲੋਜੀ ਯੂਨਿਟ ਨਾਲ ਲੈਸ ਹੈ, ਬਾਲਗ ਅਤੇ ਬਾਲ ਰੋਗੀਆਂ ਲਈ ਮੋਨੋਕਲੋਨਲ ਐਂਟੀਬਾਡੀਜ਼, ਕਾਇਮੈਰਿਕ ਐਂਟੀਜੇਨ ਰਿਸੇਪਟਰ ਟੀ-ਸੈੱਲ ਥੈਰੇਪੀ, ਇਮਯੂਨੋਥੈਰੇਪੀ ਅਤੇ ਟਾਰਗੀਟੀਡ ਥੈਰੇਪੀ ਵਰਗੀਆਂ ਆਧੁਨਿਕ ਇਲਾਜ ਸੁਵਿਧਾਵਾਂ ਨਾਲ ਲੈਸ ਹੈ। ਇਹ ਦੱਸਣਾ ਲਾਜ਼ਮੀ ਹੈ ਕਿ ਇੱਥੇ ਇਲਾਜ ਬਹੁਤ ਜ਼ਿਆਦਾ ਸਬਸਿਡੀ ਵਾਲਾ ਹੈ। ਹਸਪਤਾਲ ਦੇ ਡਾਇਰੈਕਟਰ, ਡਾ. ਆਸ਼ੀਸ਼ ਗੁਲੀਆ ਨੇ ਕਿਹਾ ਕਿ ਸਾਡੇ ਲਈ, ਇਹ ਸਿਰਫ਼ ਇੱਕ ਡਾਕਟਰੀ ਮੀਲ ਪੱਥਰ ਨਹੀਂ, ਸਗੋਂ ਇੱਕ ਡੂੰਘਾ ਮਨੁੱਖੀ ਪਲ ਵੀ ਹੈ। ਭਰਾ ਅਤੇ ਭੈਣ ਦੀ ਇਹ ਕਹਾਣੀ ਉਸ ਉਮੀਦ ਨੂੰ ਦਰਸਾਉਂਦੀ ਹੈ, ਜੋ ਉੱਨਤ ਕੈਂਸਰ ਦੇਖਭਾਲ ਉਨ੍ਹਾਂ ਪਰਿਵਾਰਾਂ ਨੂੰ ਦੇ ਸਕਦੀ ਹੈ, ਜੋ ਆਪਣੀ ਜ਼ਿੰਦਗੀ ਦੇ ਸਭ ਤੋਂ ਮੁਸ਼ਕਲ ਪਲਾਂ ਦਾ ਸਾਹਮਣਾ ਕਰ ਰਹੇ ਹਨ। ਅਸੀਂ ਇਹ ਯਕੀਨੀ ਬਣਾਇਆ ਕਿ ਮਰੀਜ਼ ਦੇ ਪਰਿਵਾਰ ਨੂੰ ਡਾਕਟਰੀ, ਭਾਵਨਾਤਮਕ ਅਤੇ ਵਿੱਤੀ ਤੌਰ 'ਤੇ ਸਹਾਇਤਾ ਮਿਲੇ।